ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
www.thepunjabtimes.ca
canadianpunjabtimes@gmail.com
Vol - 19 | 2 May, 2025 | ੨੦ ਵੈਸਾਖ ਨਾਨਕਸ਼ਾਹੀ ਸੰਮਤ ੫੫੭ | Ph.: 604-338-7310 | FAX : 604-572-3638 | /canadianpunjabtimes

New Location
Punjab Insurance Agency Inc.
Super Visa Insurance
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
icc.accounting@yahoo.ca
8740 - 140A St., Surrey, BC V3W 0M4

# ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਅਗਵਾਈ ਵਿੱਚ ਲਿਬਰਲਾਂ ਨੇ ਮਾਰੀ ਚੋਣਾਂ ਵਿੱਚ ਬਾਜ਼ੀ

**ਲਿਬਰਲਜ਼ ਨੇ 43.7% ਵੋਟਾਂ ਹਾਸਲ ਕੀਤੀਆਂ ਅਤੇ ਕੰਜ਼ਰਵੇਟਿਵਜ਼ ਨੇ 40.2% ਵੋਟਾਂ ਹਾਸਲ ਕੀਤੀਆਂ, ਮੁਕਾਬਲਾ ਰਿਹਾ ਸਿਰਫ਼ ਦੋ ਪ੍ਰਮੁੱਖ ਪਾਰਟੀਆਂ ਦੇ ਵਿੱਚ**

ਸਰੀ, ਇਸ ਵਾਰ ਦੀਆਂ 2025 ਦੀਆਂ ਕੈਨੇਡੀਅਨ ਫੈਡਰਲ ਚੋਣਾਂ ਨੇ ਕੈਨੇਡੀਅਨ ਸਮਾਜ ਵਿੱਚ ਵੰਡ ਅਤੇ ਅਸੰਤੁਸ਼ਟੀ ਨੂੰ ਉਜਾਗਰ ਕੀਤਾ, ਜਿਵੇਂ ਕਿ 2021 ਦੀਆਂ ਚੋਣਾਂ ਤੋਂ ਬਾਅਦ ਸਰਵੇਖਣਾਂ ਵਿੱਚ 77% ਲੋਕਾਂ ਨੇ ਕਿਹਾ ਸੀ ਕਿ ਦੇਸ਼ ਪਹਿਲਾਂ ਨਾਲੋਂ ਵਧੇਰੇ ਵੰਡਿਆ ਹੋਇਆ ਹੈ

ਕੈਨੇਡੀਅਨ ਫੈਡਰਲ ਚੋਣਾਂ 28 ਅਪ੍ਰੈਲ, 2025 ਨੂੰ ਹੋਈਆਂ, ਜਿਨ੍ਹਾਂ ਵਿੱਚ 45ਵੀਂ ਕੈਨੇਡੀਅਨ ਪਾਰਲੀਮੈਂਟ ਦੇ ਹਾਊਸ ਆਫ਼ ਕਾਮਨਜ਼ ਦੇ 343 ਮੈਂਬਰ ਚੁਣੇ ਗਏ। ਇਹ ਚੋਣਾਂ 2021 ਦੀ ਜਨਗਣਨਾ ਦੇ ਅਧਾਰ 'ਤੇ ਨਵੇਂ 343 ਸੀਟਾਂ ਵਾਲੇ ਇਲੈਕਟੋਰਲ ਨਕਸ਼ੇ ਅਨੁਸਾਰ ਹੋਈਆਂ।




ਚੋਣਾਂ ਦੇ ਮੁੱਖ ਮੁੱਦਿਆਂ ਵਿੱਚ ਜੀਵਨ ਖਰਚ, ਹਾਊਸਿੰਗ, ਅਪਰਾਧ, ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਟੈਰਿਫ਼ ਅਤੇ ਕੈਨੇਡਾ ਨੂੰ ਅਮਰੀਕਾ ਦਾ ਹਿੱਸਾ ਬਣਾਉਣ ਦੀਆਂ ਧਮਕੀਆਂ ਸ਼ਾਮਲ ਸਨ।

ਚੋਣਾਂ ਦੇ ਨਤੀਜਿਆਂ ਨੇ ਕੈਨੇਡੀਅਨ ਰਾਜਨੀਤੀ ਵਿੱਚ ਇੱਕ ਨਵਾਂ ਅਧਿਆਏ ਸ਼ੁਰੂ ਕੀਤਾ। ਇਹਨਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ ਸਨ:

**ਲਿਬਰਲ ਪਾਰਟੀ ਦੀ ਜਿੱਤ:**

ਲਿਬਰਲਜ਼ ਨੇ 43.7% ਵੋਟਾਂ ਹਾਸਲ ਕੀਤੀਆਂ ਅਤੇ 170 ਸੀਟਾਂ ਜਿੱਤੀਆਂ, ਜੋ ਬਹੁਮਤ ਤੋਂ ☛ ਬਾਕੀ ਸਫ਼ਾ 28 'ਤੇ

# ਜਗਮੀਤ ਸਿੰਘ ਨੇ ਐਨ.ਡੀ.ਪੀ. ਦੀ ਅਗਵਾਈ ਛੱਡਣ ਦਾ ਲਿਆ ਫੈਸਲਾ

## 2017 ਤੋਂ ਕਰ ਰਹੇ ਸਨ ਐਨ.ਡੀ.ਪੀ. ਦੀ ਅਗਵਾਈ

**ਵੈਨਕੂਵਰ (ਪਰਮਜੀਤ ਸਿੰਘ):** ਕੈਨੇਡਾ ਦੀ ਨਿਊ ਡੈਮੋਕ੍ਰੈਟਿਕ ਪਾਰਟੀ (ਐਨ.ਡੀ.ਪੀ.) ਦੇ ਲੀਡਰ ਜਗਮੀਤ ਸਿੰਘ ਨੇ ਚੋਣ ਨਤੀਜਿਆਂ ਤੋਂ ਬਾਅਦ ਪਾਰਟੀ ਦੀ ਅਗਵਾਈ ਛੱਡਣ ਦਾ ਐਲਾਨ ਕਰ ਦਿੱਤਾ। ਬਰਨਾਬੀ ਸੈਂਟਰਲ ਤੋਂ ਖੜੇ ਹੋਏ ਜਗਮੀਤ ਸਿੰਘ ਨੂੰ ਤੀਸਰੇ ਸਥਾਨ 'ਤੇ ਰਹਿ ਕਿ ਸਬਰ ਦਾ ਘੁੱਟ ਭਰਨਾ ਪਿਆ।


ਉਨ੍ਹਾਂ ਨੇ ਸੰਬੋਧਨ ਕਰਦੇ ਹੋਏ ਕਿਹਾ ਕਿਹੁਣ ਉਹ ਪਾਰਟੀ ਦੀ ਅਗਵਾਈ ਛੱਡ ਰਹੇ ਹਨ। "ਬਰਨਾਬੀ ਦੇ ਵੋਟਰਾਂ ਦੀ ਨੁਮਾਇੰਦਗੀ ਕਰਨਾ ਮੇਰੇ ਜੀਵਨ ਦਾ ਸਭ ਤੋਂ ਵੱਡੀ ਮਾਣ ਵਾਲੀ ਗੱਲ ਸੀ"

ਜਗਮੀਤ ਸਿੰਘ 2019 ਤੋਂ ਲੈ ਕੇ 2025 ਤੱਕ ਬਰਨਾਬੀ ਸਾਊਥ ਤੋਂ ਮੈਂਬਰ ਆਫ਼ ਪਾਰਲੀਮੈਂਟ ਰਹੇ ਹਨ ਅਤੇ 2017 ਤੋਂ ਐਨ.ਡੀ.ਪੀ. ਦੇ ਫੈਡਰਲ ਲੀਡਰ ਦੇ ਤੌਰ 'ਤੇ ਕੰਮ ਕਰ ਰਹੇ ਸਨ।

ਚੋਣ ਅੰਕੜਿਆਂ ਅਨੁਸਾਰ, ਜਦੋਂ 200 ਵਿੱਚੋਂ 197 ਪੋਲਿੰਗ ਸਟੇਸ਼ਨਾਂ ਦੀ ਗਿਣਤੀ ਹੋ ਚੁੱਕੀ ਸੀ, ਜਗਮੀਤ ਸਿੰਘ ਨੇ ਸਿਰਫ 18.1 ਫੀਸਦੀ ਵੋਟਾਂ ਨਾਲ ਤੀਜਾ ਥਾਂ ਹਾਸਲ ਕੀਤਾ।

ਇਹ ਨਤੀਜਾ ਉਹਨਾਂ ਲਈ ਨਿਰਾਸ਼ਾਜਨਕ ਸੀ ਕਿਉਂਕਿ ਉਹ ਇੱਕ ਪੱਕੀ ਸੀਟ ਸਮਝੀ ਜਾਂਦੀ ਬਰਨਾਬੀ ਤੋਂ ਚੋਣ ਲੜ ਰਹੇ ਸਨ।

ਚੋਣ ਮੁਹਿੰਮ ਦੌਰਾਨ ਜਗਮੀਤ ਸਿੰਘ ਨੂੰ ਪਾਰਟੀ ਦੀ ਘੱਟ ਰਹੀ ਲੋਕਪ੍ਰਿਯਤਾ ☛ ਬਾਕੀ ਸਫ਼ਾ 28 'ਤੇ



ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA
CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST.
(PAYAL BUSINESS CENTRE) SURREY

Satya Asha
FUSION 9
100% VEGETARIAN INDIAN RESTAURANT
Real Indian Espresso Coffee
Eat-in and Take out
We do customize Catering for all occasions
TUESDAY TO FRIDAY 10:00am to 8:30pm
SATURDAY - SUNDAY 9:00am to 8:30pm
MONDAY CLOSED
Tel: 604-597-7077, 604-596-4191
#5&6-12818-72nd, Avenue, Surrey
www.safusion9.com

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

S&S INSURANCE SERVICE
FAST SERVICE AND COMPETITIVE RATES
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW 604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC


KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, AMAN SANDHU : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey
ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

SARABHA TRUCK REPAIR SERVICES LTD.
HEAVY DUTY TRUCK PARTS
GOVERNMENT APPROVED FACILITY
AMRIT GREWAL : 604-600-5835
JAS : 604-916-5835
SUKH : 778-241-5835
19770 98 Ave, Langley, BC

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE


Sukh
DHALIWAL
FOR SURREY NEWTON
THANK YOU
SURREY NEWTON
I'M READY TO GET BACK TO WORK FOR YOU.
WWW.TEAMSUKHDHALIWAL.COM
Liberal
Authorized by the Official Agent for Sukh Dhaliwal
MARK CARNEY




ਸਾਡੇ ਵਲੰਟੀਅਰਾਂ ਦਾ ਧੰਨਵਾਦ – ਦਰਵਾਜ਼ੇ 'ਤੇ ਦਸਤਕ ਕਰਨ ਵਾਲਿਆਂ ਅਤੇ ਸਾਈਨ ਲਾਉਣ ਵਾਲਿਆਂ ਤੋਂ ਲੈ ਕੇ ਸਾਡੇ ਭਾਈਚਾਰੇ ਦੇ ਆਗੂਆਂ, ਵੋਟਰਾਂ,ਸਮੁੱਚੀ ਟੀਮ ਅਤੇ ਹੋਰ ਬਹੁਤ ਸਾਰੇ ਲੋਕਾਂ ਦਾ ਜਿਨ੍ਹਾਂ ਨੇ ਪਿਛਲੇ ਕੁਝ ਹਫ਼ਤਿਆਂ ਤੋਂ ਵੈਨਕੂਵਰ ਫਰੇਜ਼ਰਵਿਊ- ਸਾਊਥ ਬਰਨਬੀ ਵਿੱਚ ਅਣਥੱਕ ਮਿਹਨਤ ਕਰਕੇ ਕੈਨੇਡਾ ਲਈ ਸਾਡੀ ਤਾਕਤ ਅਤੇ ਏਕਤਾ ਦਾ ਸੁਨੇਹਾ ਸਾਂਝਾ ਕੀਤਾ।

ਮੈਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਲਿਬਰਲ ਟੀਮ ਨਾਲ ਓਟਾਵਾ ਵਿੱਚ ਸਾਡੇ ਸਮੁੱਚੇ ਭਾਈਚਾਰੇ ਦੀ ਆਵਾਜ਼ ਅਤੇ ਨੁਮਾਇੰਦਗੀ ਕਰਨ ਦੀ ਉਮੀਦ ਕਰਦਾ ਹਾਂ।

Thank you to our volunteers- from the door knockers to sign installers to our community leaders, voters, whole team and more who spent the past few weeks working tirelessly across Vancouver Fraserview- South Burnaby to share our message of strength and unity for Canada.

I look forward to representing our community and voice in Ottawa with Prime Minister Mark Carney and the Liberal Team.


ਬੀ.ਸੀ. ਲਈ ਅਟੁੱਟ ਸਹਿਯੋਗ।
ਆਰਥਿਕ ਖਤਰਿਆਂ ਦੇ ਜਵਾਬ ਵਿੱਚ, ਬੀ.ਸੀ. ਸਰਕਾਰ ਮਜ਼ਬੂਤ ਖੜ੍ਹੀ ਹੈ – ਮੁੱਖ ਸੇਵਾਵਾਂ ਦੀ ਸੁਰੱਖਿਆ ਕਰ ਰਹੀ ਹੈ ਅਤੇ ਬਜ਼ੁਰਗਾਂ ਅਤੇ ਪਰਿਵਾਰਾਂ ਲਈ ਵੱਧ ਰਹੇ ਖ਼ਰਚਿਆਂ ਨੂੰ ਘਟਾਉਣ ਲਈ ਕੰਮ ਕਰ ਰਹੀ ਹੈ।
ਵਧੇਰੇ ਡਾਕਟਰਾਂ ਅਤੇ ਨਰਸਾਂ ਨੂੰ ਭਰਤੀ ਕਰ ਰਹੀ ਹੈ
ਵਧੇਰੇ ਪਰਿਵਾਰਾਂ ਅਤੇ ਬਜ਼ੁਰਗਾਂ ਲਈ ਕਿਰਾਏ ਦੀ ਸਹਾਇਤਾ ਵਿੱਚ ਵਾਧਾ ਕਰ ਰਹੀ ਹੈ
ਕਿਰਾਏ ਦੇ ਵਧੇਰੇ ਘਰਾਂ ਦਾ ਨਿਰਮਾਣ ਕਰ ਰਹੀ ਹੈ
ਹਸਪਤਾਲਾਂ ਦੀ ਉੱਨਤੀ ਅਤੇ ਉਸਾਰੀ ਕਰ ਰਹੀ ਹੈ
ਵਧੇਰੇ ਪਰਿਵਾਰਾਂ ਵਾਸਤੇ ਬੱਚਿਆਂ ਦੀ ਸੰਭਾਲ ਦੇ ਖ਼ਰਚਿਆਂ ਨੂੰ ਘਟਾ ਰਹੀ ਹੈ
StrongerBC.ca 'ਤੇ ਪਤਾ ਕਰੋ ਕਿ ਅਸੀਂ ਇੱਕ ਵਧੇਰੇ ਮਜ਼ਬੂਤ ਬੀ.ਸੀ. ਦਾ ਨਿਰਮਾਣ ਕਿਵੇਂ ਕਰ ਰਹੇ ਹਾਂ
BRITISH COLUMBIA
StrongerBC


idea immigration
Super Visas
PNPs
iccrc crcic
EXPRESS ENTRY
Canada's Express Entry immigration
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ,ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
12 ਮਹੀਨੇ ਵਿੱਚ ਨੈਨੀ ਨੂੰ ਕੈਨੇਡਾ ਬੁਲਾਓ। ਵਰਕ ਪਰਮਿਟ ਤੇ ਫੈਮਲੀ ਵੀ ਨਾਲ ਆ ਸਕਦੀ ਹੈ।
ਵਿਆਹ ਸ਼ਾਦੀਆਂ ਤੇ ਰਫਿਊਜੀ ਕੇਸਾਂ 'ਚ ਅਪੀਲ
ਆਪਣੇ ਮਾਤਾ -ਪਿਤਾ ਨੂੰ ਕੈਨੇਡਾ ਵਿੱਚ ਪੱਕੇ ਕਰਵਾਉਣ ਲਈ
ਕੈਨੇਡਾ ਦੇ ਆਰਜ਼ੀ ਵੱਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
ਇੰਜੀਨੀਅਰ, ਕੰਪਿਊਟਰ ਪ੍ਰੋਗਰਾਮਰ, ਟਰੱਕ ਡਰਾਇਵਰਾਂ ਦੀ ਜ਼ਰੂਰਤ
ਕੈਨੇਡਾ ਦੇ ਇੰਮੀਗ੍ਰੇਸ਼ਨ ਮਹਿਕਮੇਂ ਵੱਲੋਂ ਅਰਜ਼ੀਆਂ ਲੈਣੀਆਂ ਸ਼ੁਰੂ
ਵਿਜ਼ਟਰ ਵੀਜ਼ੇ ਤੇ ਆਏ , ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
ਹੋਰ ਜਾਣਕਾਰੀ ਲਈ ਸੰਪਰਕ ਕਰੋ:
NAVNEET SHARMA
778-320-0620
Phone :604-597-1119 | Fax:604-593-5099
York Centre#209-7928, 128St. Surrey BC V3W 4E8
info@ideaimmigration.com | www.ideaimmigration.com


A TO Z DRIVING SCHOOL
SO EASY
ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ
AIR BRAKE CLASS
ਟਰੱਕ ਦਾ ਲਾਇਸੈਂਸ ਲੈਣ ਲਈ ਮਿਲੋ
ਕਲਾਸ ਵਨ ਦਾ ਲਾਇਸੈਂਸ ਲੈਣ ਲਈ ਅੱਜ ਹੀ ਸੰਪਰਕ ਕਰੋ
ਪੰਜਾਬੀ ਵਿੱਚ ਵੀ ਪੜ੍ਹਾਇਆ ਜਾਂਦਾ ਹੈ।
ਵਾਜਬ ਰੇਟ ਅਤੇ ਵਧੀਆ ਸਰਵਿਸ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
ਲਰਨਿੰਗ ਲਾਇਸੈਂਸ ਲੈਣ ਲਈ ਵੀ ਸੰਪਰਕ ਕਰੋ
ਲੱਕੀ ਸੇਖੋਂ 604 614 5365

# ਕੈਨੇਡਾ ਦੀ ਫੈਡਰਲ ਚੋਣ ਵਿੱਚ ਵੋਟਰਾਂ ਦੀ ਗਿਣਤੀ ਨੇ ਤੋੜਿਆ ਰਿਕਾਰਡ, 19.5 ਮਿਲੀਅਨ ਵੋਟਾਂ ਪਈਆਂ

**ਔਟਵਾ (ਪਰਮਜੀਤ ਸਿੰਘ):** ਕੈਨੇਡਾ ਦੀ 45ਵੀਆਂ ਫੈਡਰਲ ਚੋਣਾਂ, ਵਿੱਚ ਵੋਟਰਾਂ ਨੇ ਵੀ ਨਵਾਂ ਰਿਕਾਰਡ ਬਣਾਇਆ ਹੈ। ਇਲੈਕਸ਼ਨਜ਼ ਕੈਨੇਡਾ ਦੇ ਅਨੁਸਾਰ, ਲਗਭਗ 19.5 ਮਿਲੀਅਨ ਕੈਨੇਡੀਅਨ ਨਾਗਰਿਕਾਂ ਨੇ ਇਸ ਚੋਣ ਵਿੱਚ ਵੋਟ ਪਾਈ, ਜੋ ਇਤਿਹਾਸ ਵਿੱਚ ਸਭ ਤੋਂ ਵੱਧ ਹੈ। ਇਹ ਅੰਕੜਾ 68.65% ਵੋਟਰ ਟਰਨਆਊਟ ਨੂੰ ਦਰਸਾਉਂਦਾ ਹੈ, ਜੋ 1993 ਤੋਂ ਬਾਅਦ ਸਭ ਤੋਂ ਉੱਚਾ ਹੈ, ਜਦੋਂ ਟਰਨਆਊਟ 69.6% ਸੀ। 2021 ਦੀ ਚੋਣ ਵਿੱਚ 62.5% ਵੋਟਰ ਟਰਨਆਊਟ ਸੀ, ਜਿਸ ਵਿੱਚ 17,209,000 ਲੋਕਾਂ ਨੇ ਵੋਟ ਪਾਈ ਸੀ।

ਇਸ ਚੋਣ ਵਿੱਚ ਵੋਟਿੰਗ ਦੇ ਅੰਕੜੇ ਦੱਸਦੇ ਹਨ ਕਿ 11,062,539 ਲੋਕਾਂ ਨੇ ਚੋਣ ਵਾਲੇ ਦਿਨ ਆਪਣੇ ਪੋਲਿੰਗ ਸਟੇਸ਼ਨ ਜਾਂ ਲੌਂਗ-ਟਰਮ ਕੇਅਰ ਹੋਮ ਵਿੱਚ ਵੋਟ ਪਾਈ।

928,311 ਨੇ ਆਪਣੇ ਇਲੈਕਟੋਰਲ ਡਿਸਟ੍ਰਿਕਟ ਵਿੱਚ ਸਪੈਸ਼ਲ ਬੈਲਟ ਨਾਲ ਵੋਟ ਕੀਤੀ, ਜਦਕਿ 215,057 ਨੇ ਆਪਣੇ ਡਿਸਟ੍ਰਿਕਟ ਤੋਂ ਬਾਹਰ ਸਪੈਸ਼ਲ ਬੈਲਟ ਰਾਹੀਂ ਵੋਟ ਪਾਈ, ਜਿਸ ਵਿੱਚ ਫੌਜੀ ਕਰਮਚਾਰੀ, ਕੈਦੀ, ਅਤੇ ਕੈਨੇਡਾ ਵਿੱਚ ਆਪਣੇ ਡਿਸਟ੍ਰਿਕਟ ਤੋਂ ਬਾਹਰ ਰਹਿਣ ਵਾਲੇ ਸ਼ਾਮਲ ਸਨ। ਨਾਲ ਹੀ, 57,440 ਵਿਅਕਤੀਆਂ ਨੇ, ਜੋ ਕੈਨੇਡਾ ਤੋਂ ਬਾਹਰ ਰਹਿੰਦੇ ਹਨ, ਸਪੈਸ਼ਲ ਬੈਲਟ ਰਾਹੀਂ ਵੋਟਿੰਗ ਕੀਤੀ।

ਇਸ ਤੋਂ ਪਹਿਲਾਂ, ਅਪ੍ਰੈਲ 18 ਤੋਂ 21 ਦੌਰਾਨ ਐਡਵਾਂਸ ਪੋਲਿੰਗ ਵਿੱਚ ਵੀ ਰਿਕਾਰਡ-ਤੋੜ 7.3 ਮਿਲੀਅਨ ਲੋਕਾਂ ਨੇ ਵੋਟ ਪਾਈ, ਜੋ 2021 ਦੀ ਐਡਵਾਂਸ ਵੋਟਿੰਗ ਨਾਲੋਂ 25% ਵੱਧ ਸੀ। ਇਸ ਚੋਣ ਵਿੱਚ 28.5 ਮਿਲੀਅਨ ਤੋਂ ਵੱਧ ਰਜਿਸਟਰਡ ਵੋਟਰ ਸਨ, ਜਿਸ ਵਿੱਚ ਚੋਣ ਵਾਲੇ ਦਿਨ ਰਜਿਸਟਰ ਹੋਣ ਵਾਲੇ ਸ਼ਾਮਲ ਨਹੀਂ ਹਨ। ਇਸ ਵਾਰ ਦਾ ਟਰਨਆਊਟ 2015 ਦੀ 68.3% ਭਾਗੀਦਾਰੀ ਤੋਂ ਵੀ ਵੱਧ ਹੈ, ਪਰ ਇਹ 1958 ਦੇ 79.4% ਦੇ ਰਿਕਾਰਡ ਨੂੰ ਨਹੀਂ ਤੋੜ ਸਕਿਆ। ਇਨਾਂ ਚੋਣਾਂ ਵਿੱਚ 16 ਰਜਿਸਟਰਡ ਪਾਰਟੀਆਂ ਨੇ ਹਿੱਸਾ ਲਿਆ ਅਤੇ 1,959 ਉਮੀਦਵਾਰਾਂ ਨੇ ਆਪਣੀਆਂ ਨਾਮਜ਼ਦਗੀਆਂ ਦਰਜ ਕੀਤੀਆਂ।

ਇਹ ਚੋਣ 343 ਸੀਟਾਂ ਵਾਲੇ ਨਵੇਂ ਇਲੈਕਟੋਰਲ ਨਕਸ਼ੇ ਅਨੁਸਾਰ ਹੋਈ, ਜੋ 2021 ਦੀ ਜਨਗਣਨਾ 'ਤੇ ਅਧਾਰਤ ਸੀ। ਇਲੈਕਸ਼ਨਜ਼ ਕੈਨੇਡਾ ਨੇ ਕਿਹਾ ਕਿ ਅਗਲੇ ਮਹੀਨਿਆਂ ਵਿੱਚ ਅਧਿਕਾਰਤ ਨਤੀਜਿਆਂ ਦੀ ਰਿਪੋਰਟ ਜਾਰੀ ਕੀਤੀ ਜਾਵੇਗੀ, ਜਿਸ ਵਿੱਚ ਵੋਟਿੰਗ ਦੇ ਪੂਰੇ ਅੰਕੜੇ ਅਤੇ ਵਿਸਥਾਰ ਸ਼ਾਮਲ ਹੋਣਗੇ।




# ਨਵਾਂ ਕਾਨੂੰਨ ਪਾਸ ਹੋਇਆ ਤਾਂ ਇਨਫਰਾਸਟਰਕਚਰ ਪ੍ਰਾਜੈਕਟਾਂ ਦੀ ਮਨਜ਼ੂਰੀ ਹਵੇਗੀ ਤੇਜ਼

ਵਿਕਟੋਰੀਆ (ਪਰਮਜੀਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੀ ਇਨਫਰਾਸਟਰਕਚਰ ਮੰਤਰੀ ਬੋਵਿਨ ਮੇਅ ਨੇ ਐਲਾਨ ਕੀਤਾ ਹੈ ਕਿ ਇਕ ਨਵਾਂ ਕਾਨੂੰਨ, ਜੇ ਪਾਸ ਹੋ ਜਾਂਦਾ ਹੈ, ਤਾਂ ਸੂਬੇ ਵਿੱਚ ਇਨਫਰਾਸਟਰਕਚਰ ਪ੍ਰਾਜੈਕਟਾਂ ਦੀ ਮਨਜ਼ੂਰੀ ਦੀ ਪ੍ਰਕਿਰਿਆ ਨਿਕਾਰਸ਼ੀਲ ਢੰਗ ਨਾਲ ਤੇਜ਼ ਹੋ ਸਕੇਗੀ। ਉਨ੍ਹਾਂ ਨੇ ਇਹ ਗੱਲ 1 ਮਈ (ਵੀਰਵਾਰ) ਨੂੰ ਵਿਧਾਨ ਸਭਾ ਵਿੱਚ Infrastructure Projects Act ਪੇਸ਼ ਕਰਦਿਆਂ ਕਹੀ।

ਉਹ ਕਹਿੰਦੀ ਹਨ ਕਿ ਇਹ ਨਵਾਂ ਕਾਨੂੰਨ ਉਹ ਕੰਮ ਤੇਜ਼ ਕਰਨ ਦੀ ਯੋਜਨਾ ਦਾ ਹਿੱਸਾ ਹੈ ਜੋ ਪਹਿਲਾਂ ਹੀ ਚਲ ਰਹੇ ਹਨ, ਜਿਸਦਾ ਮਕਸਦ "ਮਿਆਰ ਘਟਾਉਣਾ ਨਹੀਂ, ਬਲਕਿ ਫ਼ਾਲਤੂ ਦੋਹਰਾਈ ਨੂੰ ਘਟਾਉਣਾ" ਹੈ। ਮਾ ਨੇ ਕਿਹਾ, "ਅਸੀਂ ਉਹ ਪ੍ਰਾਜੈਕਟ ਤੁਰੰਤ ਤਰਜੀਹ ਦੇ ਕੇ ਮਨਜ਼ੂਰ ਕਰ ਸਕਾਂਗੇ, ਜੋ ਸਿੱਧਾ ਲੋਕਾਂ ਦੀ ਭਲਾਈ ਅਤੇ ਸੇਵਾਵਾਂ ਨਾਲ ਜੁੜੇ ਹੋਣ।"

ਮੰਤਰੀ ਮੇਅ ਨੇ ਕਿਹਾ ਕਿ ਇਸ ਨਵੇਂ ਐਕਟ ਤਹਿਤ, ਸੂਬਾਈ ਪੱਧਰ 'ਤੇ ਮਹੱਤਵਪੂਰਨ ਮੰਨੇ ਗਏ ਪ੍ਰਾਜੈਕਟਾਂ ਲਈ ਇੱਕ ਤੁਰੰਤ ਅਤੇ ਤੀਵਰ ਪਰਵਾਨਗੀ ਪ੍ਰਕਿਰਿਆ ਤਿਆਰ ਕੀਤੀ ਜਾਵੇਗੀ, ਜੋ ਕਿ ਉੱਚੇ ਵਾਤਾਵਰਣੀ ਮਾਪਦੰਡਾਂ ਨੂੰ ਕਾਇਮ ਰੱਖਦੀ ਹੋਈ ਹੋਵੇਗੀ।

ਉਨ੍ਹਾਂ ਨੇ ਕਿਹਾ, "Enivronmental Assessment Ofifce (EAO) ਇੱਕ ਐਕਸਪ੍ਰੈਸ ਵਾਤਾਵਰਣੀ ਪਰਖ ਪ੍ਰਕਿਰਿਆ ਵਿਕਸਤ ਕਰ ਰਿਹਾ ਹੈ, ਜਿਸ ਰਾਹੀਂ ਜਿਨ੍ਹਾਂ ਪ੍ਰਾਜੈਕਟਾਂ ਨੂੰ ਸੂਬਾ ਤਰਜੀਹੀ ਮੰਨਦਾ ਹੈ, ਉਹਨਾਂ ਨੂੰ ਤੇਜ਼ੀ ਨਾਲ ਰਿਊਨਿਆ ਜਾਵੇਗਾ।"

ਬੋਵਿਨ ਮੇਅਨੇ ਅੰਕੜਿਆਂ ਦੱਸਦਿਆਂ ਕਿਹਾ ਕਿ ਜੂਨ 2023 ਤੋਂ ਜੂਨ 2024 ਤੱਕ ਬੀ.ਸੀ. ਦੀ ਅਬਾਦੀ ਵਿੱਚ 1,88,000 ਲੋਕ ਵਾਧਾ ਹੋਇਆ, ਜੋ ਕਿ ਅਸਧਾਰਣ ਗਿਣਤੀ ਹੈ।

ਉਹ ਕਹਿੰਦੇ ਹਨ, "ਹਰ 10,000 ਨਵੇਂ ਆਏ ਲੋਕਾਂ ਲਈ ਸਾਨੂੰ ਲਗਭਗ 50 ਹਸਪਤਾਲ ਬੈੱਡ ਅਤੇ 4,000 ਨਵੇਂ ਘਰਾਂ ਦੀ ਲੋੜ ਪੈਂਦੀ ਹੈ। ਅਤੇ ਸਿਰਫ਼ ਪਿਛਲੇ ਇੱਕ ਸਾਲ ਵਿਚ ਸਾਨੂੰ 188,000 ਨਵੇਂ ਨਿਵਾਸੀ ਮਿਲੇ ਹਨ।" ਇਸ ਤੇਜ਼ ਵਾਧੇ ਕਾਰਨ ਹਸਪਤਾਲਾਂ, ਸਕੂਲਾਂ, ਘਰਾਂ, ਅਤੇ ਹੋਰ ਜਨਸੇਵਾਵਾਂ ਉੱਤੇ ਵੱਡਾ ਦਬਾਅ ਪਿਆ ਹੈ, ਜਿਸ ਨੂੰ ਦੂਰ ਕਰਨ ਲਈ ਨਵੇਂ ਪ੍ਰਾਜੈਕਟ ਤੁਰੰਤ ਸ਼ੁਰੂ ਕਰਨ ਦੀ ਲੋੜ ਹੈ।

ਇਸ ਕਾਨੂੰਨ ਦੇ ਤਹਿਤ ਇਨਫਰਾਸਟਰਕਚਰ ਮੰਤਰਾਲਾ ਸਕੂਲ ਬੋਰਡਾਂ, ਸਿਹਤ ਅਥਾਰਟੀਆਂ ਅਤੇ ਉਚ-ਸਿੱਖਿਆ ਸੰਸਥਾਵਾਂ ਨਾਲ ਸਿੱਧੀ ਸਾਂਝ ਬਣਾਕੇ ਪ੍ਰਾਜੈਕਟਾਂ ਨੂੰ ਲਾਗੂ ਕਰ ਸਕੇਗਾ। ਇਸਦਾ ਮਤਲਬ ਹੈ ਕਿ ਹੁਣ ਸਕੂਲ, ਕਾਲਜ ਜਾਂ ਹਸਪਤਾਲ ਬਣਾਉਣ ਵਾਲੀ ਸੂਬਾ ਸਰਕਾਰ ਕੁਝ ਪ੍ਰਾਜੈਕਟ ਆਪਣੇ ਹੱਥ ਵਿੱਚ ਲੈ ਕੇ, ਜਲਦੀ ਨਤੀਜੇ ਦੇ ਸਕੇਗੀ।


ਇਹ ਨਵਾਂ ਕਾਨੂੰਨ ਖਾਸ ਕਰਕੇ ਹੇਠ ਲਿਖੇ ਇਨਫਰਾਸਟਰਕਚਰ ਪ੍ਰਾਜੈਕਟਾਂ ਦੀ ਮਨਜ਼ੂਰੀ ਤੇਜ਼ ਕਰੇਗਾ:

ਨਵੇਂ ਸਕੂਲ ਅਤੇ ਵਿਦਿਆਲਈ ਇਮਾਰਤਾਂ, ਹਸਪਤਾਲ ਅਤੇ ਸਿਹਤ ਸੇਵਾ ਸੰਬੰਧੀ ਢਾਂਚੇ, ਆਫੋਰਡੇਬਲ ਹਾਊਸਿੰਗ ਪ੍ਰਾਜੈਕਟ, ਆਮ ਉਪਯੋਗ ਵਾਲੀ ਆਵਾਜਾਈ ਅਤੇ ਟ੍ਰਾਂਸਪੋਰਟ, ਪਾਣੀ ਅਤੇ ਸੈਨੀਟੇਸ਼ਨ ਨਾਲ ਸਬੰਧਿਤ ਵਿਸਥਾਰ,

ਵਾਤਾਵਰਣੀ ਚਿੰਤਾਵਾਂ 'ਤੇ ਵੀ ਸਾਫ਼ ਸਟੈਂਡ, ਕਈ ਵਾਰ ਪ੍ਰਾਜੈਕਟਾਂ ਦੀ ਤੇਜ਼ੀ ਨਾਲ ਮਨਜ਼ੂਰੀ ਤੋਂ ਵਾਤਾਵਰਣੀ ਚਿੰਤਾਵਾਂ ਉੱਠਦੀਆਂ ਹਨ, ਪਰ ਮੰਤਰੀ ਮਾ ਨੇ ਇਹ ਸਾਫ਼ ਕੀਤਾ ਕਿ "ਸਾਡਾ ਉਦੇਸ਼ ਮਿਆਰ ਘਟਾਉਣਾ ਨਹੀਂ, ਸਿਰਫ਼ ਦੋਹਰਾਈ ਨੂੰ ਹਟਾਉਣਾ ਹੈ।"

ਉਨ੍ਹਾਂ ਨੇ ਇਹ ਵੀ ਕਿਹਾ ਕਿ ਨਵੇਂ ਪ੍ਰੋਸੈਸ ਰਾਹੀਂ ਪਰਵਾਨਗੀ 'ਤੇ ਲੱਗਣ ਵਾਲਾ ਸਮਾਂ ਘਟੇਗਾ, ਪਰ "ਪਾਰਦਰਸ਼ਿਤਾ ਅਤੇ ਵਾਤਾਵਰਣੀ ਇਨਸਾਫ਼" ਦੀ ਪੂਰੀ ਰੱਖਿਆ ਕੀਤੀ ਜਾਵੇਗੀ।

ਸੂਬਾ ਸਰਕਾਰ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਜਨਸੰਖਿਆ ਵਾਧੇ ਨਾਲ ਬਣ ਰਹੀਆਂ ਜ਼ਰੂਰਤਾਂ ਨੂੰ ਸਮੇਂ ਸਿਰ ਪੂਰਾ ਕੀਤਾ ਜਾਵੇ। ਜਿੱਥੇ ਲੋਕ ਘੱਟ ਸਮੇਂ ਵਿੱਚ ਇਮਾਰਤਾਂ ਦੀ ਉਮੀਦ ਕਰ ਰਹੇ ਹਨ, ਉਥੇ ਸਰਕਾਰ ਨੇ ਐਡਮਿਨਿਸਟਰੇਟਿਵ ਪ੍ਰਕਿਰਿਆ ਨੂੰ ਤੇਜ਼ ਕਰਕੇ ਲੋਕ ਭਲਾਈ ਵੱਲ ਇਕ ਵਧੀਆ ਕਦਮ ਚੁੱਕਿਆ ਹੈ।



Are you looking to Buy, Sell or Invest in Properties?

We Can Help! for a Free market evaluation of your property, contact

ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਪਲਾਟ
ਜਾਂ ਵਪਾਰਕ ਜਾਇਦਾਦ ਖਰੀਦਣ ਅਤੇ ਵੇਚਣ ਵੇਲੇ

ਇਮਾਨਦਾਰ ਸੇਵਾਵਾਂ ਲਈ ਅੱਜ ਹੀ ਮਿਲੋ।
Amarpal Singh | Call : 604.338.7310

PARALLEL
1200 W 73rd Ave Unit 828, Vancouver, BC V6P 6G5

HOUSE FOR SALE

9213 133rd Street Surrey B.C., V3V7E3




Conveniently located in the heart of Surrey, this sought-after home is near Elementary and Secondary School, making it ideal for families. It also offers easy access to King George SkyTrain Station and nearby hospitals. This charming three-level split home features a spacious kitchen with oak cabinets and a cozy eating area. Additionally, it includes a two-bedroom unauthorized basement suite, perfect for rental income or extended family. The large backyard provides ample outdoor space, Situated in a quiet cul-de-sac, this home offers both comfort and convenience

15108 83A Avenue, Surrey, BC, V3S8R9




a beautifully maintained home in Surrey's sought-after Bear Creek Green Timbers neighbourhood. Nestled on a 7,153 sq. ft. lot, this spacious home offers the perfect blend of comfort and functionality. With multiple bedrooms and bathrooms, it's ideal for growing families or those who love to entertain. Step inside to discover a bright and inviting layout featuring two cozy fireplaces, large windows, and well-appointed living spaces. The generously sized kitchen offers plenty of storage and overlooks the backyard-perfect for family gatherings. Outside, enjoy a private, landscaped yard with ample space for relax. Enjoy breathtaking views of Mount Baker and the valley from this desirable corner lot. Walking distance to both elementary and high schools. Viewings by appointment only.


# ਸਰੀ 'ਚ ਖੁੱਲ੍ਹੀ ਅੱਗ 'ਤੇ ਪਾਬੰਦੀ ਹੋਈ ਲਾਗੂ




ਸਰੀ, (ਪਰਮਜੀਤ ਸਿੰਘ): ਗਰਮੀਆਂ ਦੀ ਸ਼ੁਰੂਆਤ ਨਾਲ ਹੀ ਸਰੀ ਸ਼ਹਿਰ ਨੇ ਖੁੱਲ੍ਹੀ ਜਗ੍ਹਾ 'ਤੇ ਅੱਗ ਲਗਾਉਣ 'ਤੇ ਪੂਰੀ ਤਰ੍ਹਾਂ ਪਾਬੰਦੀ ਲਾ ਦਿੱਤੀ ਹੈ। ਇਹ ਪਾਬੰਦੀ 1 ਮਈ 2025 ਤੋਂ ਲਾਗੂ ਕੀਤੀ ਗਈ ਅਤੇ ਇਹ ਸ਼ਹਿਰ ਦੀਆਂ ਹੱਦਾਂ ਵਿੱਚ ਹਰ ਕਿਸਮ ਦੀ ਅਣਨਿਯੰਤਰਤ ਜਾਂ ਘਰਲੂ ਖੁੱਲ੍ਹੀ ਅੱਗ 'ਤੇ ਲਾਗੂ ਹੋਵੇਗੀ।

ਸਰੀ ਫਾਇਰ ਸਰਵਿਸ ਨੇ ਆਮ ਲੋਕਾਂ ਨੂੰ ਸੂਚਿਤ ਕੀਤਾ ਹੈ ਕਿ ਉੱਚ ਤਾਪਮਾਨ ਅਤੇ ਥੱਲੇ ਸੁੱਕੀਆਂ ਵਾਯੂ ਮੰਡਲੀ ਸਥਿਤੀਆਂ ਦੇ ਕਾਰਨ ਸ਼ਹਿਰ ਵਿੱਚ ਅੱਗ ਲੱਗਣ ਦੇ ਵਾਧੂ ਖ਼ਤਰੇ ਪੈਦਾ ਹੋ ਰਹੇ ਹਨ। ਇਹ ਖ਼ਤਰੇ ਨਾ ਸਿਰਫ਼ ਜਾਨ-ਮਾਲ ਲਈ ਹਨ, ਸਗੋਂ ਪ੍ਰਦੂਸ਼ਣ ਅਤੇ ਆਕਸੀਜਨ ਦੀ ਘਾਟ ਵੀ ਪੈਦਾ ਕਰ ਸਕਦੇ ਹਨ। ਇਨ੍ਹਾਂ ਕਾਰਨਾਂ ਕਰਕੇ ਹੀ ਇਹ ਐਤਿਹਾਸਿਕ ਪਾਬੰਦੀ ਲਾਈ ਗਈ ਹੈ, ਜਿਸਦਾ ਉਦੇਸ਼ ਜਨਤਾ ਦੀ ਸੁਰੱਖਿਆ ਅਤੇ ਕੁਦਰਤੀ ਵਾਤਾਵਰਣ ਦੀ ਰੱਖਿਆ ਕਰਨਾ ਹੈ।

ਅੱਗ ਬਾਲਣ ਦੀਆਂ ਕਿਸਮਾਂ ਵਿੱਚ ਬੈਕਯਾਰਡ ਵਿੱਚ ਲਗਾਈ ਜਾਂਦੀ ਅੱਗ, ਬੀਚਾਂ 'ਤੇ ਲਗਾਈ ਜਾਂਦੀ ਅੱਗ, ਬਿਨਾਂ ਪਰਮਿਟ ਵਾਲੀਆਂ ਲੱਕੜੀ ਜਾਂ ਪੱਤਿਆਂ ਦੀਆਂ ਅੱਗਾਂ, ਕਿਸੇ ਵੀ ਤਰ੍ਹਾਂ ਦੀ ਦਹਿੜੀ, ਲਾਟੀ ਜਾਂ ਖੁੱਲ੍ਹੇ ਅੱਗ ਵਾਲੇ ਸਮਾਰੋਹ

ਇਹਨਾਂ ਸਾਰੀਆਂ ਕਿਸਮਾਂ ਦੀ ਅੱਗ ਨੂੰ ਪੂਰੀ ਤਰ੍ਹਾਂ ਮਨਾ ਕੀਤਾ ਗਿਆ ਹੈ। ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਤੋਂ ਅੱਗ ਬੁਝਾਉਣ ਦੇ ਖ਼ਰਚੇ ਵੀ ਵਸੂਲ ਕੀਤੇ ਜਾ ਸਕਦੇ ਹਨ।

ਹਾਲਾਂਕਿ ਖੁੱਲ੍ਹੀ ਅੱਗ 'ਤੇ ਪਾਬੰਦੀ ਹੈ, ਪਰ ਕੁਝ ਨਿਯਮਤ ਤੇ ਸੁਰੱਖਿਅਤ ਤਰੀਕੇ ਅਜੇ ਵੀ ਮਨਜ਼ੂਰ ਹਨ। ਜਿਨ੍ਹਾਂ 'ਚ ਕੁਦਰਤੀ ਗੈਸ, ਪ੍ਰੋਪੇਨ ਜਾਂ ਚਾਰਕੋਲ ਬ੍ਰੀਕੇਟਾਂ ਦੀ ਵਰਤੋਂ, ਜਦ ਤੱਕ ਉਹ ਛਸ਼ਅ ਜਾਂ੍ਰਲਿਛ ਪ੍ਰਵਾਨਿਤ ਡਿਵਾਈਸਾਂ ਵਿੱਚ ਕੀਤੀ ਜਾਂਦੀ ਹੋਵੇ। ਘਰਲੂ ਬਾਰਬੀਕਿਊ ਉਪਕਰਣ, ਜਿਵੇਂ ਕਿ ਗੈਸ ਜਾਂ ਚਾਰਕੋਲ ਗ੍ਰਿੱਲ, ਜੋ ਨਿਜੀ ਜਾਇਦਾਦ ਉੱਤੇ ਹੀ ਵਰਤੇ ਜਾਂ। ਪਰ, ਇਹ ਵੀ ਯਾਦ ਰਹੇ ਕਿ ਜੇਕਰ ਅੱਗ ਦਾ ਖ਼ਤਰਾ "ਉੱਚ" ਜਾਂ "ਅਤਿ ਉੱਚ" ਦਰਜੇ 'ਤੇ ਚਲਾ ਜਾਂਦਾ ਹੈ, ਤਾਂ ਪਾਰਕਾਂ ਅਤੇ ਬੀਚਾਂ 'ਤੇ ਇਨ੍ਹਾਂ ਉਪਕਰਣਾਂ ਦੀ ਵਰਤੋਂ ਵੀ ਰੋਕੀ ਜਾ ਸਕਦੀ ਹੈ।

# ਕਲੋਵਰਡੇਲ ਮਾਰਕੀਟ ਡੇਜ਼ 24 ਮਈ ਤੋਂ ਵਾਪਸੀ ਲਈ ਤਿਆਰ

ਸਰੀ, (ਪਰਮਜੀਤ ਸਿੰਘ): ਪ੍ਰਸਿੱਧ ਕਲੋਵਰਡੇਲ ਮਾਰਕੀਟ ਡੇਜ਼ ਇਸ ਮਹੀਨੇ ਇੱਕ 24 ਮਈ ਤੋਂ ਸ਼ੁਰੂ ਹੋ ਰਹੇ ਹਨ। ਇਹ ਤਿਉਹਾਰ 2025 ਦੌਰਾਨ ਪੰਜ ਵਾਰ ਹੋਵੇਗਾ ਅਤੇ ਪਹਿਲੀ ਮਿਤੀ 24 ਮਈ ਲਈ ਨਿਰਧਾਰਤ ਕੀਤੀ ਗਈ ਹੈ। ਇਹ ਮੇਲਾ ਕਲੋਵਰਡੇਲ ਆਰਟਸ ਐਂਡ ਐਨਟਰਟੇਨਮੈਂਟ ਅਸੋਸੀਏਸ਼ਨ (CAEA) ਵੱਲੋਂ ਆਯੋਜਿਤ ਕੀਤਾ ਜਾਂਦਾ ਹੈ। ਮਾਰਕੀਟ ਡੇਜ਼ ਮਈ ਤੋਂ ਲੈ ਕੇ ਸਤੰਬਰ ਤੱਕ ਹਰ ਮਹੀਨੇ ਇੱਕ ਸ਼ਨੀਵਾਰ ਨੂੰ ਮਨਾਏ ਜਾਣਗੇ। CAEA ਦੀ ਪ੍ਰਧਾਨ ਪੇਜ ਹਾਰਡੀ ਨੇ ਕਿਹਾ ਕਿ 2024 ਵਿੱਚ ਸਭ ਤੋਂ ਵਧੀਆ ਪ੍ਰਦਰਸ਼ਨ ਤੋਂ ਬਾਅਦ, 2025 ਦੇ ਇਵੈਂਟਸ ਹੋਰ ਵੀ ਵੱਡੇ ਹੋਣਗੇ।

ਹਾਰਡੀ ਨੇ ਦੱਸਿਆ ਕਿ ਪਿਛਲੇ ਸਾਲ ਦੇ ਲੋਕਪ੍ਰਿਯ ਵੈਂਡਰ ਇਸ ਵਾਰ ਮੁੜ ਆ ਰਹੇ ਹਨ, ਪਰ ਕਈ ਨਵੇਂ ਕਲਾਕਾਰ ਅਤੇ ਵਪਾਰੀ ਵੀ ਪਹਿਲੀ ਵਾਰ ਆਪਣੀ ਦਸਤਕ ਦੇ ਰਹੇ ਹਨ।

ਹਾਰਡੀ ਨੇ ਕਿਹਾ ਕਿ ਇਸ ਵਾਰ ਬੇਟੀ'ਜ਼ ਗ੍ਰੀਕ ਹਨੀ ਬਾਲਜ਼, ਆਈ ਹਾਰਟ ਸੋਵਲਾਕੀ, ਲੂਚੈਂਟੇ'ਜ਼ ਓਸਟੀਰੀਆ, ਮਿਸਟਰ ਅਰਾਂਚੀਨੋ, ਰੀਲ ਮੈਕ ਐਂਡ ਚੀਜ਼, ਟੈਕੋ ਟਾਈਗਰੇ, ਜ਼ਰੇਲੀ'ਜ਼ ਸੈਂਡਵਿਚ ਸ਼ਾਪ, ਹਰੀਕੇਨ ਪੋਟਾਟੋ ਅਤੇ ਟਵਿਸਟਡ ਲੈਮਨ ਵਰਗੇ ਕਈ ਫੂਡ ਟਰੱਕ ਮੌਜੂਦ ਹੋਣਗੇ।


ਉਨ੍ਹਾਂ ਨੇ ਕਿਹਾ ਕਿ ਖਾਣ-ਪੀਣ ਦੇ ਇਨ੍ਹਾਂ ਸਾਰੇ ਸਟਾਲਾਂ ਨੂੰ 176ਵੇਂ ਸਟਰੀਟ ਦੇ ਦੋਵਾਂ ਪਾਸਿਆਂ ਤੇ 57ਵੇਂ ਐਵਿਨਿਊ ਦੇ ਆਲੇ-ਦੁਆਲੇ ਲਗਾਇਆ ਜਾਵੇਗਾ। ਵੀਗਨ ਅਤੇ ਗਲੂਟਨ-ਫ੍ਰੀ ਵੀ ਉਪਲਬਧ ਹੋਣਗੀਆਂ।


Guru Nanak's Free Kitchen

LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।


Wire Shelving



Post


Dishwasher, Door Type


Dishtable, Soiled


Range, Stock Pot, Gas


Tilting Skillet Braising Pan, Gas


Kettle Mixer, Electric


Exhaust Hood


Hand Sink, Parts & Accessories


Wall / Splash Mount Faucet


Hot Food Well Unit, Drop-In, Electric


Sandwich / Salad Preparation Refrigerator

ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170

# ਕੈਨੇਡਾ ਦੀਆਂ ਫੈਡਰਲ ਚੋਣਾਂ 2025 ਵਿੱਚ ਪੰਜਾਬੀ ਉਮੀਦਵਾਰਾਂ ਨੇ ਇਤਿਹਾਸ ਸਿਰਜਿਆ

## ਕੁਲ 22 ਪੰਜਾਬੀ ਉਮੀਦਵਾਰਾਂ ਨੇ ਜਿੱਤ ਹਾਸਲ ਕਰਕੇ ਨਵਾਂ ਰਿਕਾਰਡ ਬਣਾਇਆ

ਸਰੀ, (ਪਰਮਜੀਤ ਸਿੰਘ): ਕੈਨੇਡਾ ਦੀਆਂ 2025 ਦੀਆਂ ਫੈਡਰਲ ਚੋਣਾਂ ਵਿੱਚ ਪੰਜਾਬੀ ਮੂਲ ਦੇ 22 ਉਮੀਦਵਾਰਾਂ ਨੇ ਜਿੱਤ ਹਾਸਲ ਕਰਕੇ ਨਵਾਂ ਰਿਕਾਰਡ ਬਣਾਇਆ ਹੈ। ਇਹ ਚੋਣਾਂ 28 ਅਪ੍ਰੈਲ ਨੂੰ ਹੋਈਆਂ, ਜਿਸ ਵਿੱਚ ਮਾਰਕ ਕਾਰਨੀ ਦੀ ਲਿਬਰਲ ਪਾਰਟੀ ਨੇ 169 ਸੀਟਾਂ ਜਿੱਤ ਕੇ ਸਰਕਾਰ ਬਣਾਈ, ਪਰ ਬਹੁਮਤ ਤੋਂ ਤਿੰਨ ਸੀਟਾਂ ਘੱਟ ਰਹਿ ਗਈਆਂ। ਇਸ ਚੋਣ ਵਿੱਚ 343 ਸੀਟਾਂ ਲਈ ਵੋਟਿੰਗ ਹੋਈ, ਜਿਸ ਵਿੱਚ ਪੰਜਾਬੀ ਉਮੀਦਵਾਰਾਂ ਨੇ ਵੱਖ-ਵੱਖ ਸੂਬਿਆਂ ਜਿਵੇਂ ਓਂਟਾਰੀਓ, ਬ੍ਰਿਟਿਸ਼ ਕੋਲੰਬੀਆ, ਅਤੇ ਅਲਬਰਟਾ ਵਿੱਚ ਜਿੱਤ ਦਰਜ ਕੀਤੀ। ਇਹ ਪੰਜਾਬੀ ਭਾਈਚਾਰੇ ਦੀ ਸਿਆਸੀ ਤਾਕਤ ਅਤੇ ਪ੍ਰਭਾਵ ਨੂੰ ਦਰਸਾਉਂਦਾ ਹੈ।

ਜਿੱਤੇ ਹੋਏ 22 ਉਮੀਦਵਾਰਾਂ ਵਿੱਚੋਂ 12 ਲਿਬਰਲ ਪਾਰਟੀ ਅਤੇ 10 ਕੰਜ਼ਰਵੇਟਿਵ ਪਾਰਟੀ ਨਾਲ ਸਬੰਧਤ ਹਨ। ਲਿਬਰਲ ਪਾਰਟੀ ਦੇ ਪ੍ਰਮੁੱਖ ਜੇਤੂਆਂ ਵਿੱਚ ਸੁਖ ਧਾਲੀਵਾਲ (ਸਰੀ ਨਿਊਟਨ), ਰਣਦੀਪ ਸਰਾਏ (ਸਰੀ ਸੈਂਟਰ) ਅਤੇ ਬਰਦੀਸ਼ ਚੱਗਰ (ਵਾਟਰਲੂ) ਸ਼ਾਮਲ ਹਨ। ਸੁਖ ਧਾਲੀਵਾਲ ਨੇ ਛੇਵੀਂ ਵਾਰ ਜਿੱਤ ਹਾਸਲ ਕੀਤੀ, ਜੋ ਪੰਜਾਬ ਦੇ ਸੁਜਾਪੁਰ ਪਿੰਡ ਵਿੱਚ ਖੁਸ਼ੀਆਂ ਦਾ ਮਾਹੌਲ ਬਣਿਆ। ਉਨ੍ਹਾਂ ਨੇ 49.4% ਵੋਟਾਂ ਨਾਲ ਕੰਜ਼ਰਵੇਟਿਵ ਉਮੀਦਵਾਰ ਹਰਜੀਤ ਸਿੰਘ ਗਿੱਲ ਨੂੰ ਹਰਾਇਆ। ਰਣਦੀਪ ਸਰਾਏ ਨੇ ਵੀ ਆਪਣੀ ਸੀਟ ਬਰਕਰਾਰ ਰੱਖੀ, ਜੋ 2015 ਤੋਂ ਸਰੀ ਸੈਂਟਰ ਦੀ ਨੁਮਾਇੰਦਗੀ ਕਰ ਰਹੇ ਹਨ।

ਕੰਜ਼ਰਵੇਟਿਵ ਪਾਰਟੀ ਦੇ ਜੇਤੂਆਂ ਵਿੱਚ ਜਸਰਾਜ ਹੱਲਣ (ਕੈਲਗਰੀ ਈਸਟ), ਅਮਨਪ੍ਰੀਤ ਗਿੱਲ (ਕੈਲਗਰੀ ਸਕਾਈਵਿਊ), ਅਤੇ ਸੁਖਮਨ ਗਿੱਲ (ਐਬਟਸਫੋਰਡ ਸਾਊਥ ਲੈਂਗਲੀ) ਨੇ ਅਹਿਮ ਜਿੱਤਾਂ ਦਰਜ ਕੀਤੀਆਂ। ਸੁਖਮਨ ਗਿੱਲ ਨੂੰ ਸਭ ਤੋਂ ਛੋਟੀ ਉਮਰ ਦਾ ਨਵਾਂ ਐਮ.ਪੀ. ਮੰਨਿਆ ਜਾ ਰਿਹਾ ਹੈ, ਜਿਸ ਨੇ 43.1% ਵੋਟਾਂ ਨਾਲ ਲਿਬਰਲ ਉਮੀਦਵਾਰ ਨੂੰ ਹਰਾਇਆ। ਇਸ ਤੋਂ ਇਲਾਵਾ, ਅਮਰਜੀਤ ਗਿੱਲ ਨੇ ਬ੍ਰੈਂਪਟਨ ਵੈਸਟ ਵਿੱਚ ਲਿਬਰਲ ਮੰਤਰੀ ਕਮਲ ਖਹਿਰਾ ਨੂੰ ਹਰਾ ਕੇ ਸੀਟ ਜਿੱਤੀ।

ਇਸ ਚੋਣ ਵਿੱਚ ਕੁਝ ਪੰਜਾਬੀ ਉਮੀਦਵਾਰਾਂ ਨੂੰ ਹਾਰ ਦਾ ਸਾਹਮਣਾ ਵੀ ਕਰਨਾ ਪਿਆ। ਐਨਡੀਪੀ ਆਗੂ ਜਗਮੀਤ ਸਿੰਘ ਬਰਨਬੀ ਸੈਂਟਰਲ ਤੋਂ ਹਾਰ ਗਏ ਅਤੇ ਉਨ੍ਹਾਂ ਨੇ ਪਾਰਟੀ ਦੀ ਲੀਡਰਸ਼ਿਪ ਤੋਂ ਅਸਤੀਫਾ ਦੇ ਦਿੱਤਾ। ਉਨ੍ਹਾਂ ਨੂੰ ਸਿਰਫ 27.3% ਵੋਟਾਂ ਮਿਲੀਆਂ, ਅਤੇ ਉਹ ਲਿਬਰਲ ਉਮੀਦਵਾਰ ਤੋਂ ਹਾਰ ਗਏ। ਇਸ ਤੋਂ ਇਲਾਵਾ, ਅਮਰਜੀਤ ਸੋਹੀ ਐਡਮੰਟਨ ਸਾਊਥਈਸਟ ਤੋਂ ਕੰਜ਼ਰਵੇਟਿਵ ਉਮੀਦਵਾਰ ਜਗਸ਼ਰਨ ਸਿੰਘ ਮਹਿਲ ਤੋਂ ਹਾਰ ਗਏ।

ਇਹ ਜਿੱਤਾਂ ਪੰਜਾਬੀ ਭਾਈਚਾਰੇ ਦੀ ਕੈਨੇਡੀਅਨ ਸਿਆਸਤ ਵਿੱਚ ਵਧਦੀ ਭਾਗੀਦਾਰੀ ਨੂੰ ਦਰਸਾਉਂਦੀਆਂ ਹਨ। 2019 ਵਿੱਚ 20 ਅਤੇ 2021 ਵਿੱਚ 17 ਪੰਜਾਬੀ ਉਮੀਦਵਾਰ ਜਿੱਤੇ ਸਨ, ਅਤੇ 2025 ਵਿੱਚ ਇਹ ਗਿਣਤੀ 22 ਤੱਕ ਪਹੁੰਚ ਗਈ। ਐਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਪੰਜਾਬੀਆਂ ਦੀ ਮਿਹਨਤ ਅਤੇ ਸਮਰਪਣ ਦਾ ਨਤੀਜਾ ਹੈ।

ਇਸ ਚੋਣ ਵਿੱਚ ਵੋਟਰ ਟਰਨਆਊਟ 68.48% ਰਿਹਾ, ਜੋ 1993 ਤੋਂ ਬਾਅਦ ਸਭ ਤੋਂ ਵੱਧ ਹੈ। ਚੋਣ ਦੇ ਨਤੀਜਿਆਂ ਨੇ ਇਹ ਵੀ ਦਿਖਾਇਆ ਕਿ ਡੋਨਾਲਡ ਟਰੰਪ ਦੀਆਂ ਨੀਤੀਆਂ ਅਤੇ ਟੈਰਿਫ ਦੀਆਂ ਧਮਕੀਆਂ ਨੇ ਕੈਨੇਡੀਅਨ ਵੋਟਰਾਂ ਨੂੰ ਪ੍ਰਭਾਵਿਤ ਕੀਤਾ। ਮਾਰਕ ਕਾਰਨੀ ਨੇ ਇਸ ਮੁੱਦੇ ਨੂੰ ਅਹਿਮ ਰੂਪ ਵਿੱਚ ਚੁੱਕਿਆ ਅਤੇ ਅਮਰੀਕਾ ਨਾਲ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਦਾ ਵਾਅਦਾ ਕੀਤਾ।

ਪੰਜਾਬੀ ਉਮੀਦਵਾਰਾਂ ਦੀ ਇਸ ਸਫਲਤਾ ਨੇ ਨਾ ਸਿਰਫ਼ ਕੈਨੇਡਾ ਵਿੱਚ, ਸਗੋਂ ਪੰਜਾਬ ਵਿੱਚ ਵੀ ਖੁਸ਼ੀ ਦੀ ਲਹਿਰ ਪੈਦਾ ਕੀਤੀ ਹੈ। ਇਹ ਦਰਸਾਉਂਦਾ ਹੈ ਕਿ ਪੰਜਾਬੀ ਭਾਈਚਾਰਾ ਕੈਨੇਡੀਅਨ ਸਮਾਜ ਦਾ ਅਹਿਮ ਹਿੱਸਾ ਬਣ ਚੁੱਕਾ ਹੈ ਅਤੇ ਸਿਆਸੀ ਖੇਤਰ ਵਿੱਚ ਆਪਣਾ ਪ੍ਰਭਾਵ ਵਧਾ ਰਿਹਾ ਹੈ। ਵਧੇਰੇ ਜਾਣਕਾਰੀ ਲਈ elecitons.ca 'ਤੇ ਜਾਓ।


ਸੁਖ ਧਾਲੀਵਾਲ
ਸਰੀ ਨਿਊਟਨ


ਰਣਦੀਪ ਸਰਾਏ
ਸਰੀ ਸੈਂਟਰ


ਪਰਾਮ ਬੈਂਸ
ਰਿਚਮੰਡ ਈਸਟ ਸਟੀਵਸਟਨ


ਬਰਦੀਸ਼ ਚੱਗਰ
ਵਾਟਰਲੂ


ਇਕਵਿੰਦਰ ਸਿੰਘ ਗਹੀਰ
ਮਿਸੀਸਾਗਾ ਮਾਲਟਨ


ਰੂਬੀ ਸਹੋਤਾ
ਬ੍ਰੈਂਪਟਨ ਨਾਰਥ


ਗੁਰਬਖਸ ਸੈਣੀ
ਫਲੀਟਵੁੱਡ ਪੋਰਟ ਕੈਲਜ਼


ਅਨੀਤਾ ਆਨੰਦ
ਓਕਵਿਲ ਈਸਟ


ਮਨਿੰਦਰ ਸਿੱਧੂ
ਬ੍ਰੈਂਪਟਨ ਈਸਟ


ਅਮਨਦੀਪ ਸੋਢੀ
ਬ੍ਰੈਂਪਟਨ ਸੈਂਟਰ


ਅੰਜੂ ਢਿੱਲੋਂ
ਡੋਰਵਲ ਲਾਚੀਨ-ਲਾ ਸੈਲ


ਜੈਸੀਕਾ ਫੈਂਸੀ
ਸਾਊਥ ਸ਼ੋਰ-ਸੇਂਟ ਮਾਰਗਰੇਟਸ


ਜਸਰਾਜ ਹੱਲਨ
ਕੈਲਗਰੀ ਈਸਟ


ਦਲਵਿੰਦਰ ਗਿੱਲ
ਕੈਲਗਰੀ ਮੈਕਨਾਈਟ


ਅਮਨਪ੍ਰੀਤ ਗਿੱਲ
ਕੈਲਗਰੀ ਸਕਾਈਵਿਊ


ਅਰਪਨ ਖੰਨਾ
ਆਕਸਫੋਰਡ


ਟਿਮ ਉਪਪਾਲ
ਐਡਮੰਟਨ ਗੇਟਵੇ


ਪਰਮ ਗਿੱਲ
ਮਿਲਟਨ ਈਸਟ


ਸੁਖਮਨ ਗਿੱਲ
ਐਬਟਸਫੋਰਡ ਸਾਊਥ ਲੈਂਗਲੀ


ਜਗਸ਼ਰਨ ਸਿੰਘ ਮਹਿਲ
ਐਡਮੰਟਨ ਸਾਊਥਈਸਟ


ਹਰਬ ਗਿੱਲ
ਵਿੰਡਸਰ ਵੈਸਟ


ਅਮਰਜੀਤ ਗਿੱਲ
ਬ੍ਰੈਂਪਟਨ ਵੈਸਟ

FAST COMPUTER REPAIR
New Web Designing & Hosting Services

Onsite Service Available
Computer Repair & Upgrade
Spyware & Virus Removal
Same Day Service

Your Personal Tech, A Phone Call Away...
HARMEET SINGH
www.fastcomputerrepair.ca E-mail : harmeet@fastcomputerrepair.ca
778-928-4444

GURTAJ SAMRA
PERSONAL REAL ESTATE CORPORATION

ਕੀ ਤੁਸੀਂ ਨਵਾਂ ਘਰ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
ਨਵਾਂ ਘਰ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
RESIDENTIAL, COMMERCIAL SALES & LEASING
GURTAJ SAMRA
ASSOCIATE
778-869-0607
778-564-3300
gurtaj@mainlandcommercial.com | www.maillandcommercial.com
105 - 7928 128nd Street Surrey, BC V3W 4E8

ਕੈਨੇਡੀਅਨ
# ਪੰਜਾਬ ਟਾਈਮਜ਼
Canadian Punjab Times

Funded by the Government of Canada | Financé par le gouvernement du Canada | Canada

• **Brar Bhagta Bhai Ka**
604-751-1113

• **Karamjit Singh Buttar**
Journalist

• **Simranjit Singh**
Journalist

• **Dr. Puran Singh**
Writer

• **Gora Sandhu Khurd**
News Reporter (Punjab)

• **Paramjit Singh**
Graphic Designer

Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**

**(Punjabi Newspaper)**

Website :
**www.thepunjabtimes.ca**

E-mail :
**canadianpunjabtimes@gmail.com**

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

**ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ਼ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।**

# ਕੈਨੇਡਾ ਦੀ ਖੇਤੀਬਾੜੀ 'ਤੇ ਨਜ਼ਰ ਮਾਰਦਿਆਂ...

**ਲੇਖਕ : ਡਾ. ਨਿਰਮਲ ਸਿੰਘ ਹਰੀ**

ਕੈਨੇਡਾ ਦੀ ਗੱਲ ਕਰਦਿਆਂ ਟੋਰਾਂਟੋ, ਵੈਨਕੂਵਰ ਵਰਗੇ ਮਹਾਂਨਗਰਾਂ ਦੀਆਂ ਉੱਚੀਆਂ-ਉੱਚੀਆਂ ਇਮਾਰਤਾਂ ਨਜ਼ਰ ਆਉਂਦੀਆਂ ਨੇ ਜਾਂ ਫਿਰ ਬਰਫ਼ ਦੀ ਚਿੱਟੀ ਚਿੱਟੀ ਚਾਦਰ, ਪਰ ਇਹਨਾਂ ਵੱਡੇ ਮਹਾਂਨਗਰਾਂ ਦਰਮਿਆਨ ਕੈਨੇਡਾ ਦੀ ਵਿਸ਼ਾਲ ਧਰਤੀ ਪਈ ਹੈ ਅਤੇ ਇਸਦੇ ਕੁਝ ਹਿੱਸਿਆਂ 'ਤੇ ਖੇਤੀ ਵੀ ਹੁੰਦੀ ਹੈ। ਕੱਚੇ ਰਾਹਾਂ, ਵੱਡੇ-ਵੱਡੇ ਖੇਤਾਂ ਵਾਲਾ ਕੈਨੇਡਾ ਘੱਟ ਹੀ ਉਜਾਗਰ ਹੋਇਆ ਹੈ।


ਚਲੋ ਖੇਤੀਬਾੜੀ ਦੀ ਇਹ ਕਹਾਣੀ ਇਤਿਹਾਸ ਦੇ ਪੰਨਿਆਂ ਵਿੱਚੋਂ ਸ਼ੁਰੂ ਕਰਦੇ ਹਾਂ। ਕਨੇਡਾ ਦੀ ਖੇਤੀਬਾੜੀ ਦਾ ਇਤਿਹਾਸ 200 ਕੁ ਸਾਲ ਪੁਰਾਣਾ ਹੈ। ਇਸ ਤੋਂ ਪਹਿਲਾਂ ਇੱਥੋਂ ਦੇ ਮੂਲ ਨਿਵਾਸੀ ਬਹੁਤ ਛੋਟੇ ਪੱਧਰ 'ਤੇ ਕੁਝ ਫਸਲਾਂ ਉਗਾਉਂਦੇ ਸਨ। ਪਰ ਬਾਅਦ ਵਿੱਚ ਯੂਰਪੀਅਨ ਲੋਕਾਂ ਦੇ ਆਉਣ ਨਾਲ ਬੇਅਬਾਦ ਧਰਤੀ ਖੇਤੀਯੋਗ ਬਣਾਈ ਜਾਣ ਲੱਗੀ। ਕਨੇਡਾ ਬਣਨ ਤੋਂ ਬਾਅਦ 1872 ਵਿੱਚ ਇੱਕ ਕਾਨੂੰਨ ਬਣਾਇਆ ਗਿਆ, ਜਿਸ ਤਹਿਤ ਬਾਹਰੋਂ ਲੋਕ ਆ ਕੇ ਜ਼ਮੀਨ ਅਬਾਦ ਕਰ ਸਕਦੇ ਸਨ।

ਬੱਸ ਫਿਰ ਕੀ ਸੀ, ਯੂਰਪ ਦੇ ਕਈ ਦੇਸ਼ਾਂ (ਸਕਾਟਲੈਂਡ, ਯੂਕਰੇਨ, ਆਈਸਲੈਂਡ, ਰੂਸ, ਪੋਲੈਂਡ, ਜਰਮਨੀ, ਫਰਾਂਸ ਖਾਸ ਤੌਰ 'ਤੇ) ਦੇ ਵਾਹੀਵਾਨਾਂ ਨੇ ਮੂੰਹ ਕਨੇਡਾ ਵੱਲ ਕਰ ਲਿਆ। ਸਮੁੰਦਰੀ ਜਹਾਜ਼ਾਂ ਅਤੇ ਫਿਰ ਰੇਲ ਗੱਡੀਆਂ ਰਾਹੀਂ ਇਹ ਲੋਕ ਦੱਖਣੀ ਓਂਟਾਰੀਓ ਅਤੇ ਪ੍ਰੇਰੀਜ਼ ਦੇ ਮੈਦਾਨਾਂ (ਮੈਨੀਟੋਬਾ, ਸਸਕੈਚਵਨ ਅਤੇ ਅਲਬਰਟਾ ਸੂਬੇ) ਵਿੱਚ ਪਹੁੰਚ ਗਏ। ਰੇਲਵੇ ਸਟੇਸ਼ਨਾਂ ਦੇ ਬਾਹਰ ਤੰਬੂਆਂ ਵਿੱਚ ਆਉਣ ਵਾਲਿਆਂ ਦੀ ਇੰਮੀਗ੍ਰੇਸ਼ਨ ਹੁੰਦੀ ਤੇ ਫਿਰ ਉਹਨਾਂ ਨੂੰ ਜ਼ਮੀਨ ਅਲਾਟ ਹੋ ਜਾਂਦੀ। ਇਹ ਗੱਲ 1896 ਤੋਂ 1914 ਦਰਮਿਆਨ ਦੀ ਹੈ। ਯੂਰਪ ਵਿੱਚ ਕੰਪਨੀਆਂ ਨੇ ਇਸ਼ਤਿਹਾਰ ਦਿੱਤੇ ਕਿ ਕਨੇਡਾ ਵਿੱਚ ਬੇਅੰਤ ਬੇਅਬਾਦ ਧਰਤੀ ਪਈ ਹੈ ਤੇ ਕੋਈ ਵੀ ਦਸ ਡਾਲਰ ਵਿੱਚ 160 ਏਕੜ ਪੈਲੀ ਲੈ ਕੇ ਉਸ ਨੂੰ ਅਬਾਦ ਕਰ ਸਕਦਾ ਹੈ। ਇਹਨਾਂ ਇਸ਼ਤਿਹਾਰਾਂ ਦਾ ਇਹ ਅਸਰ ਹੋਇਆ ਕਿ ਸਿਰਫ 18 ਸਾਲਾਂ ਦੌਰਾਨ ਕਨੇਡਾ ਵਿੱਚ 20 ਲੱਖ ਤੋਂ ਵੱਧ ਗੋਰੇ ਆਪਣੀ ਕਿਸਮਤ ਅਜ਼ਮਾਉਣ ਆ ਗਏ। ਇਹ ਇਸ਼ਤਿਹਾਰ ਸਿਰਫ਼ ਯੂਰਪ ਵਿੱਚ ਹੀ ਵੰਡੇ ਗਏ ਸਨ। ਨਸਲਵਾਦ ਤਹਿਤ ਗ਼ੈਰ-ਗੋਰੇ ਲੋਕਾਂ ਨੂੰ ਉਸ ਸਮੇਂ ਕਨੇਡਾ ਵਿੱਚ ਵੜਨ ਤੋਂ ਰੋਕਿਆ ਜਾਂਦਾ ਸੀ। ਸੰਨ 1914 ਵਿੱਚ ਕਾਮਾਗਾਟਾਮਾਰੂ ਜਹਾਜ਼ ਨੂੰ ਮੋੜਨਾ ਇਸੇ ਨੀਤੀ ਦਾ ਹਿੱਸਾ ਸੀ।

ਖੈਰ! ਇਹਨਾਂ ਯੂਰਪੀਅਨ ਮੁਲਕਾਂ ਵਿੱਚੋਂ ਜ਼ਿਮੀਦਾਰਾਂ ਨੂੰ ਕਨੇਡਾ ਵਿੱਚ ਵਸਾਉਣ ਪਿੱਛੇ ਇੱਕ ਤਰਕ ਵੀ ਸੀ। ਇਹ ਠੰਢੇ ਮੁਲਕ ਸਨ ਅਤੇ ਇੱਥੇ ਵੀ ਕਨੇਡਾ ਵਾਂਗ ਸਿਆਲ ਰੁੱਤੇ ਬਰਫ਼ ਪੈਂਦੀ ਸੀ। 1900ਵੇਂ ਦੇ ਸ਼ੁਰੂਆਤ ਵਿੱਚ ਕਨੇਡਾ ਦੀ ਬੇਅਬਾਦ ਧਰਤੀ ਨੂੰ ਵਾਹੀਯੋਗ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਚਾਰ-ਪੰਜ ਮਹੀਨੇ ਮੌਸਮ ਚੰਗਾ ਤੇ ਬਾਕੀ ਸਾਰਾ ਸਾਲ ਠੰਢ ਵਾਲਾ ਮੌਸਮ। ਦਰਖਤਾਂ, ਬੂਟੀਆਂ, ਸਰਕੰਡਿਆਂ ਦੇ ਬੀਆਬਾਨ ਨੂੰ ਖੇਤੀਯੋਗ ਬਣਾਉਣਾ ਮੁਸ਼ਕਿਲ ਕੰਮ ਸੀ। ਜਿਵੇਂ ਆਪਣੇ ਬਲਦਾਂ, ਊਠਾਂ ਨਾਲ ਖੇਤੀ ਹੁੰਦੀ ਸੀ, ਇਹ ਨਵੇਂ-ਨਵੇਂ ਕਨੇਡੀਅਨ ਵਾਹੀਵਾਨ ਘੋੜਿਆਂ ਪਿੱਛੇ ਹੱਲ ਪਾ ਕੇ ਆਪਣੀ ਕਿਸਮਤ ਲਿਖਣ ਦੀ ਕੋਸ਼ਿਸ਼ ਕਰ ਰਹੇ ਸਨ। ਬਿਜਲੀ ਅਤੇ ਖੇਤੀ ਮਸ਼ੀਨਰੀ ਤੋਂ ਬਿਨਾਂ ਇਹ ਵੱਡਾ ਕੰਮ ਸੀ। 160 ਏਕੜ ਦੇ ਮੁਰੱਬੇ ਵਿੱਚ ਇੱਕ ਨੁੱਕਰ ਵਿੱਚ ਛੋਟਾ ਮੋਟਾ ਘਰ ਬਣਾਉਣ ਤੋਂ ਬਾਅਦ ਇਹ ਲੋਕ ਜ਼ਮੀਨ ਸਾਫ ਕਰਨ ਦੇ ਕੰਮ ਵਿੱਚ ਵਿਅਸਤ ਹੋ ਜਾਂਦੇ।

ਖੈਰ! ਇਸ ਸਮੇਂ ਕਨੇਡਾ ਸਰਕਾਰ ਨੇ ਇੱਕ ਵਧੀਆ ਕੰਮ ਕੀਤਾ। ਇਹਨਾਂ ਨਵੇਂ ਆ ਰਹੇ ਲੋਕਾਂ ਨੂੰ ਵਸਾਉਣ ਵਾਸਤੇ ਪ੍ਰੇਰੀਜ਼ ਦੇ ਮੈਦਾਨਾਂ ਦੀ ਖੇਤੀਯੋਗ ਜ਼ਮੀਨ ਨੂੰ ਮੀਲ ਲੰਮੇ ਤੇ ਮੀਲ ਚੌੜੇ ਵਰਗਾਕਾਰ ਮੁਰੱਬਿਆਂ ਵਿੱਚ ਵੰਡ ਦਿੱਤਾ। ਇੱਕ ਮੀਲ ਦੇ ਮੁਰੱਬੇ ਵਿੱਚ 640 ਏਕੜ ਜ਼ਮੀਨ ਹੁੰਦੀ ਹੈ। ਇਹਨਾਂ ਮੁਰੱਬਿਆਂ ਦੇ ਚਾਰੇ ਬੰਨੇ ਜੰਗਲ-ਬੀਆਬਾਨ ਸਾਫ਼ ਕਰਕੇ ਕੱਚੀਆਂ ਪਹੀਆਂ ਬਣਾ ਦਿੱਤੀਆਂ ਗਈਆਂ। ਇਹਨਾਂ ਰਸਤਿਆਂ ਨਾਲ ਨਵੇਂ ਵਾਹੀਵਾਨ ਦੇਸ਼ ਦੇ ਦੂਰ ਦੁਰਾਡੇ ਇਲਾਕਿਆਂ ਤਕ ਪਹੁੰਚ ਗਏ। ਐਨੀ ਵੱਡੀ ਧਰਤੀ ਨੂੰ ਮੀਲ ਮੀਲ ਦੇ ਵਰਗਾਕਾਰ ਟੁਕੜਿਆਂ ਵਿੱਚ ਕੱਟਣਾ ਤੇ ਆਸੇ ਪਾਸੇ ਰਾਹ ਉਸਾਰਨੇ ਕੋਈ ਸੁਖਾਲਾ ਕੰਮ ਨਹੀਂ ਸੀ ਅਤੇ ਇਸ ਕੰਮ ਨੂੰ ਸੰਪੂਰਨ ਹੋਣ ਵਿੱਚ ਲਗਭਗ 50 ਸਾਲ ਲੱਗੇ। ਲਗਭਗ 14 ਪੰਜਾਬਾਂ ਜਿੰਨੀ ਜ਼ਮੀਨ ਦੀ ਮੁਰੱਬਾਬੰਦੀ ਹੋਈ।

ਸੰਨ 1920 ਦੇ ਆਸ-ਪਾਸ ਖੇਤਾਂ ਵਿੱਚ ਘੋੜਿਆਂ ਦੀ ਜਗ੍ਹਾ ਲੋਹੇ ਦੇ ਟਾਇਰਾਂ ਵਾਲੇ ਟਰੈਕਟਰ ਆ ਗਏ। ਬੱਸ ਫਿਰ ਕੀ ਸੀ, ਖੇਤੀਬਾੜੀ ਵਿੱਚ ਕ੍ਰਾਂਤੀ ਆ ਗਈ ਤੇ ਬੇਅਬਾਦ ਜ਼ਮੀਨ ਨੂੰ ਖੇਤੀਯੋਗ ਵਿੱਚ ਬਦਲਣ ਲਈ ਮੁਸ਼ੱਕਤ ਘਟ ਗਈ।




ਅੱਜ ਕਨੇਡਾ ਦੇ ਵਾਹੀਵਾਨਾਂ ਦੀ ਚੌਥੀ-ਪੰਜਵੀਂ ਪੀੜ੍ਹੀ ਵੱਡੇ-ਵੱਡੇ ਟਰੈਕਟਰਾਂ 'ਤੇ ਸਵਾਰ ਖੇਤੀ ਕਰ ਰਹੀ ਹੈ। ਕਨੇਡਾ ਦੀ ਸਾਰੀ ਧਰਤੀ ਵਿੱਚੋਂ ਸਿਰਫ਼ 6.2 ਪ੍ਰਤੀਸ਼ਤ ਇਲਾਕਾ ਹੀ ਵਾਹੀਯੋਗ ਹੈ ਅਤੇ ਉੱਤਰ ਦਾ ਵਧੇਰੇ ਇਲਾਕਾ ਜੰਗਲਾਂ ਅਤੇ ਠੰਢ ਵਾਲੇ ਖੇਤਰਾਂ ਦਾ ਹੈ, ਜਿੱਥੇ ਖੇਤੀ ਨਹੀਂ ਕੀਤੀ ਜਾ ਸਕਦੀ। ਸਾਰੇ ਦੇਸ਼ ਵਿੱਚ ਲਗਭਗ 1 ਲੱਖ 90 ਹਜ਼ਾਰ ਫਾਰਮ ਹਨ ਅਤੇ ਇਹਨਾਂ ਵਿੱਚੋਂ ਬਹੁਤੇ ਫਾਰਮ ਪ੍ਰੇਰੀਜ਼ ਦੇ ਮੈਦਾਨਾਂ, ਕਿਊਬਕ ਅਤੇ ਓਂਟਾਰੀਓ ਸੂਬਿਆਂ ਵਿੱਚ ਹਨ।

ਕਨੇਡਾ ਦੀ ਖੇਤੀ 10-20 ਏਕੜਾਂ ਵਾਲੇ ਫਾਰਮਾਂ ਦੀ ਖੇਤੀ ਨਹੀਂ ਹੈ, ਸਗੋਂ ਵੱਡੇ ਵੱਡੇ ਫਾਰਮਾਂ ਵਾਲੀ ਖੇਤੀ ਹੈ। ਦੇਸ਼ ਵਿੱਚ ਔਸਤਨ ਫਾਰਮ 800 ਏਕੜਾਂ ਦਾ ਹੈ। ਥੋੜ੍ਹੇ ਏਕੜਾਂ ਵਾਲੀ ਖੇਤੀ ਵਾਰਾ ਹੀ ਨਹੀਂ ਖਾਂਦੀ। ਵਿਸ਼ਾਲ ਫਾਰਮ 'ਤੇ ਖੇਤੀ ਸੰਦ ਵੀ ਉਸੇ ਹਿਸਾਬ ਨਾਲ ਵੱਡੇ ਵੱਡੇ ਹਨ।

ਮੋਟੇ ਰੂਪ ਵਿੱਚ ਕਨੇਡਾ ਦੀ ਖੇਤੀ ਤਿੰਨ ਤਰ੍ਹਾਂ ਦੀ ਹੈ। ਬਾਗਬਾਨੀ, ਪਸ਼ੂ ਰੱਖਣ ਵਾਸਤੇ ਹਰੇ ਚਾਰੇ ਦੀ ਬੀਜਾਂਦ ਅਤੇ ਦਾਣਿਆਂ ਵਾਸਤੇ ਬੀਜੀਆਂ ਜਾਣ ਵਾਲੀਆਂ ਫਸਲਾਂ। ਬਾਗਬਾਨੀ ਜ਼ਿਆਦਾਤਰ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਫਰੇਜ਼ਰ ਅਤੇ ਓਕਾਨੈਗਨ ਵੈਲੀਆਂ ਜਾਂ ਓਂਟਾਰੀਓ ਦੇ ਨਿਆਗਰਾ ਫਾਲਜ਼ ਇਲਾਕੇ ਵਿੱਚ ਹੁੰਦੀ ਹੈ। ਅੰਗੂਰਾਂ, ਸੇਬਾਂ, ਆੜੂਆਂ, ਖੁਰਮਾਨੀਆਂ ਤੇ ਬੈਰੀਆਂ ਦੇ ਬਾਗ। ਅੰਗੂਰਾਂ ਤੋਂ ਜ਼ਿਆਦਾਤਰ ਵਾਈਨ (ਇੱਕ ਤਰ੍ਹਾਂ ਦੀ ਸ਼ਰਾਬ) ਬਣਾਈ ਜਾਂਦੀ ਹੈ। ਇਹ ਬਾਗ ਛੋਟੇ ਹੁੰਦੇ ਨੇ, 10-20 ਕਿੱਲਿਆਂ ਦੇ ਫਾਰਮ। ਬ੍ਰਿਟਿਸ਼ ਕੋਲੰਬੀਆ ਵਿੱਚ ਬੈਰੀ ਉਗਾਉਣ ਦੇ ਕਿੱਤੇ ਵਿੱਚ ਕਈ ਪੰਜਾਬੀ ਕਿਸਾਨ ਵੀ ਹਨ। ਬੈਰੀਆਂ ਹੱਥੀਂ ਤੋੜਨੀਆਂ ਪੈਂਦੀਆਂ ਨੇ, ਇਸ ਕਰਕੇ ਸਰੀ, ਐਬਟਸਫੋਰਡ ਦੇ ਇਲਾਕਿਆਂ ਵਿੱਚ ਪੰਜਾਬੀ ਬਜ਼ੁਰਗ ਬੈਰੀਆਂ ਤੋੜ ਕੇ ਡਾਲਰ ਕਮਾ ਲੈਂਦੇ ਨੇ। ਕਲੋਨਾ ਅਤੇ ਇਸਦੇ ਦੱਖਣ ਵਿੱਚ ਵੀ ਕਈ ਬਾਗ ਪੰਜਾਬੀਆਂ ਦੇ ਹਨ।

ਕਨੇਡਾ ਵਿੱਚ ਕੁਝ ਖਿੱਤਿਆਂ ਵਿੱਚ ਜ਼ਮੀਨ ਉਪਜਾਊ ਨਾ ਹੋਣ ਕਰਕੇ ਕਈ ਵਾਰੀ ਇੱਥੇ ਦਾਣੇਦਾਰ ਫਸਲਾਂ ਬੀਜਣੀਆਂ ਲਾਹੇਵੰਦ ਨਹੀਂ ਹੁੰਦੀਆਂ। ਇਹਨਾਂ ਉੱਚੀਆਂ ਨੀਵੀਂਆਂ ਪੈਲੀਆਂ ਦੇ ਆਸੇ ਪਾਸੇ ਵਾੜ ਕਰਕੇ ਇੱਥੇ ਮੀਟ ਵਾਸਤੇ ਗਾਵਾਂ ਪਾਲੀਆਂ ਜਾਂਦੀਆਂ ਹਨ। ਫਾਰਮਾਂ ਦੁਆਲੇ ਵਾੜ ਕਰਕੇ ਪਸ਼ੂ ਖੁੱਲ੍ਹੇ ਹੀ ਛੱਡੇ ਜਾਂਦੇ ਨੇ। ਪਸ਼ੂ ਨੂੰ ਸੰਗਲ ਪਾਉਣ ਦਾ ਰਿਵਾਜ਼ ਉੱਕਾ ਹੀ ਨਹੀਂ। ਪਸ਼ੂਆਂ ਦੇ ਖਾਣ ਵਾਸਤੇ ਹਰੇ ਚਾਰੇ ਦੇ ਬੀਜ ਦਾ ਛੱਟਾ ਦੇ ਦਿੱਤਾ ਜਾਂਦਾ ਹੈ ਤੇ ਫਿਰ ਮੀਂਹ ਆਸਰੇ ਹਾਰਾ ਚਾਰਾ ਹੁੰਦਾ ਰਹਿੰਦਾ ਹੈ। ਕਿਤੇ ਕਿਤੇ ਫੁਹਾਰਿਆਂ ਰਾਹੀਂ ਪਾਣੀ ਦੇਣ ਦਾ ਪ੍ਰਬੰਧ ਵੀ ਹੁੰਦਾ ਹੈ। ਪਸ਼ੂਆਂ ਦੇ ਚਾਰੇ ਲਈ ਲੂਸਣ ਦੀ ਬੀਜਾਂਦ ਵੀ ਬਹੁਤ ਹੁੰਦੀ ਹੈ। ਪਸ਼ੂਆਂ ਵਾਲੇ ਕਿਸਾਨ ਸਾਰਾ ਸਾਲ ਹੀ ਰੁੱਝੇ ਰਹਿੰਦੇ ਨੇ। ਫਰਵਰੀ ਮਾਰਚ ਵਿੱਚ ਗਾਵਾਂ ਸੂੰਦੀਆਂ ਨੇ ਤੇ ਇਹਨਾਂ ਠੰਢ ਦੇ ਦਿਨਾਂ ਵਿੱਚ ਹਰ ਰੋਜ਼ ਗਾਵਾਂ ਤੇ ਨਵਜਨਮੇ ਵਛੜਿਆਂ ਨੂੰ ਸਾਂਭਣਾ ਸੁਖਾਲਾ ਕੰਮ ਨਹੀਂ ਹੈ।

ਯਾਦ ਰਹੇ ਜ਼ਿਆਦਾਤਰ ਫਾਰਮਾਂ 'ਤੇ ਗਾਵਾਂ ਦੀ ਗਿਣਤੀ ਸੈਂਕੜਿਆਂ ਵਿੱਚ ਹੁੰਦੀ ਹੈ। ਇਹਨਾਂ ਗਾਵਾਂ ਨੂੰ ਚਰਾਂਦਾਂ ਵਿੱਚ ਕਾਬੂ ਰੱਖਣ ਲਈ ਕਿਸਾਨ ਘੋੜਿਆਂ ਦੀ ਵਰਤੋਂ ਵੀ ਕਰਦੇ ਹਨ। 'ਕਾਊ ਬੁਆਏ' ਵਾਲਾ ਕਲਚਰ ਇਹਨਾਂ ਵੱਡੀਆਂ ਵੱਡੀਆਂ ਟੋਪੀਆਂ ਅਤੇ ਗੋਡਿਆਂ ਤਕ ਬੂਟਾਂ ਵਾਲੇ ਕਿਸਾਨਾਂ ਤੋਂ ਹੀ ਪਿਆ ਹੈ। ਕਾਊ ਬੁਆਏ ਵਜੋਂ ਸਾਨੂੰ ਘੋੜੇ 'ਤੇ ਚੜ੍ਹਿਆ, ਹੱਥ ਵਿੱਚ ਰੱਸਾ ਫੜੀ ਬੈਠਾ ਕਿਸਾਨ ਚੇਤੇ ਵਿੱਚ ਆਉਂਦਾ ਹੈ, ਕਿਉਂਕਿ ਇਸ ਤਰ੍ਹਾਂ ਇਹ ਦੂਰ ਗਈਆਂ ਗਾਵਾਂ ਨੂੰ ਵਾਪਸ ਮੋੜ ਕੇ ਲਿਆਉਂਦੇ ਨੇ।

ਖੇਤੀਬਾੜੀ ਦਾ ਤੀਜਾ ਮੁੱਖ ਪੱਖ ਦਾਣੇਦਾਰ ਫਸਲਾਂ ਬੀਜਣਾ ਹੈ। ਪੰਜਾਬ ਵਾਂਗ ਸਾਲ ਵਿੱਚ ਦੋ ਫਸਲਾਂ ਨਹੀਂ, ਸਗੋਂ ਸਿਰਫ ਇੱਕ ਫਸਲ ਹੀ ਹੁੰਦੀ ਹੈ। ਬਿਜਾਈ ਅਪਰੈਲ-ਮਈ ਵਿੱਚ ਤੇ ਵਢਾਈ ਅਗਸਤ ਤੋਂ ਅਕਤੂਬਰ ਦੌਰਾਨ। ਕਨੇਡਾ ਦੀਆਂ ਪ੍ਰਮੁੱਖ ਫਸਲਾਂ ਕਣਕ, ਕਨੋਲਾ, ਮੱਕੀ, ਜੌਂ, ਜਵੀ ਹਨ। ਠੰਢੇ ਮੁਲਕ ਵਿੱਚ ਠੰਢ ਵਾਲੀਆਂ ਫਸਲਾਂ ਜ਼ਿਆਦਾ ਕਾਮਯਾਬ ਹਨ। ਜੌਂ, ਜਵੀ ਦਾਣਿਆਂ ਲਈ ਉਗਾਈ ਜਾਂਦੀ ਹੈ। ਕਣਕ ਗਰਮੀਆਂ ਦੀ ਰੁੱਤ ਦੀ ਵੀ ਹੈ ਤੇ ਸਿਆਲੂ ਵੀ।

ਗਰਮੀਆਂ ਵਾਲੀ ਕਣਕ ਅਪਰੈਲ-ਮਈ ਵਿੱਚ ਬੀਜ ਦਿੱਤੀ ਜਾਂਦੀ ਹੈ ਤੇ ਸਿਆਲੂ ਕਣਕ ਬਰਫ ਪੈਣ ਤੋਂ ਦੋ ਕੁ ਮਹੀਨੇ ਪਹਿਲਾਂ ਅੱਧ ਸਤੰਬਰ ਵਿੱਚ। ਬਰਫ ਤੋਂ ਪਹਿਲਾਂ ਕਣਕ ਗਿੱਠ ਗਿੱਠ ਹੋ ਜਾਂਦੀ ਹੈ ਤੇ ਫਿਰ ਇਹ ਬਰਫ ਹੇਠਾਂ ਚਾਰ ਮਹੀਨੇ ਦੱਬੀ ਰਹਿੰਦੀ ਹੈ। ਅਸਲ ਵਿੱਚ ਬਰਫ ਸਿਆਲੂ ਕਣਕ ਨੂੰ ਠੰਢ ਤੋਂ ਬਚਾਉਣ ਲਈ ਰਜਾਈ ਦਾ ਕੰਮ ਕਰਦੀ ਹੈ।

ਸਸਕੈਚਵਨ ਸੂਬੇ ਦੀਆਂ ਰੇਤਲੀਆਂ ਜ਼ਮੀਨਾਂ ਵਿੱਚ ਪਕਾਵੇਂ ਮਟਰ, ਮਸਰ ਵੀ ਵਧੀਆ ਹੁੰਦੇ ਨੇ। ਅਸਲ ਵਿੱਚ ਭਾਰਤ ਦਾਲਾਂ ਕਨੇਡਾ ਤੋਂ ਵੀ ਮੰਗਵਾਉਂਦਾ ਹੈ। ਮੈਨੀਟੋਬਾ ਵਿੱਚ ਅਲਸੀ, ਸੂਰਜਮੁਖੀ ਵੀ ਥੋੜ੍ਹੀ ਬਹੁਤੀ ਹੁੰਦੀ ਹੈ। ਕਨੇਡਾ ਵਿੱਚ ਨਰਮਾ, ਝੋਨਾ ਕਿਤੇ ਨਹੀਂ ਹੁੰਦਾ ਕਿਉਂਕਿ ਇੱਥੇ ਭਾਰਤ ਵਾਂਗ ਬਹੁਤਾ ਗਰਮ ਮੌਸਮ ਨਹੀਂ ਹੈ। ਜਿਹੜੀ ਕਣਕ ਪੰਜਾਬ ਵਿੱਚ ਪੰਜ ਮਹੀਨਿਆਂ ਵਿੱਚ ਹੁੰਦੀ ਹੈ, ਉਹ ਕਨੇਡਾ ਵਿੱਚ ਸਿਰਫ ਤਿੰਨ ਮਹੀਨਿਆਂ ਵਿੱਚ ਹੀ ਪੱਕ ਜਾਂਦੀ ਹੈ। ਕਾਰਨ, ਇੱਕ ਤਾਂ ਬਹੁਤੀਆਂ ਫਸਲਾਂ ਬਰਾਨੀ ਨੇ, ਦੂਜਾ ਗਰਮੀਆਂ ਵਿੱਚ ਦਿਨ 14 ਤੋਂ 16 ਘੰਟਿਆਂ ਦੇ ਹੁੰਦੇ ਨੇ ਤੇ ਫਸਲਾਂ ਦਿਨਾਂ ਵਿੱਚ ਹੀ ਜਵਾਨ ਹੋ ਜਾਂਦੀਆਂ ਨੇ।

ਜ਼ਿਆਦਾਤਰ ਫਾਰਮਾਂ ਵਿੱਚ ਕੋਈ ਵੱਟ, ਕੋਈ ਖਾਲਾ ਨਹੀਂ ਹੈ ਕਿਉਂ ਜੋ ਪਾਣੀ ਕਿਸਾਨ ਲਾਉਂਦੇ ਹੀ ਨਹੀਂ। ਬਹੁਤੀ ਖੇਤੀ ਮੀਂਹ ਸਹਾਰੇ ਹੀ ਹੈ ਪਰ ਕਿਤੇ ਕਿਤੇ ਜ਼ਮੀਨੀ ਪਾਣੀ ਦੀ ਵਰਤੋਂ ਫੁਹਾਰਿਆਂ ਨਾਲ ਕੀਤੀ ਜਾਂਦੀ ਹੈ। ਮੁਫਤ ਕੁਝ ਵੀ ਨਹੀਂ। ਵਰਤੋਂ ਕੀਤੇ ਪਾਣੀ ਦਾ ਮੁੱਲ ਤਾਰਨਾ ਪੈਂਦਾ ਹੈ। ਬਰਾਨੀ ਖੇਤੀ ਹੋਣ ਕਰਕੇ ਔਸਤਨ ਝਾੜ ਪੰਜਾਬ ਨਾਲੋਂ ਥੋੜ੍ਹਾ ਘੱਟ ਹੁੰਦਾ ਹੈ। ਕਣਕ 40-42 ਮਣੀ ਝੜ ਜਾਂਦੀ ਹੈ।

ਫਾਰਮ ਬਹੁਤ ਵੱਡੇ ਵੱਡੇ ਨੇ। ਉਦਾਹਰਣ ਦੇ ਤੌਰ 'ਤੇ ਮੈਨੀਟੋਬਾ ਵਿੱਚ ਔਸਤਨ ਫਾਰਮ ਹਜ਼ਾਰ ਕੁ ਕਿੱਲਿਆਂ ਦਾ ਹੈ। 100-200 ਕਿੱਲਿਆਂ 'ਤੇ ਕਣਕ, ਕਨੋਲਾ ਦੀ ਖੇਤੀ ਵਾਰਾ ਨਹੀਂ ਖਾਂਦੀ। ਜ਼ਮੀਨ ਖਰੀਦਣੀ ਸਸਤੀ ਹੈ (ਪ੍ਰੇਰੀਜ਼ ਦੇ ਮੈਦਾਨਾਂ ਵਿੱਚ), ਪਰ ਮਸ਼ੀਨਰੀ ਬਹੁਤ ਮਹਿੰਗੀ ਹੈ। ਉਦਾਹਰਣ ਦੇ ਤੌਰ 'ਤੇ ਇਸ ਸਮੇਂ ਪ੍ਰੇਰੀਜ਼ ਵਿੱਚ ਇੱਕ ਕਿੱਲਾ ਜ਼ਮੀਨ 4-5 ਹਜ਼ਾਰ ਡਾਲਰ ਨੂੰ ਖਰੀਦੀ ਜਾ ਸਕਦੀ ਹੈ, ਪਰ ਇੱਕ ਆਮ ਟਰੈਕਟਰ (100 ਕੁ ਹੌਰਸ ਪਾਵਰ) ਇੱਕ ਲੱਖ ਡਾਲਰ ਦੇ ਕਰੀਬ ਹੈ। ਇਹੀ ਕਾਰਨ ਹੈ ਕਿ ਪ੍ਰੇਰੀਜ਼ ਵਿੱਚ ਬਹੁਤ ਥੋੜ੍ਹੇ ਪੰਜਾਬੀ ਖੇਤੀ ਦੇ ਧੰਦੇ ਵਿੱਚ ਹਨ। ਦੂਜੇ ਪਾਸੇ ਬੀ. ਸੀ. ਅਤੇ ਓਂਟਾਰੀਓ ਦੀ ਬਾਗਬਾਨੀ ਵਾਲੀ ਜ਼ਮੀਨ ਬਹੁਤ ਮਹਿੰਗੀ ਹੈ।

ਗਰਮੀਆਂ ਦੌਰਾਨ ਪ੍ਰੇਰੀਜ਼ ਦੇ ਮੈਦਾਨਾਂ ਦੀ ਖੇਤੀ ਦੇਖਣਯੋਗ ਹੁੰਦੀ ਹੈ, ਹਜ਼ਾਰਾਂ ਕਿੱਲਿਆਂ 'ਤੇ ਪੀਲੀ ਪੀਲੀ ਕਨੋਲਾ ਤੇ ਕਿਤੇ ਸੁਨਹਿਰੀ ਕਣਕ ਦੀ ਝਲਕ। ਕਨੇਡਾ ਦੀ ਪੈਦਾਵਾਰ ਜ਼ਿਆਦਾ ਹੈ ਤੇ ਖਪਤ ਘੱਟ, ਸੋ ਜ਼ਿਆਦਾਤਰ ਫਸਲਾਂ ਦੂਜੇ ਦੇਸ਼ਾਂ ਨੂੰ ਵੇਚੀਆਂ ਜਾਂਦੀਆਂ ਨੇ। ਖੇਤੀਬਾੜੀ ਕਨੇਡਾ ਲਈ ਬੜੀ ਅਹਿਮ ਹੈ।

# ਬੱਸਾਂ ਵਿੱਚ ਵੱਧ ਰਹੀ ਭੀੜ ਅਤੇ ਸੁਰੱਖਿਆ ਦੀ ਘਾਟ ਨੂੰ ਲੈ ਕੇ ਡਰਾਈਵਰਾਂ ਦੀ ਯੂਨੀਅਨ ਨੇ ਦਿੱਤੀ ਚੇਤਾਵਨੀ

**ਵੈਨਕੂਵਰ, (ਪਰਮਜੀਤ ਸਿੰਘ):** ਕੋਸਟ ਮਾਊਂਟੇਨ ਬੱਸ ਕੰਪਨੀ (Coast Mountian Bus Company) ਦੇ 4,000 ਤੋਂ ਵੱਧ ਡਰਾਈਵਰਾਂ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ Uinfor Local 111 ਨੇ ਚੇਤਾਵਨੀ ਦਿੱਤੀ ਹੈ ਕਿ ਲਗਾਤਾਰ ਭੀੜਭਾੜ ਅਤੇ ਘੱਟ ਸੇਵਾਵਾਂ ਕਾਰਨ ਡਰਾਈਵਰ ਔਕੜ ਵਿੱਚ ਹਨ ਅਤੇ ਯਾਤਰੀਆਂ ਵਲੋਂ ਉਨ੍ਹਾਂ ਨਾਲ ਬਹਿਸਬਾਜ਼ੀ ਅਤੇ ਬੇਇੱਜ਼ਤ ਕੀਤਾ ਜਾ ਰਿਹਾ ਹੈ। ਯੂਨੀਅਨ ਪ੍ਰਧਾਨ ਬਲਬੀਰ ਮਾਨ ਨੇ 30 ਅਪਰੈਲ ਨੂੰ ਟ੍ਰਾਂਜ਼ਲਿੰਕ ਦੇ ਬੋਰਡ ਅੱਗੇ ਉਨ੍ਹਾਂ ਨੇ ਯੂਬੀਸੀ (UBC) ਜਾਂਦੇ ਰੂਟ ਦੀ ਉਦਾਹਰਨ ਦਿੰਦੇ ਹੋਏ ਦੱਸਿਆ, "60 ਫੁੱਟ ਲੰਬੀਆਂ ਬੱਸਾਂ ਵੀ ਜਦੋਂ ਸਟੇਸ਼ਨ ਤੋਂ ਨਿਕਲਦੀਆਂ ਹਨ, ਤਾਂ ਪਹਿਲੇ ਹੀ ਸਟਾਪ ਤੋਂ ਲੈ ਕੇ ਭਰੀ ਹੋਈਆਂ ਹੁੰਦੀਆਂ ਹਨ।

"ਹਰ ਅਗਲੇ ਸਟਾਪ 'ਤੇ ਡਰਾਈਵਰ ਨੂੰ ਖੜੇ ਯਾਤਰੀਆਂ ਨੂੰ ਇਹ ਦੱਸਣਾ ਪੈਂਦਾ ਹੈ ਕਿ ਬੱਸ ਫੁੱਲ ਹੋ ਚੁੱਕੀ ਹੈ ਜਿਸ ਤੋਂ ਬਾਅਦ ਤਣਾਅ ਭਰਿਆ ਮਾਹੌਲ ਬਣ




ਜਾਂਦਾ ਹੈ।" ਮਾਨ ਨੇ ਦੱਸਿਆ ਕਿ ਲੋਕ ਕਈ ਬੱਸਾਂ ਵੱਲੋਂ ਲੰਘ ਜਾਣ ਕਰਕੇ ਗੁੱਸੇ ਵਿੱਚ ਆ ਜਾਂਦੇ ਹਨ ਅਤੇ ਆਪਣਾ ਗੁੱਸਾ ਡਰਾਈਵਰ ਉੱਤੇ ਕੱਢਦੇ ਹਨ। "ਇਹ ਸਥਿਤੀ ਅਜਿਹੀ ਬਣ ਚੁੱਕੀ ਹੈ ਕਿ ਡਰਾਈਵਰਾਂ ਨੂੰ ਯਾਤਰੀਆਂ ਤੋਂ ਕਈ ਗੱਲਾਂ ਸੁਣਨੀਆਂ ਪੈਂਦੀਆਂ ਹਨ, ਜਿਸ ਨਾਲ ਉਨ੍ਹਾਂ ਦੇ ਕੰਮ ਦੇ ਮਾਹੌਲ ਵਿੱਚ ਤਣਾਅ ਪੈਦਾ ਹੋ ਰਿਹਾ ਹੈ।"

ਉਨ੍ਹਾਂ ਨੇ ਕਿਹਾ, "ਲੋਕ ਕੰਮ, ਸਕੂਲ ਜਾਂ ਆਪਣੀਆਂ ਯਾਤਰਾ ਲਈ ਦੇਰੀ ਨਾਲ ਪਹੁੰਚ ਰਹੇ ਹਨ ਅਤੇ ਨੁਕਸਾਨ ਹੋ ਰਿਹਾ ਹੈ।"

ਮਾਨ ਨੇ ਆਲੋਚਨਾ ਕੀਤੀ ਕਿ ਜੇਕਰ ਕਿਸੇ ਡਰਾਈਵਰ ਦੀ ਯਾਤਰੀ ਨਾਲ ਬਹਿਸ ਹੋ ਜਾਂਦੀ ਹੈ ਅਤੇ ਯਾਤਰੀ ਉਸ ਦੀ ਸ਼ਿਕਾਇਤ ਕਰ ਦੇਂਦਾ ਹੈ, ਤਾਂ ਕੰਪਨੀ ਉਸ ਡਰਾਈਵਰ ਨੂੰ ਸਜ਼ਾ ਦੇ ਦਿੰਦੀ ਹੈ, ਪਰ ਸਮੱਸਿਆ ਦਾ ਹੱਲ ਨਹੀਂ ਕੀਤਾ ਜਾਂਦਾ।

ਮਾਨ ਨੇ ਦੱਸਿਆ ਕਿ ਕਮਿਊਨਿਟੀ ਸ਼ਟਲ ਬੱਸਾਂ ਵਿੱਚ ਪਹਿਲਾਂ ਪਲਾਸਟਿਕ ਬੈਰੀਅਰ ਲਾਏ ਹੋਏ ਸਨ, ਪਰ ਕੰਪਨੀ ਨੇ ਇਹ ਹਟਾ ਦਿੱਤੇ ਹਨ ਅਤੇ ਮੁੜ ਲਗਾਏ ਨਹੀਂ ਗਏ, ਜਦਕਿ ਬੱਸਾਂ ਵਿੱਚ ਇਹ ਸੁਰੱਖਿਆ ਉਪਕਰਣ ਵਜੋਂ ਮੌਜੂਦ ਹੋਣੇ ਚਾਹੀਦੇ ਹਨ।

ਮਾਨ ਨੇ ਆਖ਼ਰ 'ਚ ਦੱਸਿਆ ਕਿ ਕੋਸਟ ਮਾਊਂਟੇਨ ਬੱਸ ਕੰਪਨੀ ਵੱਲੋਂ ਉਨ੍ਹਾਂ ਦੀਆਂ ਚਿੰਤਾਵਾਂ ਦੀ ਸੁਣਵਾਈ ਨਹੀਂ ਹੋ ਰਹੀ। "ਸਾਨੂੰ ਕਿਸੇ ਵੀ ਕਿਸਮ ਦਾ ਸਹਿਯੋਗ ਨਹੀਂ ਮਿਲ ਰਿਹਾ। ਇਹ ਚੁੱਕੀ ਹੋਈ ਗੰਭੀਰ ਚਿੰਤਾ ਹੈ।"

# ਮੈਟਰੋ ਵੈਨਕੂਵਰ ਵਿੱਚ ਟਰਾਂਸਲਿੰਕ ਦੀ 2025 ਨਿਵੇਸ਼ ਯੋਜਨਾ ਨੂੰ ਮਨਜ਼ੂਰੀ

## ਪ੍ਰਾਪਰਟੀ ਟੈਕਸ ਵਿੱਚ $20 ਅਤੇ ਯਾਤਰਾ ਕਿਰਾਏ 14 ਸੈਂਟ ਵੱਧਣਗੇ

ਮੈਟਰੋ ਵੈਨਕੂਵਰ : ਟਰਾਂਸਲਿੰਕ ਦੇ ਡਾਇਰੈਕਟਰਜ਼ ਬੋਰਡ ਅਤੇ ਮੇਅਰਜ਼ ਕੌਂਸਲ ਨੇ 30 ਅਪ੍ਰੈਲ ਨੂੰ 2025 ਨਿਵੇਸ਼ ਯੋਜਨਾ ਨੂੰ ਮਨਜ਼ੂਰੀ ਦੇ ਦਿੱਤੀ, ਜਿਸ ਨਾਲ ਮੈਟਰੋ ਵੈਨਕੂਵਰ ਦੇ ਟਰਾਂਜ਼ਿਟ ਸਿਸਟਮ ਵਿੱਚ ਵੱਡੇ ਸੁਧਾਰ ਹੋਣ ਦੀ ਉਮੀਦ ਹੈ। ਇਸ ਯੋਜਨਾ ਨਾਲ 2018 ਤੋਂ ਬਾਅਦ ਬੱਸ ਸੇਵਾ ਵਿੱਚ ਸਭ ਤੋਂ ਵੱਡਾ ਵਾਧਾ ਹੋਵੇਗਾ, ਜੋ 5% ਵਾਧੂ ਸੇਵਾ ਪ੍ਰਦਾਨ ਕਰੇਗਾ। ਨਾਲ ਹੀ, ਇਸ ਨਾਲ ਟਰਾਂਸਲਿੰਕ ਦਾ $600 ਮਿਲੀਅਨ ਦਾ ਸਾਲਾਨਾ ਘਾਟਾ 2028 ਤੋਂ ਲਗਭਗ ਅੱਧਾ ਹੋ ਜਾਵੇਗਾ ਅਤੇ 2027 ਤੱਕ ਸਾਰੀਆਂ ਸੇਵਾਵਾਂ ਨੂੰ ਪੂਰੀ ਫੰਡਿੰਗ ਮਿਲੇਗੀ।

ਇਸ ਯੋਜਨਾ ਨੂੰ ਫੰਡ ਕਰਨ ਲਈ ਕਈ ਕਦਮ ਚੁੱਕੇ ਜਾਣਗੇ। 2025 ਵਿੱਚ ਮੀਡੀਅਨ ਘਰਾਂ ਲਈ ਪ੍ਰਾਪਰਟੀ ਟੈਕਸ ਵਿੱਚ $20 ਦਾ ਵਾਧਾ ਹੋਵੇਗਾ। ਜੁਲਾਈ 2026 ਤੋਂ ਔਸਤ ਯਾਤਰਾ ਦੇ ਕਿਰਾਏ ਵਿੱਚ 14 ਸੈਂਟ ਦਾ ਵਾਧਾ ਹੋਵੇਗਾ, ਅਤੇ ਆਫ-ਸਟ੍ਰੀਟ ਪਾਰਕਿੰਗ ਟੈਕਸ 24% ਤੋਂ ਵਧ ਕੇ 29% ਹੋ ਜਾਵੇਗਾ, ਯਾਨੀ $10 ਦੀ ਪਾਰਕਿੰਗ ਫੀਸ 'ਤੇ ਲਗਭਗ 40 ਸੈਂਟ ਵਾਧੂ। ਇਸ ਤੋਂ ਇਲਾਵਾ, ਸੀ ਆਈਲੈਂਡ ਤੋਂ ਬਾਹਰ ਜਾਣ ਵਾਲੀਆਂ ਯਾਤਰਾਵਾਂ ਲਈ ਵਾਈ ਵੀ ਆਰ ਐਡਫੇਅਰ ਫੀਸ ਜੁਲਾਈ 2026 ਵਿੱਚ $1.50 ਵਧੇਗੀ। ਇਸ ਨਿਵੇਸ਼ ਨਾਲ ਸਰੀ, ਡੈਲਟਾ, ਅਤੇ ਲੈਂਗਲੀ ਦੇ ਉਦਯੋਗਿਕ ਖੇਤਰਾਂ ਵਿੱਚ ਨਵੀਆਂ ਬੱਸ ਸੇਵਾਵਾਂ ਸ਼ੁਰੂ ਹੋਣਗੀਆਂ। ਸਰੀ ਦੇ ਕੈਂਪਬੈੱਲ ਹਾਈਟਸ ਵਿੱਚ ਨਵਾਂ ਰੂਟ ਸ਼ੁਰੂ ਹੋਵੇਗਾ, ਜੋ ਵ੍ਹਾਈਟ ਰਾਕ ਸੈਂਟਰ ਅਤੇ ਵਿਲੋਬਰੁਕ ਸ਼ਾਪਿੰਗ ਸੈਂਟਰ ਨੂੰ ਜੋੜੇਗਾ। ਡੈਲਟਾ ਦੇ ਟਿਲਬਰੀ ਇੰਡਸਟਰੀਅਲ ਪਾਰਕ ਵਿੱਚ ਵੀ ਨਵਾਂ ਰੂਟ ਸ਼ੁਰੂ ਹੋਵੇਗਾ, ਜੋ ਸਕਾਟ ਰੋਡ ਸਟੇਸ਼ਨ ਅਤੇ ਲਾਡਨਰ ਐਕਸਚੇਂਜ ਨੂੰ ਹਾਈਵੇ 17 ਰਾਹੀਂ ਜੋੜੇਗਾ। ਇਸ ਤੋਂ ਇਲਾਵਾ, ਲੈਂਗਲੀ ਦੇ ਗਲੋਸਟਰ ਇੰਡਸਟਰੀਅਲ ਏਰੀਆ ਵਿੱਚ ਇੱਕ ਨਵਾਂ ਰੂਟ ਲੈਂਗਲੀ ਸਿਟੀ ਸੈਂਟਰ ਨਾਲ ਜੁੜੇਗਾ।

ਇਸ ਯੋਜਨਾ ਨਾਲ ਅੱਠ ਅਜਿਹੇ ਖੇਤਰਾਂ ਵਿੱਚ ਨਵੀਆਂ ਬੱਸ ਸੇਵਾਵਾਂ ਸ਼ੁਰੂ ਹੋਣਗੀਆਂ, ਜਿੱਥੇ ਪਹਿਲਾਂ ਟਰਾਂਜ਼ਿਟ ਨਹੀਂ ਸੀ, ਅਤੇ ਛੇ ਹੋਰ ਖੇਤਰਾਂ ਵਿੱਚ ਸੇਵਾਵਾਂ ਨੂੰ ਬਿਹਤਰ ਕੀਤਾ ਜਾਵੇਗਾ। ਨਾਲ ਹੀ, 50 ਭੀੜ ਵਾਲੇ ਰੂਟਾਂ 'ਤੇ ਸੇਵਾ ਵਧਾਈ ਜਾਵੇਗੀ। ਇਸ ਵਿੱਚ ਸਟੈਨਲੀ ਪਾਰਕ, ਟੈਰਾ ਨੋਵਾ ਪਾਰਕ, ਅਤੇ ਗੋਲਡਨ ਈਅਰਜ਼ ਪ੍ਰੋਵਿੰਸ਼ੀਅਲ ਪਾਰਕ ਵਰਗੇ ਖੇਤਰਾਂ ਤੱਕ ਸੀਜ਼ਨਲ ਸੇਵਾਵਾਂ ਵੀ ਸ਼ਾਮਲ ਹਨ। ਮੇਅਰਜ਼ ਕੌਂਸਲ ਦੇ ਚੇਅਰਮੈਨ ਬ੍ਰੈਡ ਵੈਸਟ ਨੇ ਕਿਹਾ, "ਟਰਾਂਸਲਿੰਕ ਅਤੇ ਸੀਨੀਅਰ ਸਰਕਾਰਾਂ ਨੂੰ ਇੱਕ ਨਵਾਂ ਫੰਡਿੰਗ ਮਾਡਲ ਬਣਾਉਣ ਲਈ ਹਿੰਮਤ ਅਤੇ ਦਲੇਰੀ ਦਿਖਾਉਣੀ ਪਵੇਗੀ। ਸਾਨੂੰ ਕਿਰਾਏ ਅਤੇ ਪ੍ਰਾਪਰਟੀ ਟੈਕਸ 'ਤੇ ਨਿਰਭਰਤਾ ਘਟਾਉਣੀ ਹੋਵੇਗੀ, ਨਹੀਂ ਤਾਂ ਹਰ ਦੋ-ਤਿੰਨ ਸਾਲਾਂ ਬਾਅਦ ਸਾਨੂੰ ਇਸੇ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਕਰਨਾ ਪਵੇਗਾ।" ਉਨ੍ਹਾਂ ਨੇ ਜ਼ੋਰ ਦਿੱਤਾ ਕਿ ਇੱਕ ਸਥਾਈ ਹੱਲ ਲੱਭਣਾ ਜ਼ਰੂਰੀ ਹੈ, ਜੋ ਲੰਬੇ ਸਮੇਂ ਲਈ ਟਰਾਂਜ਼ਿਟ ਸਿਸਟਮ ਨੂੰ ਸੁਰੱਖਿਅਤ ਰੱਖ ਸਕੇ। ਇਸ ਯੋਜਨਾ ਨੂੰ ਬੀ.ਸੀ. ਸਰਕਾਰ ਵੱਲੋਂ $312 ਮਿਲੀਅਨ ਦੀ ਇੱਕ ਵਾਰ ਦੀ ਗ੍ਰਾਂਟ ਨਾਲ ਸਮਰਥਨ ਮਿਲਿਆ ਹੈ, ਜੋ 2025 ਤੋਂ 2027 ਤੱਕ ਫੰਡਿੰਗ ਵਿੱਚ ਮਦਦ ਕਰੇਗੀ। ਨਾਲ ਹੀ, ਸਰਕਾਰ ਨੇ 2027 ਤੱਕ ਇੱਕ ਨਵਾਂ ਰੈਵੇਨਿਊ ਸਰੋਤ ਬਣਾਉਣ ਦਾ ਵਾਅਦਾ ਕੀਤਾ ਹੈ। ਟਰਾਂਸਲਿੰਕ ਦੇ ਸੀਈਓ ਕੇਵਿਨ ਕੁਇੰਨ ਨੇ ਕਿਹਾ, "ਇਹ ਨਿਵੇਸ਼ ਯੋਜਨਾ ਸਾਨੂੰ ਵਧੀਆ ਸੇਵਾਵਾਂ ਦੇਣ ਦੀ ਆਗਿਆ ਦਿੰਦੀ ਹੈ। ਅਸੀਂ ਭੀੜ ਘਟਾਉਣ, ਨਵੇਂ ਰੂਟ ਸ਼ੁਰੂ ਕਰਨ, ਅਤੇ ਲੋਕਾਂ ਨੂੰ ਉਨ੍ਹਾਂ ਦੇ ਕੰਮ 'ਤੇ ਪਹੁੰਚਾਉਣ ਵਿੱਚ ਮਦਦ ਕਰਾਂਗੇ।"


ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
- ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
- ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
- ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
- ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।


BHUPINDER OBEROI

ਸਾਡਾ ਐਡਰੈੱਸ ਨੋਟ ਕਰੋ
3200 George Ferguson Way #3, Abbotsford B.C. V2T 4C8
604-864-8803
Surrey (Kwantlen Square)
Unit # 105, 12568-72 Ave, Surrey
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit #105, 12568-72 Ave, Surrey
FREE SIGHT TEST



A TO Z DRIVING SCHOOL




ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ
AIR BRAKE CLASS
ਟਰੱਕ ਦਾ ਲਾਇਸੈਂਸ ਲੈਣ ਲਈ ਮਿਲੋ
ਕਲਾਸ ਵਨ ਦਾ ਲਾਇਸੈਂਸ ਲੈਣ ਲਈ ਅੱਜ ਹੀ ਸੰਪਰਕ ਕਰੋ
ਪੰਜਾਬੀ ਵਿੱਚ ਵੀ ਪੜ੍ਹਾਇਆ ਜਾਂਦਾ ਹੈ।
ਵਾਜਬ ਰੇਟ ਅਤੇ ਵਧੀਆ ਸਰਵਿਸ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
ਲਰਨਿੰਗ ਲਾਇਸੈਂਸ ਲੈਣ ਲਈ ਵੀ ਸੰਪਰਕ ਕਰੋ
ਲੱਕੀ ਸੇਖੋਂ 604 614 5365

### ਮਾਮਲਾ ਚਿੱਠੀਸਿੰਘਪੁਰਾ 35 ਸਿੱਖਾਂ ਦੇ ਕਤਲੇਆਮ ਦਾ

# 25 ਸਾਲਾਂ ਤੋਂ ਸਿੱਖਾਂ ਨੂੰ ਇਨਸਾਫ ਨਹੀਂ ਮਿਲਿਆ

**ਖਾਸ ਰਿਪੋਰਟ**





ਕਿਵੇਂ ਭੁੱਲਿਆ ਜਾ ਸਕਦੈ 20, ਮਾਰਚ ਸੰਨ 2000, ਹੋਲੀ ਦਾ ਉਹ ਦਿਨ, ਜਦੋਂ ਚਿੱਠੀਸਿੰਘਪੁਰਾ ਵਿੱਚ 35 ਬੇਦੋਸ਼ੇ ਸਿੱਖਾਂ ਦੇ ਖ਼ੂਨ ਦੀ ਹੋਲੀ ਖੇਡੀ ਗਈ ਸੀ। ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਬਿਲ ਕਲਿੰਟਨ ਦੀ ਭਾਰਤ ਫ਼ੇਰੀ ਦੌਰਾਨ ਵਾਪਰੇ ਇਸ ਖ਼ੂਨੀਕਾਂਡ ਨੇ ਹਰ ਵੇਖਣ ਸੁਣਨ ਵਾਲੇ ਦੇ ਦਿਲਾਂ ਨੂੰ ਝੰਜੋੜ ਦਿੱਤਾ ਸੀ, ਏਥੋਂ ਤੱਕ ਕਿ ਖੁਦ ਬਿਲ ਕਲਿੰਟਨ ਨੂੰ ਵੀ ਮਜ਼ਬੂਰ ਹੋ ਕੇ ਇਸ ਕਤਲੇਆਮ ਬਾਰੇ ਲਿਖਣਾ ਪੈ ਗਿਆ ਸੀ। ਅਮਰੀਕਾ ਦੀ ਸਾਬਕਾ ਵਿਦੇਸ਼ ਮੰਤਰੀ ਮੈਡਲੀਨ ਅਲਬ੍ਰਾਈਟ ਦੀ ਇੱਕ ਕਿਤਾਬ "ਦਿ ਮਾਈਟੀ ਐਂਡ ਦ ਅਲਮਾਈਟੀ" ਦੇ ਮੁੱਖ ਬੰਦ ਵਿੱਚ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਨੇ ਚਿੱਠੀਸਿੰਘਪੁਰਾ ਹਮਲੇ 'ਤੇ ਗਹਿਰੀ ਚਿੰਤਾ ਪ੍ਰਗਟਾਈ ਸੀ। ਉਨ੍ਹਾਂ ਕਿਹਾ ਸੀ ਕਿ "ਜੇ ਮੈਂ ਉਹ ਦੌਰਾ ਨਾ ਕੀਤਾ ਹੁੰਦਾ, ਤਾਂ ਸੰਭਵ ਹੈ ਕਿ ਜੁਲਮ ਦਾ ਸ਼ਿਕਾਰ ਹੋਣ ਵਾਲੇ ਉਹ ਸਿੱਖ ਅੱਜ ਜਿਉਂਦੇ ਹੁੰਦੇ।"

ਉਨ੍ਹਾਂ ਦੀ ਇਹ ਟਿੱਪਣੀ ਇਹ ਸੰਕੇਤ ਦਿੰਦੀ ਹੈ ਕਿ ਇਹ ਕਤਲੇਆਮ ਉਨ੍ਹਾਂ ਦੀ ਯਾਤਰਾ ਨੂੰ ਪ੍ਰਭਾਵਿਤ ਕਰਨ ਲਈ ਹੀ ਕੀਤਾ ਗਿਆ ਸੀ। ਭਾਰਤ ਸਰਕਾਰ ਇਸ ਪਿੱਛੇ ਪਾਕਿਸਤਾਨੀ ਦਹਿਸਤਗਰਦਾਂ ਦਾ ਹੱਥ ਹੋਣ ਦੀ ਗੱਲ ਕਰਦੀ ਹੈ ਅਤੇ ਜਿਹਾਦੀ ਭਾਰਤੀ ਖੁਫ਼ੀਆ ਏਜੰਸੀਆਂ ਉੱਪਰ ਇਲਜ਼ਾਮ ਲਗਾਉਂਦੇ ਹਨ।ਭਾਰਤੀ ਫੌਜ ਨੇ ਦੋਸ਼ੀਆਂ ਨੂੰ ਪਕੜਨ ਦਾ ਦਾਅਵਾ ਕਰਕੇ ਪਥਰੀਬਲ ਵਿੱਚ ਮੁਕਾਬਲੇ ਵਿੱਚ ਮਾਰ ਮੁਕਾਇਆ ਸੀ ਤੇ ਦੱਸਿਆ ਜੋ ਬਾਅਦ ਵਿੱਚ ਇੱਕ ਮੁੱਕਦਮੇ ਦੇ ਫ਼ੈਸਲੇ ਅਨੁਸਾਰ ਝੂਠਾ ਦਾਅਵਾ ਸਾਬਤ ਹੋਇਆ ਕਿਉਂਕਿ ਮਾਰੇ ਗਏ ਨੌਜਵਾਨ ਆਮ ਕਸ਼ਮੀਰੀ ਨਾਗਰਿਕ ਸਿੱਧ ਹੋਏ। ਚਿੱਠੀਸਿੰਘਪੁਰਾ ਤੇ ਹਾਈਕੋਰਟ ਦੇ ਆਦੇਸ਼ ਦੇ ਬਾਵਜੂਦ ਕੋਈ ਸਰਕਾਰੀ ਏਜੰਸੀ ਦੁਆਰਾ ਇਸ ਕਤਲੇਆਮ ਦੀ ਗੁੱਥੀ ਸੁਲਝਾਈ ਨਹੀਂ ਜਾ ਸੱਕੀ।

### ਚਿੱਠੀਸਿੰਘਪੁਰਾ ਨਾਲ ਇਤਿਹਾਸਕ ਰਿਸ਼ਤਾ

ਚਿੱਠੀਸਿੰਘਪੁਰਾ, ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦਾ ਵੱਡੀ ਸਿੱਖ ਵਸੋਂ ਵਾਲਾ ਪਿੰਡ ਹੈ ਜਿੱਥੇ ਸਿੱਖ, ਹਿੰਦੂ, ਮੁਸਲਮਾਨ ਭਾਈਚਾਰੇ ਦੇ ਲੋਕ ਇਕੱਠੇ ਹੋ ਕੇ ਬੜੇ ਪ੍ਰੇਮ ਅਤੇ ਭਰਾਤਰੀ ਭਾਵ ਨਾਲ ਰਹਿੰਦੇ ਹਨ। ਦੱਸਿਆ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਇਸ ਇਲਾਕੇ ਵਿੱਚ ਸਿੱਖਾਂ ਨੂੰ ਵਸਾਇਆ ਸੀ ਅਤੇ ਉਨ੍ਹਾਂ ਨੂੰ ਜ਼ਮੀਨਾਂ ਅਤੇ ਬਾਗ਼ ਦਿੱਤੇ ਸਨ। ਅਜਿਹੇ ਖੁਸ਼ਗਵਾਰ ਮਹੌਲ ਵਿੱਚ ਇੱਕ ਦਿਨ ਏਨਾ ਭਿਆਨਕ ਕਤਲੇਆਮ ਵਾਪਰਨ ਦੀ ਕਿਸੇ ਨੇ ਉਮੀਦ ਵੀ ਨਹੀਂ ਸੀ ਕੀਤੀ। ਕੁਝ ਪਲਾਂ 'ਚ ਹੀ ਹੱਸਦੇ-ਵੱਸਦੇ 17 ਸਿੱਖਾਂ ਦੇ ਪਰਿਵਾਰ ਉੱਜੜ ਗਏ।

### ਕਿਵੇਂ ਵਾਪਰਿਆ ਕਾਂਡ

ਭਾਵੇਂ ਚਿੱਠੀਸਿੰਘਪੁਰਾ ਕਤਲੇਆਮ ਨੂੰ 25 ਸਾਲ ਬੀਤ ਚੁੱਕੇ ਹਨ ਪਰ ਪੀੜਤਾਂ ਦੇ ਜ਼ਖਮ ਅੱਜ ਵੀ ਅਲੇ ਹਨ। ਇਸ ਕਤਲੇਆਮ ਵਿਚੋਂ ਜ਼ਿੰਦਾ ਬਚੇ ਸ. ਨਾਨਕ ਸਿੰਘ ਬੇਦੀ ਨੂੰ ਇਹ ਸਾਰੀ ਘਟਨਾ ਅੱਜ ਵੀ ਇੰਨ-ਬਿੰਨ ਯਾਦ ਹੈ, ਜਿਵੇਂ ਕੱਲ੍ਹ ਦੀ ਗੱਲ ਹੋਵੇ। ਉਹ ਦੱਸਦੇ ਹਨ ਕਿ 20 ਮਾਰਚ, 2000 ਦੀ ਰਾਤ ਨੂੰ ਕਰੀਬ ਪੌਣੇ ਅੱਠ ਵੱਜੇ ਸਨ, ਕੁਝ ਲੋਕ ਗੁਰਦੁਆਰਾ ਸਾਹਿਬ ਤੋਂ ਵਾਪਿਸ ਆ ਰਹੇ ਸਨ, ਔਰਤਾਂ ਘਰਾਂ ਵਿਚ ਪ੍ਰਸ਼ਾਦਾ ਤਿਆਰ ਕਰ ਰਹੀਆਂ ਸਨ, ਕਿਸੇ ਘਰ ਵਿੱਚ ਟੀ.ਵੀ.-ਰੇਡੀਓ ਤੇ ਖ਼ਬਰਾਂ ਚੱਲ ਰਹੀਆਂ ਸਨ। ਉਸ ਸਮੇਂ ਭਾਰਤੀ ਫ਼ੌਜ ਦੀ ਵਰਦੀ ਵਿਚ 10-12 ਨਕਾਬਪੋਸ਼, ਹਥਿਆਰਬੰਦ ਵਿਅਕਤੀਆਂ ਨੇ ਸ਼ਨਾਖ਼ਤ ਕਰਨ ਦੇ ਬਹਾਨੇ ਪਿੰਡ ਦੇ ਸਿੱਖ ਪਰਿਵਾਰਾਂ ਦੇ ਮਰਦਾਂ ਨੂੰ ਘਰੋਂ ਬਾਹਰ ਗੁਰਦੁਆਰਾ ਸਾਹਿਬ ਵਿਖੇ ਇਕੱਤਰ ਕਰ ਲਿਆ। ਉਨ੍ਹਾਂ ਨੇ ਦੱਸਿਆ ਕਿ ਇਹ ਕਤਲੇਆਮ ਪਿੰਡ ਵਿੱਚ ਦੋ ਵੱਖ-ਵੱਖ ਥਾਵਾਂ ਤੇ ਇੱਕੋ ਸਮੇਂ ਵਾਪਰਿਆ। ਗੁਰਦੁਆਰਾ ਸਿੰਘ ਸਭਾ ਸਮੁੰਦਰੀ ਹਾਲ ਦੇ ਬਾਹਰ 19 ਜਦਕਿ ਗੁਰਦੁਆਰਾ ਸਾਹਿਬ ਸ਼ੌਕੀਨ ਮੁਹੱਲਾ ਦੇ ਬਾਹਰ 17 ਮਰਦਾਂ ਨੂੰ ਇੱਕ ਕੰਧ ਦੇ ਸਾਹਮਣੇ ਖੜ੍ਹਾ ਕਰ ਲਿਆ ਗਿਆ। ਇਨ੍ਹਾਂ ਵਿਚ 16-17 ਸਾਲਾਂ ਦੇ ਨੌਜਵਾਨਾਂ ਤੋਂ ਲੈ ਕੇ 60-70 ਸਾਲ ਦੇ ਬਜ਼ੁਰਗ ਵੀ ਸ਼ਾਮਿਲ ਸਨ।

ਹਥਿਆਰਬੰਦ ਵਿਅਕਤੀਆਂ ਵਿਚੋਂ ਇੱਕ ਨੇ ਹਵਾ 'ਚ ਫ਼ਾਇਰ ਕੀਤਾ, ਜਿਸ ਤੋਂ ਬਾਅਦ ਕਤਾਰਾਂ ਵਿਚ ਖੜ੍ਹੇ ਸਿੱਖਾਂ ਉੱਪਰ ਅੰਨ੍ਹੇਵਾਹ ਗੋਲੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਸ. ਨਾਨਕ ਸਿੰਘ ਦੇ ਦੱਸਣ ਮੁਤਾਬਕ:-"ਜਦੋਂ ਗੋਲੀ ਚਲੀ ਤਾਂ ਮੈ ਵੀ ਬਾਕੀਆਂ ਨਾਲ ਹੇਠਾਂ ਹੇਠਾਂ ਡਿੱਗ ਪਿਆ ਪਰ ਮੈਨੂੰ ਕੋਈ ਗੋਲੀ ਨਹੀਂ ਲੱਗੀ। ਮੈਂ ਹੇਠਾਂ ਪਿਆ, ਮਰੇ ਹੋਣ ਦਾ ਨਾਟਕ ਕਰ ਰਿਹਾ ਸੀ ਅਤੇ ਚਿੱਤ ਵਿੱਚ ਵਾਹਿਗੁਰੂ-ਵਾਹਿਗੁਰੂ ਕਰ ਰਿਹਾ ਸੀ। ਹਮਲਾਵਰਾਂ ਨੇ ਹੇਠਾਂ ਡਿੱਗੇ ਵਿਅਕਤੀਆਂ ਦੀ ਮੌਤ ਸੁਨਿਸ਼ਚਿਤ ਕਰਨ ਲਈ ਸਾਰਿਆਂ ਉੱਪਰ ਟੋਰਚ ਮਾਰ ਕੇ ਵੇਖਿਆ ਅਤੇ ਦੁਬਾਰਾ ਫਿਰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਹੁਣ ਮੈਨੂੰ ਲੱਗਿਆ ਸੀ ਕਿ ਮੇਰੀ ਮੌਤ ਵੀ ਤੈਅ ਹੈ। ਜਦੋਂ ਦੁਬਾਰਾ ਗੋਲੀਆਂ ਚੱਲੀਆਂ ਤਾਂ ਮੇਰੀ ਲੱਤ ਵਿਚ ਗੋਲੀ ਲੱਗੀ ਜੋ ਕਿ, ਚੂਲੇ ਵਿਚ ਜਾ ਕੇ ਫਸ ਗਈ। ਪਰ ਮੈਂ ਜ਼ਰਾ ਜਿੰਨੀ ਵੀ ਅਵਾਜ਼ ਨਹੀਂ ਕੱਢੀ। ਮੈਨੂੰ ਵੀ ਉਨ੍ਹਾਂ ਨੇ ਮਰਿਆ ਹੋਇਆ ਸਮਝ ਲਿਆ। ਸਾਰਿਆਂ ਨੂੰ ਮਾਰਨ ਤੋਂ ਬਾਅਦ ਹਮਲਾਵਰਾਂ ਨੇ ਜੈ ਹਿੰਦ, 'ਜੈ ਮਾਤਾ ਦੀ' ਅਤੇ 'ਭਾਰਤ ਮਾਤਾ ਕੀ ਜੈ' ਦੇ ਨਾਅਰੇ ਲਗਾਏ ਅਤੇ ਚਲੇ ਗਏ। ਮੈਂ ਉੱਠ ਕੇ ਵੇਖਿਆ, ਤਾਂ ਕਿਸੇ ਨੇ ਮੈਨੂੰ ਆਪਣੀ ਬਾਂਹ ਨਾਲ ਫ਼ੜਿਆ ਹੋਇਆ ਸੀ, ਜਦੋਂ ਮੈਂ ਬਾਂਹ ਚੁੱਕ ਕੇ ਧਿਆਨ ਨਾਲ ਵੇਖਿਆ ਤਾਂ ਇਹ ਮੇਰਾ ਪੁੱਤਰ ਗੁਰਮੀਤ ਸਿੰਘ ਸੀ। ਮੈਂ ਉਸਦੇ ਸਰੀਰ ਨੂੰ ਹਲੂਣ ਕੇ ਜਗਾਉਣ ਦੀ ਕੋਸਿਸ਼ ਕੀਤੀ, ਉਸਦੇ ਸਿਰ ਤੇ ਹੱਥ ਰੱਖਿਆ ਜੋ ਕਿ ਖ਼ੂਨ ਨਾਲ ਲੱਥਪਥ ਸੀ। ਮੇਰੇ ਚਿਹਰੇ 'ਤੇ ਹੰਝੂ ਵਹਿ ਤੁਰੇ। ਮੈਂ ਖੜ੍ਹਾ ਨਹੀਂ ਹੋ ਸਕਿਆ। ਮੈਨੂੰ ਪਾਣੀ ਦਾ ਇੱਕ ਘੁੱਟ ਚਾਹੀਦਾ ਸੀ। ਮੇਰੇ ਸਾਹਮਣੇ ਖ਼ੂਨ ਨਾਲ ਲੱਥਪੱਥ ਲਾਸ਼ਾਂ ਦਾ ਢੇਰ ਪਿਆ ਸੀ, ਕੁਝ ਅਜੇ ਵੀ ਸਹਿਕ ਰਹੇ ਸਨ। ਹਰ ਕਿਸੇ ਨੂੰ 10 ਤੋਂ 12 ਗੋਲੀਆਂ ਲੱਗੀਆਂ ਸਨ। ਉਹ ਭਿਆਨਕ ਦ੍ਰਿਸ਼ ਮੇਰੇ ਦਿਮਾਗ 'ਤੇ ਅੱਜ ਵੀ ਛਪਿਆ ਹੋਇਆ ਹੈ"।

ਇਨ੍ਹਾਂ 35 ਸ਼ਹੀਦਾਂ ਵਿਚ ਸ. ਨਾਨਕ ਸਿੰਘ ਦੇ ਛੋਟੇ ਪੁੱਤਰ ਸਮੇਤ ਪਰਿਵਾਰ ਦੇ ਕੁੱਲ੍ਹ 7 ਜੀਅ ਸਨ। ਸ. ਨਾਨਕ ਸਿੰਘ ਅਨੁਸਾਰ ਹਮਲਾਵਰ ਇੱਕ ਦੂਸਰੇ ਨੂੰ ਪਵਨ, ਬੰਸੀ ਅਤੇ ਬਹਾਦਰ ਕਹਿ ਕੇ ਬੁਲਾ ਰਹੇ ਸਨ।

ਨਰਿੰਦਰ ਕੌਰ, ਜਿਨ੍ਹਾਂ ਨੇ ਆਪਣੇ ਪਤੀ ਸਮੇਤ ਪਰਿਵਾਰ ਦੇ ਸਾਰੇ ਤਿੰਨ ਪੁਰਸ਼ ਮੈਂਬਰ ਗਵਾਏ ਸਨ, ਨੇ ਕਿਹਾ ਸੀ, *ਮੈਂ ਇਸ ਵਿਨਾਸ਼ਕਾਰੀ ਸ਼ਾਮ ਨੂੰ ਨਹੀਂ ਭੁਲਾ ਸਕਦੀ। ਫੌਜ ਦੇ ਕਪੜਿਆਂ ਵਿਚਲੇ ਮਰਦਾਂ ਨੇ ਸਾਡੇ ਪਰਿਵਾਰ ਦੇ ਮਰਦਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਬਾਹਰ ਨਿਕਲਣ ਅਤੇ ਬਾਹਰ ਇਕੱਠੇ ਹੋਣ ਲਈ ਕਿਹਾ ਕਿਉਂਕਿ ਉਨ੍ਹਾਂ ਨੇ ਘਰਾਂ ਦੀ ਤਲਾਸ਼ੀ ਲੈਣੀਂ ਹੈ।

ਉਸਨੇ ਕਿਹਾ ਕਿ ਉਸ ਦਾ ਪਤੀ, ਅਤੇ ਉਨ੍ਹਾਂ ਦੇ ਦੋ ਪੁੱਤਰ ਵੀ ਉਨ੍ਹਾਂ ਦੇ ਭਰੋਸੇ ਤੋਂ ਬਾਅਦ ਬਾਹਰ ਨਿਕਲੇ ਸਨ, ਕਿ ਸਿਰਫ ਉਨ੍ਹਾਂ ਦੇ ਪਛਾਣ ਪੱਤਰਾਂ ਦੀ ਜਾਂਚ ਕੀਤੀ ਜਾਵੇਗੀ। ਕੁਝ ਦੇਰ ਬਾਅਦ ਅਸੀਂ ਗੋਲੀਆਂ ਦੀ ਆਵਾਜ਼ ਸੁਣੀਂ ਅਤੇ ਚੀਕਾਂ ਮਾਰੀਆਂ, ਮੈਂ ਹੋਰਨਾਂ ਗੁਆਂਢੀਆਂ ਦੇ ਨਾਲ ਇਹ ਵੇਖਣ ਲਈ ਬਾਹਰ ਗਈ ਕਿ ਕੀ ਹੋ ਰਿਹਾ ਹੈ? ਚਾਰ ਮਿੰਟ ਪਹਿਲਾਂ ਜਿਉਂਦੇ ਬੰਦੇ ਲਾਸ਼ਾਂ ਬਣ ਚੁੱਕੇ ਸਨ ਅਤੇ ਚਾਰੇ ਪਾਸੇ ਖ਼ੂਨ ਹੀ ਖ਼ੂਨ ਸੀ।

ਨਰਿੰਦਰ ਕੌਰ ਦੇ ਪ੍ਰੀਵਾਰ ਵਿੱਚ ਦੋ ਲੜਕੀਆਂ ਅਤੇ ਬਜ਼ੁਰਗ ਸਹੁਰਾ ਰਹਿ ਗਏ। ਮੇਰੇ ਪਤੀ ਦਾ ਭਰਾ ਉੱਤਮ ਸਿੰਘ ਅਤੇ ਉਸ ਦੇ ਦੋ ਪੁੱਤਰਾਂ ਅਜੀਤ ਪਾਲ ਸਿੰਘ ਅਤੇ ਗੁਰਦੀਪ ਸਿੰਘ ਵੀ ਮਾਰੇ ਗਏ ਸਨ। *ਮੈਂ ਪਿਛਲੇ 18 ਸਾਲਾਂ ਤੋਂ ਆਪਣੇ ਤਿੰਨ ਮੈਂਬਰਾਂ ਨੂੰ ਗੁਆਉਣ ਦੇ ਸਦਮੇ ਵਿਚ ਜੀ ਰਹੀ ਹਾਂ।

76 ਸਾਲਾ ਜੀਤ ਕੌਰ ਨੇ ਵੀ ਆਪਣੇ ਪਰਿਵਾਰ ਦੇ ਪੰਜ ਪੁਰਸ਼ ਮੈਂਬਰ ਗਵਾਏ। ਉਸ ਦਾ ਪਤੀ- ਫਕੀਰ ਸਿੰਘ ਅਤੇ ਦੋ ਬੇਟੇ ਕਰਨੈਲ ਸਿੰਘ ਅਤੇ ਸੀਤਲ ਸਿੰਘ ,ਉਸ ਦੇ ਦਾਦਾ ਜੀਤੇਂਦਰ ਸਿੰਘ ਅਤੇ ਸੋਨੀ ਸਿੰਘ ਵੀ ਗੋਲੀਆਂ ਨਾਲ ਭੁੰਨ ਸੁਟੇ।

ਜੀਤ ਦੇ ਵੱਡੇ ਪੁੱਤਰ ਕਰਨੈਲ ਸਿੰਘ ਦੀ ਪਤਨੀ ਵਿਧਵਾ ਪ੍ਰਕਾਸ਼ ਕੌਰ, (51) ਦੀਆਂ ਦੋ ਲੜਕੀਆਂ ਅਤੇ ਛੋਟੇ ਪੁੱਤਰ ਦੀ ਵਿਧਵਾ ਸ਼ੇਸ਼ਾਂਤ ਕੌਰ, 50 ਦੇ ਦੋ ਬੇਟੇ ਅਤੇ ਇਕ ਬੇਟੀ ਹੈ।ਜੀਤ ਕੌਰ ਦਾ ਕਹਿਣਾ ਹੈ, *ਮੇਰੀ ਹਰ ਚੀਜ ਗੁਆਚ ਗਈਂ, ਮੈਂ ਪੋਤਰੇ ਤੇ ਪੋਤਰੀਆ ਦਾ ਮੂੰਹ ਦੇਖ ਕੇ ਜਿਉਂਦੀ ਹਾਂ।ਪ੍ਰਕਾਸ਼ ਕੌਰ -56 ਆਪਣੇ ਪਤੀ ਰਘੂਨਾਥ ਸਿੰਘ ਅਤੇ ਜਵਾਈ ਨੂੰ ਕਤਲੇਆਮ ਵਿਚ ਗੁਆ ਬੈਠੀ ਦਾ ਕਹਿਣਾ ਹੈ ਕਿ ਦੋਸ਼ੀਆਂ ਨੂੰ ਜੱਗ ਜਾਹਰ ਕੀਤਾ ਜਾਵੇ।

ਇਸ ਕਤਲੇਆਮ ਵਿੱਚ ਪੀੜਤ ਪਰਿਵਾਰਾਂ ਦੀ ਮੰਗ ਹੈ ਕਿ ਭਾਵੇਂ ਕਿ ਪਥਰੀਬਲ ਪੀੜਤਾਂ ਅਤੇ ਬਰਕਪੁਰਾ ਵਿਚ ਮਾਰੇ ਗਏ ਲੋਕਾਂ ਨੂੰ ਇਨਸਾਫ਼ ਦਿਵਾਉਣਾ ਜਾਰੀ ਹੈ ਪਰ ਘੱਟੋ ਘੱਟ ਸੱਚਾਈ ਸਾਹਮਣੇ ਆ ਗਈ ਹੈ ਕਿ ਫੌਜ ਅਤੇ ਪੁਲਿਸ ਇਹਨਾਂ ਘਟਨਾਵਾਂ ਲਈ ਜ਼ਿੰਮੇਵਾਰ ਹੈ। ਸਾਡੇ ਕੇਸ ਵਿਚ, ਅਣਜਾਣੇ ਕਾਰਨਾਂ ਕਰਕੇ ਸੱਚਾਈ ਨੂੰ ਲੁਕਾਇਆ ਗਿਆ ਹੈ ਅਤੇ ਸੂਬਾ ਜਾਂ ਕੇਂਦਰ ਸਰਕਾਰ ਦੁਆਰਾ ਇਸ ਘਟਨਾ ਵਿਚ ਕੋਈ ਜਾਂਚ ਨਹੀਂ ਕੀਤੀ ਗਈ, ਜਿਸ ਕਰਕੇ ਪੀੜਤ ਸਿੱਖ ਪਰਿਵਾਰ ਉਦਾਸ ਹਨ।ਪੀੜਤ ਪਰਿਵਾਰਾਂ ਤੋਂ ਇਲਾਵਾ ਸਿੱਖ ਸੰਸਥਾਵਾਂ ਵੀ ਕਤਲੇਆਮ ਦੀ ਜਾਂਚ ਦੀ ਮੰਗ ਕਰ ਰਹੀਆਂ ਹਨ।ਸਾਰੀਆਂ ਪਾਰਟੀਆਂ ਦੀ ਸਿੱਖ ਤਾਲਮੇਲ ਕਮੇਟੀ ਕਸ਼ਮੀਰ ਨੇ ਇਹ ਦ੍ਰਿੜ ਕਰਦੇ ਹੋਏ ਕਿਹਾ ਕਿ ਇਸ ਕਤਲੇਆਮ ਦੇ ਨਿਆਂ ਲਈ ਲੜਨਾ ਲਈ ਜਾਰੀ ਰਹੇਗਾ ਤਾਂ ਜੋ ਦੋਸ਼ੀਆਂ ਨੂੰ ਸਾਹਮਣੇਂ ਲਿਆਂਦਾ ਜਾ ਸਕੇ।

ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਚ ਕੀਤੇ ਗਏ ਹਮਲੇ ਨੇ ਉਨ੍ਹਾਂ ਦੇ ਮਨ ਨੂੰ ਗਹਿਰਾ ਦੁੱਖ ਪਹੁੰਚਾਇਆ ਹੈ ਅਤੇ ਮਾਰਚ 2000 ਵਿਚ ਕਸ਼ਮੀਰ ਦੇ ਚਿੱਟੀ ਸਿੰਘਪੁਰਾ ਵਿਚ ਕਤਲ ਕੀਤੇ ਗਏ 35 ਸਿੱਖਾਂ ਦੀ ਯਾਦ ਦਿਵਾਈ ਹੈ ਜਿਸ ਵਿਚ ਹੁਣ ਤਕ ਸੱਚ ਸਾਹਮਣੇ ਨਹੀਂ ਆਇਆ ਹੈ। ਉਨ੍ਹਾਂ ਕਿਹਾ ਕਿ ਪਹਿਲਗਾਮ ਵਿਚ ਵਾਪਰੀ ਘਟਨਾ ਦਾ ਇਨਸਾਫ਼ ਹੋਵੇ ਅਤੇ ਇਸ ਦੇ ਨਾਲ ਹੀ ਚਿੱਟੀ ਸਿੰਘਪੁਰਾ ਵਿਚ ਵਾਪਰੀ ਘਟਨਾ ਦਾ ਵੀ ਸੱਚ ਸਾਹਮਣੇ ਲਿਆ ਕਿ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦੇਣਾ ਚਾਹੀਦਾ ਹੈ।


SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN
ACCOUNTING FOR TRANSPORT COMPANIES

Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2




NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ
"Over 20 years experience as Denturist"
• ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
• ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
• ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
• ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।
BALRAJ (REGGIE) GILL
R.D. Bsc. Registered Denturist

ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

# ਕੈਨੇਡਾ ਚੋਣਾਂ 2025 ’ਚ ਫਿਰ ਲਟਕਵੀਂ ਪਾਰਲੀਮੈਂਟ

ਦਰਬਾਰਾ ਸਿੰਘ ਕਾਹਲੋਂ
-ਸੰਪਰਕ : +12898292929

28 ਅਪ੍ਰੈਲ ਨੂੰ ਕੈਨੇਡਾ ਦੀਆਂ ਸਨੈਪ ਫੈਡਰਲ ਚੋਣਾਂ ’ਚ ਜੋ ਨਤੀਜੇ ਹੁਣ ਤਕ ਸਾਹਮਣੇ ਆਏ ਹਨ, ਇਨ੍ਹਾਂ ’ਚ ਕਿਸੇ ਵੀ ਰਾਜਨੀਤਕ ਪਾਰਟੀ ਨੂੰ 343 ਮੈਂਬਰਾਂ ’ਤੇ ਅਧਾਰਿਤ ਹਾਊਸ ਆਫ਼ ਕਾਮਨਜ਼ ’ਚ ਬਹੁਮਤ ਪ੍ਰਾਪਤ ਨਹੀਂ ਹੋਇਆ। 23 ਮਾਰਚ ਨੂੰ ਸਦਨ ਭੰਗ ਹੋਣ ਸਮੇਂ ਲਿਬਰਲ ਸੱਤਾਧਾਰੀ ਪਾਰਟੀ ਕੋਲ 152, ਕੰਜ਼ਰਵੇਟਿਵ ਕੋਲ 120, ਨਿਊ ਡੈਮੋਕ੍ਰੇਟਿਕ ਪਾਰਟੀ (ਐੱਨਡੀਪੀ) ਕੋਲ 24, ਬਲਾਕ ਕਿਊਬੈਕ ਕੋਲ 33, ਗਰੀਨ ਪਾਰਟੀ ਕੋਲ 2 ਸੀਟਾਂ ਸਨ।

ਦੇਸ਼ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਡਲ ਟਰੰਪ ਵੱਲੋਂ ਆਰਿਥਕ, ਸੁਰੱਖਿਆ, ਪ੍ਰਵਾਸ ਅਤੇ ਯੁੱਧਨੀਤਕ ਚੁਣੌਤੀਆਂ ਸਾਹਮਣੇ ਅਮਰੀਕਾ ਦੇ 51ਵੇਂ ਸੂਬੇ ਵਜੋਂ ਸ਼ਾਮਲ ਹੋਣ ਲਈ ਦਬਾਅ, ਟੈਰਿਫ ਲਗਾ ਕੇ ਇਸ ਦੀ ਆਰਥਿਕਤਾ ਢਹਿ ਢੇਰੀ ਕਰਨ ਦੀਆਂ ਆਏ ਦਿਨ ਧਮਕੀਆਂ, ਕੈਨੇਡਾ ਦੀ ਪ੍ਰਭੂਸੱਤਾ, ਏਕਤਾ ਅਤੇ ਅਖੰਡਤਾ, ਇਸ ਦੀ ਆਨ ਸ਼ਾਨ ਨੂੰ ਖ਼ਤਰੇ ਕਰਕੇ ਸਮਝਿਆ ਜਾ ਰਿਹਾ ਸੀ ਕਿ ਲੋਕ ਇਸ ਵਾਰ ਇਕ ਪ੍ਰਭਾਵਸ਼ਾਲੀ ਆਗੂ ਦੀ ਅਗਵਾਈ ’ਚ ਬਹੁਮਤ ਵਾਲੀ ਸਰਕਾਰ ਚੁਣਨਗੇ। ਪਿਛਲੀਆਂ 8 ਚੋਣਾਂ ’ਚੋਂ 5 ’ਚ ਲੋਕਾਂ ਨੇ ਲਟਕਵੀਂ ਪਾਰਲੀਮੈਂਟ ਚੁਣੀ ਸੀ। ਦੇਸ਼ ਨੂੰ ਲਗਾਤਾਰ ਘੱਟ ਗਿਣਤੀ ਸਰਕਾਰਾਂ ਮਿਲਣ ਕਰਕੇ ਆਰਥਿਕ, ਪ੍ਰਸ਼ਾਸਨਿਕ, ਸੁਰੱਖਿਆ ਅਤੇ ਵਿਦੇਸ਼ਾਂ ਨਾਲ ਸਬੰਧਤ ਨੀਤੀਆਂ ਦੇ ਨਿਰਮਾਣ ਅਤੇ ਵਿਕਾਸ ’ਤੇ ਵੱਡਾ ਪ੍ਰਭਾਵ ਪਿਆ।



ਹੁਣ ਤੱਕ ਆਏ ਰੁਝਾਨਾਂ ਅਨੁਸਾਰ ਕੈਨੇਡਾ ਦੇ ਲੋਕਾਂ ਨੇ ਇਕ ਵਾਰ ਫਿਰ ਲਟਕਵੀਂ ਪਾਰਲੀਮੈਂਟ ਅਤੇ ਲਗਾਤਾਰ ਤੀਸਰੀ ਵਾਰ ਭਾਵ ਸੰਨ 2019, 2021 ਅਤੇ ਹੁਣ 2025 ’ਚ ਲਿਬਰਲ ਪਾਰਟੀ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਪੱਖ ’ਚ ਘੱਟ ਗਿਣਤੀ ਸਰਕਾਰ ਦੇ ਹੱਕ ’ਚ ਫੈਸਲਾ ਦਿੱਤਾ ਦਿਖਾਈ ਦਿੱਤਾ ਹੈ। ਇਸ ਸਮੇਂ ਰੁਝਾਨ ਦਰਸਾਉਂਦੇ ਹਨ ਕਿ ਲਿਬਰਲ ਪਾਰਟੀ ਨੂੰ 168, ਕੰਜ਼ਰਵੇਟਿਵ ਪਾਰਟੀ ਨੂੰ 144, ਐੱਨ.ਡੀ.ਪੀ ਨੂੰ 7 ਬਲਕਿ ਕਿਊਬੈਕ ਨੂੰ 23 ਅਤੇ ਗਰੀਨ ਪਾਰਟੀ ਨੂੰ 1 ਸੀਟ ਹਾਸਲ ਹੋਵੇਗੀ। ਹੈਰਾਨਗੀ ਦੀ ਗੱਲ ਇਹ ਹੈ ਕਿ ਚੋਣਾਂ ਵਾਲੇ ਦਿਨ ਅਮਰੀਕੀ ਰਾਸ਼ਟਰਪਤੀ ਨੇ ਬੜੇ ਸ਼ਰਮਨਾਕ ਢੰਗ ਨਾਲ ਦਖ਼ਲ ਦਿੱਤਾ। ਕਿਹਾ ਕਿ ਉਹ ਕੈਨੇਡਾ ਦੇ ਮਹਾਨ ਲੋਕਾਂ ਦੀ ਚੰਗੀ ਕਿਸਮਤ ਦੀ ਕਾਮਨਾ ਕਰਦਿਆਂ ਜ਼ੋਰ ਦਿੰਦਾ ਹਾਂ ਕਿ ਕੈਨੇਡੀਅਨ ਵੋਟਰ ਉਸ ਵਿਅਕਤੀ (ਭਾਵ ਮੈਨੂੰ) ਵੋਟ ਕਰਨ ਜਿਸ ਕੋਲ ਸ਼ਕਤੀ ਅਤੇ ਸੂਝ ਹੈ ਤੁਹਾਡੇ ਟੈਕਸ ਅੱਧੇ ਕਰਨ ਦੀ, ਤੁਹਾਡੀ ਫ਼ੌਜੀ ਸ਼ਕਤੀ ਵਧਾਉਣ, ਮੁਫ਼ਤ ’ਚ ਤੁਹਾਨੂੰ ਵਿਸ਼ਵ ਦੀ ਟੀਸੀ ’ਤੇ ਪਹੁੰਚਾਉਣ, ਤੁਹਾਡੀਆਂ ਉਤਪਾਦਤ ਵਸਤਾਂ ਖ਼ਰੀਦਣ, ਤੁਹਾਨੂੰ ਚੌਗੁਣੇ ਰੂਪ ’ਚ ਜ਼ੀਰੋ ਟੈਕਸਾਂ ਅਤੇ ਜ਼ੀਰੋ ਟੈਰਿਫ਼ਾਂ ਜ਼ਰੀਏ ਵਿਕਸਤ ਕਰਨ ਦੀ, ਜੇ ਤੁਸੀਂ ਅਮਰੀਕਾ ਦਾ 51ਵਾਂ ਸੂਬਾ ਬਣ ਜਾਓ। ਅਮਰੀਕਾ ਦੇ ਗ੍ਰਹਿ ਸਕੱਤਰ ਮਾਰਕੋ ਰੂਬੀਓ ਦਾ ਕਹਿਣਾ ਸੀ ਕਿ ਟਰੰਪ ਦਾ ਅਸਲ ਮਕਸਦ ਕੈਨੇਡਾ ਨਾਲ ਵਪਾਰ ਘਾਟਾ ਨਜਿੱਠਣਾ ਹੈ। ਇਹ ਤਾਂ ਹੀ ਵਧੀਆ ਢੰਗ ਨਾਲ ਨਜਿੱਠਿਆ ਜਾ ਸਕਦਾ ਹੈ ਜੇਕਰ ਕੈਨੇਡਾ ਇਕ ਰਾਜ ਵਜੋਂ ਅਮਰੀਕਾ ’ਚ ਸ਼ਾਮਲ ਹੋ ਜਾਏ ਪਰ ਤੁਰੰਤ ਟਰੰਪ ਨੂੰ ਠੋਕਵਾਂ ਜਵਾਬ ਦਿੰਦਿਆਂ ਕੰਜ਼ਰਵੇਟਿਵ ਪਾਰਟੀ ਦੇ ਆਗੂ ਪੇਅਰੋ ਪੋਲੀਵਰ ਅਤੇ ਲਿਬਰਲ ਪਾਰਟੀ ਆਗੂ ਮਾਰਕ ਕਾਰਨੀ ਪ੍ਰਧਾਨ ਮੰਤਰੀ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਕੈਨੇਡਾ ਚੋਣਾਂ ਤੋਂ ਦੂਰ ਰਹੇ। ਕੈਨੇਡਾ ਦੇ ਲੋਕ ਆਪਣੀ ਭਵਿੱਖੀ ਹੋਣੀ ਦਾ ਫ਼ੈਸਲਾ ਮੱਤ ਪੇਟੀ ਰਾਹੀਂ ਕਰਨਗੇ। ਕੈਨੇਡਾ ਨੂੰ ਆਪਣੀ ਪ੍ਰਭੂਸੱਤਾ, ਆਪਣੀ ਆਜ਼ਾਦੀ, ਆਪਣੀ ਏਕਤਾ ਅਤੇ ਅਖੰਡਤਾ ’ਤੇ ਮਾਣ ਹੈ। ਕੈਨੇਡਾ ਕਦੇ ਅਮਰੀਕਾ ਦਾ 51ਵਾਂ ਸੂਬਾ ਨਹੀਂ ਬਣੇਗਾ।

ਚੋਣਾਂ ’ਚ ਹੈਰਾਨ ਕੁੱਝ ਨਤੀਜੇ ਵੀ ਸਾਹਮਣੇ ਆਏ ਹਨ। ਕੰਜ਼ਰਵੇਟਿਵ ਪਾਰਟੀ ਆਗੂ ਪੇਅਰੇ ਪੋਲੀਵਰ ਜੋ ਦੇਸ਼ ’ਚ ਰਾਜਨੀਤਕ ਬਦਲਾਅ ਲਈ ਲੜ ਰਿਹਾ ਸੀ, ਵੈਸੇ ਵੀ ਉਹ ਜਨਵਰੀ, 2025 ਤੱਕ ਕੈਨੇਡਾ ’ਚ ਭਵਿੱਖੀ ਫੈਡਰਲ ਚੋਣਾਂ ’ਚ ਆਪਣੀ ਪਾਰਟੀ ਦੀ ਭਾਰੀ ਜਿੱਤ ਅਤੇ ਸਰਕਾਰ ਬਣਾਉਣ ਦੀ ਆਸ ਲਗਾਈ ਬੈਠਾ ਸੀ, ਜਿਸ ਨੇ ਇਕ ਵਧੀਆ ਰਾਜਨੀਤਕ ਜੋਧੇ ਵਜੋਂ ਚੋਣ ਲੜਨ ’ਚ ਕੋਈ ਕਸਰ ਨਹੀਂ ਛੱਡੀ ਕਿਉਂਕਿ 2015, 2019, 2021 ਦੀਆਂ ਫੈਡਰਲ ਚੋਣਾਂ ’ਚ ਕੰਜ਼ਰਵੇਟਿਵ ਪਾਰਟੀ ਨੂੰ ਲਗਾਤਾਰ ਹਾਰਾਂ ਦਾ ਸਾਹਮਣਾ ਕਰਨ ਪੈ ਰਿਹਾ ਸੀ, ਖ਼ੁਦ ਕਾਰਲੇਟਨ ਓਂਟਾਰੀਓ ਦੀ ਸੀਟ ਤੋਂ ਹਾਰ ਗਿਆ। ਉਸ ਨੂੰ ਆਪਣੇ ਹਲਕੇ ’ਚ 91 ਉਮੀਦਵਾਰਾਂ ਦਾ ਸਾਹਣਾ ਕਰਨ ਪੈ ਰਿਹਾ ਸੀ, ਕੰਜ਼ਰਵੇਟਿਵ ਪਾਰਟੀ ਨੇ ਆਖ਼ਰੀ ਮੌਕੇ ਭਾਰਤੀ ਰਾਜਨੀਤਕ ਪਾਰਟੀ ਭਾਜਪਾ ਵਾਂਗ ਇਸ ਹਲਕੇ ’ਚ ਆਪਣਾ ਚੋਣਵੇਂ ਪਾਰਟੀ ਕਾਰਡ ਲੱਕ ਦਿੱਤਾ ਸੀ ਪਰ ਉਹ ਪੋਲੀਵਰ ਦੀ ਸੀਟ ਨਾ ਬਚਾ ਸਕੇ। ਇਹ ਸੀਟ ਲਿਬਰਲ ਪਾਰਟੀ ਦੇ ਆਗੂ ਬਰੂਸ ਫੈਨ ਜੋਏ ਨੇ ਜਿੱਤੀ ਹੈ। ਉਸ ਨੇ ਪੋਲੀਵਰ ਦੀਆਂ 38581 ਵੋਟਾਂ ਮੁਕਾਬਲੇ 42374 ਵੋਟਾਂ ਪ੍ਰਾਪਤ ਕਰ ਕੇ ਜਿੱਤ ਹਾਸਲ ਕਰ ਲਈ ਹੈ। ਕੰਜ਼ਰਵੇਟਿਵ ਪਾਰਟੀ ਨੂੰ ਇਹ ਬਹੁਤ ਵੱਡਾ ਸਦਮਾ ਲਗਾ ਹੈ।

ਦੂਸਰਾ ਹੈਰਾਨਕੁੰਨ ਨਤੀਜਾ ਐੱਨਡੀਪੀ ਪਾਰਟੀ ਦੇ ਸੁਪਰੀਮੋ ਜਗਮੀਤ ਸਿੰਘ ਬ੍ਰਿਟਿਸ਼ ਕੋਲੰਬੀਆ ਸੂਬੇ ’ਚ ਜਿੱਥੇ ਇਸ ਪਾਰਟੀ ਦੀ ਸਰਕਾਰ ਵੀ ਹੈ, ਕਰਨਬੇਅ ਹਲਕੇ ਤੋਂ ਲਿਬਰਲ ਪਾਰਟੀ ਦੇ ਉਮੀਦਵਾਰ ਹੱਥੋ ਹੋਈ ਹਾਰ ਹੈ। ਉਸ ਨੇ ਤਾਂ ਇਸ ਕਰ ਕੇ ਪਾਰਟੀ ਲੀਡਰਸ਼ਿਪ ਤੋਂ ਲਾਂਭੇ ਹੋਣ ਦਾ ਫ਼ੈਸਲਾ ਲਿਆ ਹੈ। ਵਰਣਨਯੋਗ ਹੈ ਕਿ ਇਸ ਵਾਰ ਐੱਨ.ਡੀ.ਪੀ ਜਗਮੀਤ ਸਿੰਘ ਦੀ ਅਗਵਾਈ ’ਚ ਆਪਣਾ ਮਾਨਤਾ ਪ੍ਰਾਪਤ ਵਿਰੋਧੀ ਪਾਰਟੀ ਦਾ ਰੁਤਬਾ ਵੀ ਹਾਊਸ ਆਫ ਕਾਮਨਜ਼ ’ਚੋਂ ਗੁਆ ਚੁੱਕੀ ਹੈ। ਇਸ ਰੁਤਬੇ ਲਈ ਕਿਸੇ ਵੀ ਰਾਜਨੀਤਕ ਪਾਰਟੀ ਕੋਲ ਸਦਨ ’ਚ ਘੱਟੋ ਘੱਟ 12 ਸੀਟਾਂ ਹੋਣੀਆਂ ਜ਼ਰੂਰੀ ਹਨ। ਨਤੀਜਿਆਂ ਦੇ ਰੁਝਾਨ ਪੰਜਾਬੀਆਂ ਦੇ ਹੱਕ ’ਚ ਚੜ੍ਹਤ ਦਰਸਾ ਰਹੇ ਹਨ। 65 ਕੁ ਪੰਜਾਬੀ ਅੰਤ ਸਿੱਖ ਭਾਈਚਾਰੇ ਨਾਲ ਜੋ ਉਮੀਦਵਾਰ ਲੜ ਰਹੇ ਸਨ ਐਤਕੀਂ ਮੁੜ ਪਿਛਲੀ ਵਾਰ 18 ਦੇ ਮੁਕਾਬਲੇ 22 ਉਮੀਦਵਾਰ ਜਿੱਤ ਰਹੇ ਹਨ। ਇਨ੍ਹਾਂ ’ਚ ਜਿੱਤਣ ਵਾਲਿਆਂ ’ਚ ਅਹਿਮ ਰੂਬੀ ਸਹੋਤਾ, ਮਨਿੰਦਰ ਸਿੱਧੂ, ਅਨੀਤਾ ਅਨੰਦ (ਕੈਬਨਿਟ ਮੰਤਰੀ), ਬਰਦੀਸ਼ ਚਗਰ (ਸਾਬਕਾ ਮੰਤਰੀ), ਅੰਜੂ ਢਿੱਲੋਂ, ਮੁੱਖ ਧਾਲੀਵਾਲ, ਇਕਵਿੰਦਰ ਸਿੰਘ, ਰਨਦੀਪ ਸਿੰਘ, ਗੁਰਬਖ਼ਸ਼ ਸੈਣੀ ਪਰਮ ਬੈਂਸ ਲਿਬਰਲ ਪਾਰਟੀ ਨਾਲ ਸਬੰਧਤ ਹਨ। ਕੰਜ਼ਰਵੇਟਿਵ ਪਾਰਟੀ ਨਾਲ ਸਬੰਧਤ ਜੇਤੂ ਪੰਜਾਬੀ ਉਮੀਦਵਾਰ ਜਸਰਾਜ ਹਾਲਨ, ਦਵਿੰਦਰ ਗਿੱਲ, ਅਮਨਦੀਪ ਗਿੱਲ, ਅਰਪਨ ਖੰਨਾ, ਟਿਮ ਉਪਲ (ਸਾਬਕਾ ਮੰਤਰੀ) ਪਰਮ ਗਿੱਲ, ਸੁਖਮਨ ਗਿੱਲ, ਜਗਸ਼ਰਨ ਸਿੰਗ ਮਾਹਲ, ਹਰਬ ਗਿੱਲ ਆਦਿ ਸ਼ਾਮਲ ਹਨ।

ਹਾਰਨ ਵਾਲਿਆਂ ’ਚ ਕਮਲ ਖਹਿਰਾ (ਕੈਬਨਿਟ ਮੰਤਰੀ) ਮਹੱਤਵਪੂਰਨ ਉਮੀਦਵਾਰ ਸੀ ਜੋ ਲਿਬਰਲ ਪਾਰਟੀ ਵੱਲੋਂ ਖੜ੍ਹੀ ਸੀ। ਕੈਨੇਡਾ ਇਸ ਵਾਰ ਮੁੜ ਘੱਟ ਗਿਣਤੀ ਲਿਬਰਲ ਪਾਰਟੀ ਦੀ ਸਰਕਾਰ ਦੀ ਅਗਵਾਈ ਨਵੇਂ ਆਰਿਤਕ ਮਾਹਿਰ ਆਗੂ ਮਾਰਕ ਕਾਰਨੀ ਕਰਨ ਜਾ ਰਹੇ ਹਨ। ਜਸਟਿਨ ਟਰੂਡੋ ਨੇ ਇਸ ਪਾਰਟੀ ਦੀ ਅਗਵਾਈ ਵਾਲੀਆਂ ਤਿੰਨ ਸਰਕਾਰਾਂ ਸਨ 2015 (ਬਹੁਮਤ ਸਰਕਾਰ) ਸੰਨ 2019 ਅਤੇ 2021 ਦੀਆਂ ਘੱਟ ਗਿਣਤੀ ਸਰਕਾਰਾਂ ਚਲਾਈਆਂ। ਉਨ੍ਹਾਂ ਦੇ ਪਾਰਟੀ ਅੰਦਰੋਂ ਵਿਰੋਧ ਕਰਕੇ ਉਨ੍ਹਾਂ ਨੇ ਅਸਤੀਫ਼ਾ ਦੇਣਾ ਪਿਆ। ਉਨ੍ਹਾਂ ਦੀ ਥਾਂ ਵੱਡੇ ਬਹੁਮਤ (85 ਪ੍ਰਤੀਸ਼ਤ) ਨਾਲ ਪਾਰਟੀ ਨੇ ਮਾਰਕ ਕਾਰਨੀ ਨੂੰ ਆਪਣਾ ਨੇਤਾ ਚੁਣਿਆ, ਜਿਨ੍ਹਾਂ ਨੇ ਟਰੂਡੋ ਤੋਂ ਬਾਅਦ ਸੱਤਾ ਸੰਭਾਲਦਿਆਂ 23 ਮਾਰਚ ਨੂੰ ਸਨੈਪ ਫੈਡਰਲ ਚੋਣਾਂ ਦਾ ਐਲਾਨ ਕਰ ਦਿੱਤਾ। ਵੈਸੇ ਆਮ ਚੋਣਾਂ ਅਕਤੂਬਰ, 2025 ਨੂੰ ਹੋਣੀਆਂ ਸਨ। ਉਨ੍ਹਾਂ 28 ਅਪ੍ਰੈਲ ਦੀਆਂ ਨੇਪਨ ਚੋਣ ਹਲਕੇ ਤੋਂ ਚੋਣ ਜਿੱਤੀ ਹੈ।

ਮਾਰਕ ਕਾਰਨੀ ਬੈਂਕ ਆਫ਼ ਕੈਨੇਡਾ ਅਤੇ ਬੈਂਕ ਆਫ਼ ਇੰਗਲੈਂਡ ਦੇ ਗਵਰਨਰ ਰਹਿ ਚੁੱਕੇ ਹਨ। ਉਨ੍ਹਾਂ ਕੈਨੇਡਾ ਨੂੰ 2007-08 ਦੀ ਮੰਦਹਾਲੀ ’ਚੋਂ ਬਾਹਰ ਕੱਢਣ ਕਰ ਕੇ ਵੱਡਾ ਨਾਮਣਾ ਖੱਟਿਆ। ਉਹ ਭਾਰਤ ਦੇ ਡਾਕਟਰ ਮਨਮੋਹਨ ਸਿੰਗ ਵਾਂਗ ਵਿਸ਼ਵ ਪ੍ਰਸਿੱਧ ਆਰਥਿਕ ਮਾਹਿਰ ਮੰਨੇ ਜਾਂਦੇ ਹਨ। ਉਹ ਅਮਰੀਕਾ ਨਾਲ ਮੁੜ ਤੋਂ ਨਿੱਘੇ ਸਬੰਧਾਂ ਦੀ ਥਾਂ ਹੋਰ ਰਾਸ਼ਟਰਾਂ, ਯੂਰਪੀਅਨ ਯੂਨੀਅਨ, ਚੀਨ ਅਤੇ ਭਾਰਤ ਵਰਗੇ ਦੇਸ਼ਾਂ ਨਾਲ ਵਪਾਰਕ ਅਤੇ ਆਰਥਿਕ ਸਬੰਧ ਰੱਖਣ ਦੇ ਚਾਹਵਾਨ ਹਨ।

ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਉਨ੍ਹਾਂ ਨੇ ਇਸ ਮੰਤਵ ਲਈ ਯੂਕੇ ਅਤੇ ਫਰਾਂਸ ਦਾ ਦੌਰਾ ਵੀ ਕੀਤਾ ਸੀ। ਹੁਣ ਉਹ ਦੇਸ਼ ਦੀ 25ਵੇਂ ਪ੍ਰਧਾਨ ਮੰਤਰੀ ਵਜੋਂ ਵਾਗਡੋਰ ਸੰਭਾਲ ਰਹੇ ਹਨ। ਉਨ੍ਹਾਂ ਦੀ ਸਰਕਾਰ ਅੱਗੇ ਮੁੱਖ ਚੁਣੌਤੀ ਤਾਂ ਟਰੰਪ ਆਫਤ, ਟਰੰਪ ਟੈਰਿਫ ਅਤੇ ਉਨ੍ਹਾਂ ਵੱਲੋਂ ਕੈਨੇਡਾ ਨੂੰ 51ਵੇਂ ਸੂਬੇ ਵਜੋਂ ਅਮਰੀਕਾ ’ਚ ਸ਼ਾਮਲ ਕਰਨ ਨੂੰ ਨਜਿੱਠਣਾ ਹੈ। ਇਸ ਤੋਂ ਇਲਾਵਾ ਮੁੱਖ ਚੁਣੌਤੀਆਂ ਰਹਿਣ ਦੀ ਲਾਗਤ ’ਚ ਲੱਕ ਤੋੜਵਾਂ ਵਾਧਾ, ਆਰਥਿਕ ਮੰਦਹਾਲੀ ਦੀ ਦਸਤਕ, ਮਕਾਨ ਉਸਾਰੀ ਸਿਹਤ (ਡਾਕਟਰ ਪਰਿਵਾਰਾਂ ਨੂੰ ਉਪਲਬਧ) ਨਾ ਹੋਣਾ, ਸਰਕਾਰੀ ਖ਼ਰਚੇ, ਅਪਰਾਧ ਅਤੇ ਨਸ਼ੀਲੇ ਪਦਾਰਤਾਂ ਦੀ ਤਸਕਰੀ, ਪ੍ਰਵਾਸ, ਵਾਤਾਵਰਣ ਅਤੇ ਟੈਕਸਾਂ ਨਾਲ ਨਜਿੱਠਣਾ ਹੈ। ਦੇਸ਼ ਦੀ ਸੁਰੱਖਿਆ ਨੂੰ ਮਜ਼ਬੂਤ ਕਰਨਾ ਹੈ। ਆਉਣ ਵਾਲੇ ਕੁੱਝ ਮਹੀਨੇ ਦਰਸਾਉਂਦੇ ਹਨ ਕਿ ਮਾਰਕ ਕਾਰਨੀ ਕੈਨੇਡਾ ਦੇ ਆਰਥਿਕ ਮਾਹਿਰ ਪ੍ਰਧਾਨ ਮੰਤਰੀ ਕਿਵੇਂ ਇਕ ਦੇਸ਼ ਨੂੰ ਅਨੇਕ ਚੁਣੌਤੀਆਂ ’ਚੋਂ ਬਾਹਰ ਕੱਢਦੇ ਹਨ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

NOW HIRING
Carpenter,
full time work permanent
Duties: Construct, installs, and repairs wooden structures.
1 year carpentry experience needed,
No formal language requirement
$35 per hour
Job is in Surrey, BC
Natt Star Homes Ltd.
Address: 14257 Park Drive Surrey, BC V3R5P1
Email: Setforfuture@gmail.com



# ਮਾਨਵਤਾ ਨੂੰ ਸਮਰਪਿਤ ਰੈੱਡ ਕਰਾਸ

**8 ਮਈ 'ਤੇ ਵਿਸ਼ੇਸ਼**

ਲੇਖਕ : ਸ਼ੰਕਰ ਮਹਿਰਾ, ਸੰਪਰਕ : 9988898227

ਦੁਨੀਆ ਵਿਚ ਸਮੇਂ ਸਮੇਂ ਤੇ ਯੁੱਧ ਅਤੇ ਮਹਾਂਯੁੱਧ ਹੁੰਦੇ ਰਹੇ ਹਨ ਜਿਸਦੇ ਚਲਦਿਆ ਲੱਖਾਂ ਲੋਕਾਂ ਨੇ ਆਪਣੀਆਂ ਕੀਮਤੀ ਜਾਨਾਂ ਗਵਾ ਦਿੱਤੀਆਂ ਇਸਦੇ ਨਾਲ ਨਾਲ ਕਈ ਪ੍ਰਕ੍ਰਿਤਿਕ ਆਪਦਾਵਾਂ ਨੇ ਵੀ ਆਪਣੇ ਤਾਂਡਵ ਨਾਲ ਭਾਰੀ ਤਬਾਹੀ ਮਚਾਈ । ਰੈੱਡ ਕਰਾਸ ਇਕ ਅਜਿਹੀ ਗ਼ੈਰ-ਸਰਕਾਰੀ ਸੰਸਥਾ ਹੈ, ਜੋ ਕੁਦਰਤੀ ਜਾਂ ਯੁੱਧ ਕਾਰਨ ਪੈਦਾ ਹੋਏ ਸੰਕਟ ਸਮੇਂ ਸੰਕਟ ਗ੍ਰਸਤ ਮਨੁੱਖਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੇ ਪੱਖ ਤੋਂ ਸਹਾਇਤਾ ਕਰਦੀ ਹੈ। ਰੈੱਡ ਕਰਾਸ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਅਜਿਹੀ ਕੋਈ ਸੰਸਥਾ ਨਹੀਂ ਸੀ, ਜਿਹੜੀ ਵੱਡੇ ਪੱਧਰ 'ਤੇ ਯੁੱਧ ਵਿਚ ਜ਼ਖਮੀ ਹੋਏ ਸੈਨਿਕਾਂ ਜਾਂ ਆਮ ਨਾਗਰਿਕਾਂ ਨੂੰ ਤੁਰੰਤ ਸਹਾਇਤਾ ਪਹੁੰਚਾ ਸਕਦੀ ਹੋਵੇ। ਅਜਿਹਾ ਹੋਣ ਕਾਰਨ ਬਹੁਤ ਸਾਰੇ ਜ਼ਖਮੀ ਲੋਕ ਮੌਕੇ 'ਤੇ ਸਹਾਇਤਾ ਨਾ ਮਿਲਣ ਕਾਰਨ ਦਮ ਤੋੜ ਦਿੰਦੇ ਸਨ ਜਾਂ ਨਕਾਰਾ ਹੋ ਜਾਂਦੇ ਸਨ। ਅਜਿਹਾ ਹੀ ਕੁਝ ਕਿਸੇ ਵੱਡੀ ਕੁਦਰਤੀ ਆਫ਼ਤ ਆਉਣ ਸਮੇਂ ਵਾਪਰਦਾ ਸੀ। ਇਹ ਸਭ ਦੇ ਚਲਦਿਆ ਸਰ ਜੀਨ ਹੈਨਰੀ ਡੁਨਾਂਟ ਨੇ ਕੁੱਝ ਅਜਿਹਾ ਕੰਮ ਕੀਤਾ ਜਿਸਨੇ ਜਿਸਨੇ ਮਾਨਵ ਸੇਵਾ ਦਾ ਇੱਕ ਨਵਾਂ ਰਾਹ ਖੋਲ ਦਿੱਤਾ

ਜੀਨ ਹੇਨਰੀ ਡੁਨਾਂਟ ਦਾ ਜਨਮ 8 ਮਈ 1828 ਨੂੰ ਜਨੇਵਾ (ਸਵਿਜਟਰਲੈਂਡ) ਵਿਚ ਜੀਨ ਜੈਕ ਡੁਨਾਂਟ ਦੇ ਘਰ ਮਾਤਾ ਏਨ ਐਨਟੋਇਨੀ ਦੀ ਕੁੱਖੋਂ ਹੋਇਆ । ਵਿਦਿਆ ਤੋਂ ਬਾਅਦ 1853 ਤੋਂ 1858 ਤਕ ਨੌਕਰੀ ਕਰਨ ਉਪਰੰਤ ਆਟਾ ਪੀਹਣ ਦਾ ਕਾਰਖਾਨਾ ਲਾਉਣ ਲਈ ਮਿੱਤਰਾਂ ਨਾਲ ਸੁਸਾਇਟੀ ਬਣਾਈ । 24 ਜੂਨ 1859 ਨੂੰ ਇਟਲੀ ਤੇ ਆਸਟਰੀਆ ਵਿਚਕਾਰ ਸਾਲਫਰੀਨੋ ਸ਼ਹਿਰ ਵਿਚ ਯੁੱਧ ਲੱਗ ਗਿਆ । ਇਕ ਪਾਸੇ ਇਟਲੀ ਨਾਲ ਫਰਾਂਸ ਤੇ ਦੂਜੇ ਪਾਸੇ ਆਸਟਰੀਆ ਨਾਲ ਪਰਸ਼ੀਆ ਸਨ । ਹੈਨਰੀ ਜੰਗ ਵਾਲੀ ਥਾਂ ਨੇੜੇ ਠਹਿਰਿਆ ਹੋਇਆ ਸੀ । ਚਾਰੇ ਪਾਸੇ ਖ਼ੂਨ ਨਾਲ ਲੱਥਪੱਥ ਮੈਦਾਨ ਦਿਖ ਰਿਹਾ ਸੀ। ਦੋਹਾਂ ਪਾਸਿਆਂ ਤੋਂ 40000 ਦੇ ਕਰੀਬ ਸੈਨਿਕ ਯੁੱਧ ਖੇਤਰ ਵਿੱਚ ਜਖ਼ਮੀ ਹੋਏ । ਪਾਣੀ ਦੀ ਇਕ-ਇਕ ਬੂੰਦ ਲਈ ਜ਼ਖਮੀਂ ਸੈਨਿਕ ਕਰਾਹ ਰਹੇ ਸਨ। ਮੈਦਾਨ ਵਿਚ ਉਨਾਂ ਨੂੰ ਤੜਫਦੇ ਵੇਖ ਕੇ ਹੈਨਰੀ ਦਾ ਦਿਲ ਤੜਪ ਉਠਿਆ । ਸਰ ਹੇਨਰੀ ਨੇ ਦੇਖਿਆ ਕਿ ਯੁੱਧ ਦੇ ਦੌਰਾਨ , ਅਤੇ ਕੁਦਰਤੀ ਆਪਦਾਵਾਂ ਦੇ ਚਲਦਿਆ ਕਿਵੇਂ ਹਜਾਰਾਂ ਲੋਕਾਂ ਦੀ ਜਾਨ ਜਾ ਰਹੀ ਹੈ ਅਤੇ ਪੀੜਿਤ ਲੋਕਾਂ ਲਈ ਕਿਸੇ ਕਿਸਮ ਦੀ ਮੈਡੀਕਲ ਸੁਵਿਧਾ ਦਾ ਬੰਦੋਬਸਤ ਨਹੀਂ ਹੈ ਇਲਾਜ ਨਾ ਹੋਣ ਕਾਰਣ ਲੋਕ ਤੜਫ ਤੜਫ ਕੇ ਮਰਣ ਲਈ ਮਜਬੂਰ ਹਨ । ਉਹ ਭਾਵੇਂ ਇਕੱਲਾ ਸੀ ਪਰੰਤੂ ਇਨ੍ਹਾਂ ਤੜਪ ਰਹੇ ਸੈਨਿਕਾਂ ਦੀ ਜਾਨ ਬਚਾਉਣ ਹਿੱਤ ਸਹਾਇਤਾ ਲਈ ਮੈਦਾਨ ਵਿੱਚ ਨਿੱਤਰ ਪਿਆ। ਉਸ ਨੇ ਇਟਲੀ ਵਿਚਲੇ ਕਸਬੇ ਕਾਸਟੀਲੀਅਨ ਦੇ ਪੁਰਸ਼, ਇਸਤਰੀਆਂ ਅਤੇ ਜਵਾਨ ਲੜਕੇ ਲੜਕੀਆਂ ਇਕੱਠੇ ਕੀਤੇ ਅਤੇ ਉਨ੍ਹਾਂ ਨੂੰ ਜ਼ਖਮੀਆਂ ਦੀ ਸੇਵਾ ਲਈ ਪ੍ਰੇਰਿਤ ਕੀਤਾ। ਉਸਨੇ ਪਿੰਡ ਦੇ ਲੋਕਾਂ ਨੂੰ ਲੈ ਕੇ ਗਿਰਜਾ ਘਰਾਂ,ਮੰਦਰਾਂ, ਹਸਪਤਾਲਾਂ ਵਿਚ ਪੁਚਾਇਆ । ਦੋਸਤਾਂ ਤੋਂ ਇਹ ਪ੍ਰਣ ਲਿਆ ਕਿ ਉਹ ਬਿਨਾ ਕਿਸੇ ਭੇਦ ਭਾਵ ਦੇ ਸਾਰੇ ਜ਼ਖਮੀਆਂ ਦੀ ਸੇਵਾ ਕਰਨਗੇ । 31 ਸਾਲ ਦੀ ਉਮਰ ਵਿਚ ਡਿਊਨਾ ਨੇ ਜਖ਼ਮੀ ਸਿਪਾਹੀਆਂ ਦੀ ਹਾਲਤ ਦੇ ਸੁਧਾਰਨ ਲਈ ਆਪਣਾ ਜੀਵਨ ਅਰਪਣ ਕਰਨ ਦਿਤਾ।ਸਰ ਹੈਨਰੀ ਡਿਊਨਾਟ 49 ਸਾਲ ਵੱਖ ਵੱਖ ਦੇਸਾਂ ਵਿਚ ਪ੍ਰਚਾਰ ਕਰਦਾ ਰਿਹਾ । 30 ਅਕਤੂਬਰ 1910 ਨੂੰ ਹੇਡਨ ਹਸਪਤਾਲ ਵਿਚ ਦਿਹਾਂਤ ਹੋ ਗਿਆ ।

1862 ਵਿੱਚ ਓਹਨਾ ਨੇ ਆਪਣੀ ਇੱਕ ਕਿਤਾਬ 'ਸਾਲਫਰੀਨੋ ਦੀ ਯਾਦ'( ਅ ਇਮੋਰੇ ੋਡ ਸ਼ਓਲਡੋਰਿਨੋ ) ਪ੍ਰਕਾਸ਼ਿਤ ਕੀਤੀ ਇਸ ਪੁਸਤਕ ਰਾਹੀਂ ਹੈਨਰੀ ਨੇ ਹਰ ਦੇਸ਼ ਵਿੱਚ ਇੱਕ ਅਜਿਹੀ ਸੰਸਥਾ ਬਨਾਉਣ ਦਾ ਵਿਚਾਰ ਰੱਖਿਆ ਜੋ ਯੁੱਧ ਦੌਰਾਨ ਹੋਣ ਵਾਲੇ ਜਖਮੀ ਸੈਨਿਕਾਂ ਦੀ ਬਿਨਾਂ ਕਿਸੇ ਭੇਦਭਾਵ ਦੇ ਸੇਵਾ ਸੰਭਾਲ ਕਰ ਸਕੇ। ਇਸ ਵਿਚਾਰ ਦੇ ਹੱਕ ਵਿੱਚ ਹਰ ਪਾਸਿਓਂ ਹੁੰਗਾਰਾ ਮਿਲਿਆ।

ਸਰ ਜੀਨ ਹੇਨਰੀ ਡੁਨਾਂਟ ਨੇ 1863 ਵਿਚ ਜੇਨੇਵਾ ਵਿਖੇ ਇਕ ਕਮੇਟੀ ਦਾ ਗਠਨ ਕੀਤਾ, ਜਿਸ ਦਾ ਨਾਂਅ 'ਇੰਟਰਨੈਸ਼ਨਲ ਕਮੇਟੀ ਆਫ ਰੈੱਡ ਕਰਾਸ (ਆਈ.ਸੀ.ਆਰ.ਸੀ.) ' ਰੱਖਿਆ ਗਿਆ, ਜਿਸਦਾ ਉਦੇਸ਼ ਦੁਨੀਆ ਭਰ ਵਿੱਚ ਆਪਾਤਕਾਲੀਨ ਸਥਿਤੀਆਂ ਜਿਵੇਂ ਯੁੱਧਾ , ਕੁਦਰਤੀ ਆਪਦਾਵਾਂ ਦੇ ਸ਼ਿਕਾਰ ਲੋਕਾਂ ਨੂੰ ਮਾਨਵੀ ਸਹਾਇਤਾ ਪ੍ਰਦਾਨ ਕਰਨਾ ਸੀ ।

ਗਠਨ ਦੇ ਇੱਕ ਸਾਲ ਦੇ ਵਿੱਚ ਇੰਟਰਨੈਸ਼ਨਲ ਰੈੱਡ ਕਰਾਸ ਸੰਸਥਾ ਨੇ ਯੂਰੋਪ ਦੇ ਕਈ ਦੇਸ਼ਾਂ ਅਤੇ ਸਮਾਜਿਕ ਸੰਗਠਨਾਂ ਦੇ ਪ੍ਰਤਿਨਿਧਿਆ ਕੋਲ ਡੁਨਾਂਟ ਪ੍ਰਸਤਾਵ ਭੇਜਿਆ ਜਿਸ ਵਿੱਚ ਰਾਸ਼ਟਰੀ ਆਪਦਾ ਦੇ ਸਮੇਂ ਸੈਨਿਕ ਚਿਕਿਤਸਾ ਦੀ ਗੱਲ ਕਹੀ ਗਈ । ਡੁਨਾਂਟ ਦੇ ਇਸ ਪ੍ਰਸਤਾਵ ਨੂੰ ਸੁਨ ਕੇ ਕਈ ਦੇਸ਼ਾਂ ਨੇ ਜਨੇਵਾ ਵਿਖੇ ਇੰਟਰਨੈਸ਼ਨਲ ਰੈੱਡ ਕਰਾਸ ਸੰਸਥਾ ਨਾਲ ਬੈਠਕ ਕੀਤੀ ਅਤੇ ਇਸ ਪ੍ਰਸਤਾਵ ਉੱਤੇ ਚਰਚਾ ਹੋਈ । ਆਖਿਰਕਾਰ ਹੇਨਰੀ ਦੀ ਮਿਹਨਤ ਰੰਗ ਲਿਆਈ ।

ਕੁਝ ਮੁਲਕਾਂ ਦੇ ਪ੍ਰਤੀਨਿਧਾਂ ਦੀ ਕਾਨਫਰੰਸ ਜਿਨੇਵਾ ਵਿਖੇ 1864 ਵਿਚ ਕੀਤੀ ਗਈ ਅਤੇ ਪ੍ਰਤੀਨਿਧਾਂ ਵੱਲੋਂ ਸਰ ਹੈਨਰੀ ਡੁਨਾਂਟ ਵੱਲੋਂ ਦਿੱਤੇ ਗਏ ਸੁਝਾਵਾਂ ਦੀ ਸ਼ਲਾਘਾ ਕੀਤੀ ਗਈ ।

ਆਖਿਰਕਾਰ ਸਰ ਜੀਨ ਹੇਨਰੀ ਡੁਨਾਂਟ ਦੇ ਯਤਨਾਂ ਸਦਕਾ 1864 ਵਿਚ ਪਹਿਲਾ ਜਿਨੇਵਾ ਸਮਝੌਤਾ ਹੋਇਆ। ਸ਼ੁਰੂ ਵਿੱਚ ਇਸ ਸਮਝੌਤੇ ਵਿਚ 12 ਮੁਲਕਾਂ ਨੇ ਦਸਤਖ਼ਤ ਕੀਤੇ । ਇਸ ਸਮਝੌਤੇ ਵਿਚ ਇਹ ਗੱਲਾਂ ਸ਼ਾਮਲ ਕੀਤੀਆਂ ਗਈਆਂ :

- ਯੁੱਧ ਬੰਦੀਆਂ ਦੇ ਅਧਿਕਾਰਾਂ ਅਤੇ ਮਾਨਵੀ ਮੁੱਲਾਂ ਦੀ ਰੱਖਿਆ ਕਰਨਾ।
- ਜੰਗੀ ਕੈਦੀਆਂ ਨਾਲ ਮਨੁੱਖੀ ਸਲੂਕ।
- ਅਪਾਹਜ਼ਾਂ ਦੀ ਸੇਵਾ ।
- ਹਵਾਈ, ਥਲ ਤੇ ਜਲ ਫੌਜ ਦੇ ਜ਼ਖ਼ਮੀਆਂ ਤੇ ਕੁਦਰਤੀ ਆਫ਼ਤਾਂ ਦੇ ਮਾਰਿਆਂ ਦੀ ਸੰਭਾਲ,
- ਯੁੱਧ ਵਿੱਚ ਜਖ਼ਮੀ ਹੋਏ ਅਤੇ ਬਿਮਾਰ ਸੈਨਿਕਾਂ ਨੂੰ ਸੁਰੱਖਿਆ ਮੁਹਈਆ ਕਰਾਉਣਾ ।
- ਇਸੇ ਸਮਝੌਤੇ ਦੌਰਾਨ ਸਫੇਦ ਪੱਟੀ ਉੱਤੇ ਲਾਲ ਰੰਗ ਦੇ ਕਰਾਸ ਦੇ ਨਿਸ਼ਾਨ ਨੂੰ ਮਾਨਤਾ ਦਿੱਤੀ ਗਈ ਜੋ ਰੈੱਡ ਕਰਾਸ ਸੰਸਥਾ ਦਾ ਚਿੰਨ੍ਹ ਬਣਿਆ ।

## ਇੰਟਰਨੈਸ਼ਨਲ ਕਮੇਟੀ ਆਫ ਰੈੱਡ ਕਰਾਸ ਦਾ ਯੋਗਦਾਨ

- ਲੜਾਈ ਵਿੱਚ ਫਸੇ ਸੈਨਿਕਾਂ ਅਤੇ ਨਾਗਰਿਕਾਂ ਦਾ ਇਲਾਜ ਅਤੇ ਹੋਰ ਮਨੁੱਖੀ ਮਦਦ ਕਰਨਾ।
- ਅੰਤਰਰਾਸ਼ਟਰੀ ਮਾਨਵ ਅਧਿਕਾਰ ਕ਼ਾਨੂਨ ਦਾ ਗਠਨ ਅਤੇ ਲਾਗੂ ਕਰਨਾ।
- ਜੇਨੇਵਾ ਕਨਵੈਂਸ਼ਨ ਅਤੇ ਰੈੱਡ ਕਰਾਸ ਸੋਸਾਇਟੀ ਅਤੇ ਰੈੱਡ ਕ੍ਰੇਸੇਂਟ ਅੰਦੋਲਨ ।
- ਦੁਨੀਆ ਭਰ ਦੇ ਦੇਸ਼ਾਂ ਵਿੱਚ ਲੋਕਾਂ ਨੂੰ ਆਰਥਿਕ ਸੁਰੱਖਿਆ , ਵਿਛੜੇ ਪਰਿਵਾਰ ਨੂੰ ਮਿਲਾਉਣਾ , ਪੀਣ ਦਾ ਪਾਣੀ ਮੁਹਈਆ ਕਰਾਉਣਾ ।
- ਸਿੱਖਿਆ, ਸਿਹਤ ਅਤੇ ਘਰ ਮੁਹਈਆ ਕਰਾਉਣਾ ।
- ਮੁੜ ਵਸੇਬਾ ਤੇ ਸੰਸਾਰ ਵਿੱਚ ਅਮਨ-ਸ਼ਾਂਤੀ ਲਈ ਸਾਰਥਕ ਯਤਨ ਕਰਨਾ ਹੈ।

ਰੈੱਡ ਕਰਾਸ ਦੇ ਰਾਹ ਵਿੱਚ ਕਈ ਚੁਣੌਤੀਆਂ

ਰੈੱਡ ਕਰਾਸ ਦੇ ਰਾਹ ਵਿੱਚ ਕਈ ਚੁਣੌਤੀਆਂ ਵੀ ਆਈਆਂ ਹਨ । ਦੁਨੀਆ ਦੇ ਕਈ ਦੇਸ਼ਾਂ ਵਿੱਚ ਵੱਧ ਤੋਂ ਵੱਧ ਪ੍ਰਮਾਣੂ ਹਥਿਆਰ ਬਣਾਉਣ ਦੀ ਹੋੜ ਲੱਗੀ ਹੋਈ ਹੈ । ਪਾਕਿਸਤਾਨ, ਅਫਗਾਨਿਸਤਾਨ , ਈਰਾਨ, ਸੀਰੀਆ ਵਰਗੇ ਕਈ ਮੁਲਕ ਅੱਤਵਾਦ ਨਾਲ ਜੂਝ ਰਹੇ ਹਨ । ਅਕਸਰ ਅੱਤਵਾਦੀ ਰੈੱਡ ਕਰਾਸ ਦੇ ਮੈਂਬਰਾ ਦਾ ਅਪਹਰਣ ਕਰ ਲੈਂਦੇ ਸਨ ਅਤੇ ਓਹਨਾ ਨੂੰ ਮਾਰ ਦਿੰਦੇ ਸਨ । ਇਸਦੇ ਬਾਵਜੂਦ ਵੀ ਰੈੱਡ ਕਰਾਸ ਸੰਸਥਾ ਦੇ ਮੈਂਬਰ ਸੇਵਾ ਦੇ ਰਾਹ ਤੋਂ ਪਿਛੇ ਨਹੀਂ ਹਟਦੇ ।

## ਪ੍ਰਾਪਤੀਆਂ

- ਪਹਿਲੇ ਵਿਸ਼ਵ ਯੁੱਧ ਦੌਰਾਨ ਬਹੁਤ ਸਾਰੇ ਜਖਮੀਆਂ ਦਾ ਇਲਾਜ ਕੀਤਾ ਗਿਆ ।
- ਦੂੱਜੇ ਵਿਸ਼ਵ ਯੁੱਧ ਦੌਰਾਨ ਅਫ਼ਰੀਕਾ ਅਤੇ ਪੱਛਮੀ ਏਸ਼ੀਆ ਵਿੱਚ ਹਜਾਰਾਂ ਲੋਕ ਮਾਰੇ ਗਏ ਇਸੇ ਦੌਰਾਨ ਜਖਮੀਆਂ ਦੀ ਸੇਵਾ ਰੈੱਡ ਕਰਾਸ ਸੋਸਾਇਟੀ ਨੇ ਕੀਤੀ ।
- ਖ਼ੂਨਦਾਨ ਕੈਂਪਾਂ ਦਾ ਆਯੋਜਨ ਕੀਤਾ ਗਿਆ ।
- ਖ਼ੂਨਦਾਨ ਜਾਗਰੂਕਤਾ ਅਭਿਆਨ ਚਲਾਏ ਗਏ ।
- ਰੈੱਡ ਕਰਾਸ ਸੰਸਥਾ ਦੁਆਰਾ ਚਲਾਏ ਗਏ ਖ਼ੂਨਦਾਨ ਜਾਗਰੂਕਤਾ ਅਭਿਆਨ ਕਾਰਣ , ਲੱਖਾਂ ਲੋਕਾਂ ਨੂੰ , ਜਾਨਲੇਵਾ ਬਿਮਾਰੀਆਂ ਜਿਵੇਂ ਕੈਂਸਰ , ਅਨੀਮੀਆ ਥੇਲੀਸੀਮੀਆ ਤੋਂ ਛੁਟਕਾਰਾ ਮਿਲਿਆ ।
- ਪਿੰਡਾਂ ਅਤੇ ਸ਼ਹਿਰਾਂ ਵਿੱਚ ਐਮਬੂਲੈਂਸ ਅਤੇ ਦਵਾਈਆਂ ਪਹੁੰਚਾਉਣ ਦਾ ਕੰਮ ।
- ਅੱਤਵਾਦ ਅਤੇ ਯੁੱਧ ਦੌਰਾਨ ਮਾਰੇ ਗਏ ਲੋਕਾਂ ਦੀਆਂ ਮ੍ਰਿਤਕ ਦੇਹਾਂ ਦਾ ਸੰਸਕਾਰ ।
- ਯੁੱਧ ਬੰਦੀਆਂ ਅਤੇ ਪ੍ਰਭਾਵਿਤ ਲੋਕਾਂ ਦੇ ਕਾਨੂੰਨੀ ਅਧਿਕਾਰਾਂ ਦੀ ਰੱਖਿਆ ।
- ਪਹਿਲੇ ਵਿਸ਼ਵ ਯੁੱਧ ਦੌਰਾਨ ਰੈੱਡ ਕਰਾਸ ਨੇ ਵੀਹ ਕਰੋੜ ਚਿੱਠੀਆਂ ਯੁੱਧ ਨਾਲ ਸੰਬੰਧਿਤ ਦੇਸ਼ਾਂ ਨੂੰ ਲਿਖੀਆਂ । ਦੋ ਲੱਖ ਦੇ ਕਰੀਬ ਯੁੱਧ ਬੰਦੀਆਂ ਨੂੰ ਛੁਡਵਾਇਆ । ਰੈੱਡ ਕਰਾਸ ਦੇ 41 ਪ੍ਰਤੀਨਿਧੀਆਂ ਨੇ ਯੂਰੋਪ ਵਿੱਚ 524 ਰਾਹਤ ਕੈਂਪਾ ਦਾ ਦੌਰਾ ਕੀਤਾ ।

ਰੈੱਡ ਕਰਾਸ ਸੁਸਾਇਟੀ ਦੇ ਯਤਨਾਂ ਸਦਕਾ ਹੀ ਪਹਿਲੇ ਸਮਝੌਤੇ ਤੋਂ ਬਾਅਦ ਤਿੰਨ ਹੋਰ ਸਮਝੌਤੇ ਵੀ ਕੀਤੇ ਗਏ ਹਨ । ਸਮੇਂ ਵਿੱਚ ਰੈੱਡ ਕਰਾਸ ਸੰਸਥਾ ਦਾ ਦਾਇਰਾ ਹੋਰ ਵੀ ਵੱਧ ਗਿਆ ਹੈ ਮੌਜੂਦਾ ਸਮੇਂ ਵਿੱਚ ਰੈੱਡ ਕਰਾਸ ਸੰਸਥਾ ਦਾ ਕੰਮ ਖੂਨ ਜਮਾ ਕਰਨਾ , ਜਰੂਰਤ ਸਮੇਂ ਸਹੀ ਠਿਕਾਣੇ ਤੇ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ । ਵਿਸ਼ਵ ਦਾ ਪਹਿਲਾ ਬਲੱਡ ਬੈਂਕ ਵੀ ਰੈੱਡ ਕਰਾਸ ਦੇ ਯਤਨਾਂ ਸਦਕਾ ਅਮਰੀਕਾ ਵਿੱਚ 1937 ਵਿੱਚ ਖੋਲਿਆ ਗਿਆ ਅਤੇ ਭਾਰਤ ਵਿੱਚ 1942 ਵਿੱਚ ਕਲਕੱਤੇ ਦੇ ਆਲ ਇੰਡੀਆ ਇੰਸਟੀਚਿਊਟ ਆੱਫ਼ ਹਾਈਜੀਨ ਐਂਡ ਪਬਲਿਕ ਹੈਲਥ ਦੇ ਅਧੀਨ ਭਾਰਤੀ ਰੈੱਡ ਕਰਾਸ ਸੋਸਾਇਟੀ ਦੁਆਰਾ ਪਹਿਲਾ ਬਲੱਡ ਬੈਂਕ ਸਥਾਪਿਤ ਕੀਤਾ ਗਿਆ। ਸਾਲ 1977 ਵਿੱਚ ਭਾਰਤੀ ਰੈੱਡ ਕਰਾਸ ਸੋਸਾਇਟੀ ਹੈੱਡਕੁਆਟਰ ਦੁਆਰਾ ਸਿੱਧੇ ਤੌਰ ਤੇ ਬਲੱਡ ਬੈਂਕਾਂ ਦਾ ਸੰਚਾਲਨ ਕੀਤਾ ਜਾਣ ਲੱਗਾ ਅਤੇ ਇਸਦੇ ਤਹਿਤ ਵੱਖੋ ਵੱਖਰੇ ਰਾਜਾਂ ਵਿੱਚ ਇਸਦੀਆਂ ਸ਼ਾਖਾਵਾਂ ਸਥਾਪਿਤ ਕੀਤੀਆਂ ਗਈਆਂ। ਅੱਜ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿੱਚ ਬਲੱਡ ਬੈਂਕਾਂ ਦਾ ਸੰਚਾਲਨ ਰੈੱਡ ਕਰਾਸ ਜਾ ਉਸਦੀਆਂ ਸਹਿਯੋਗੀ ਸੰਸਥਾਵਾਂ ਕਰਦੀਆਂ ਆ ਰਹੀਆਂ ਹਨ ਰੈੱਡ ਕਰਾਸ ਦੁਆਰਾ ਚਲਾਏ ਜਾਗਰੂਕਤਾ ਅਭਿਆਨ ਸਦਕਾ, ਅੱਜ ਲੱਖਾਂ ਜਾਨਾਂ ਜੋ ਖ਼ੂਨ ਦੀ ਕਮੀ ਨਾਲ ਜਾਨਾਂ ਤੋਂ ਹੱਥ ਧੋ ਬੈਠਦੀਆਂ ਸਨ, ਨੂੰ ਨਵਾਂ ਜੀਵਨ ਮਿਲਿਆ ਹੈ।

ਸਵਿਟਜ਼ਰਲੈਂਡ ਦਾ ਝੰਡਾ ਉਲਟਾ ਕਰਕੇ ਰੈਡ ਕਰਾਸ ਦਾ ਝੰਡਾ ਹੋਂਦ ਵਿਚ ਆਇਆ । ਜੋ ਪੰਜ ਵਰਗਾਂ ਨੂੰ ਜੋੜ ਕੇ ਬਣਾਇਆ ਗਿਆ ।

ਸਫੇਦ ਪੱਟੀ ਤੇ ਲਾਲ ਰੰਗ ਦਾ ਕਰਾਸ ਦਾ ਚਿਨ੍ਹ ਇਸ ਸੰਸਥਾ ਦਾ ਨਿਸ਼ਾਨ ਹੈ । ਇਹ ਚਿੰਨ ਪੂਰੀ ਦੁਨੀਆ ਵਿੱਚ ਮਾਨਵਤਾ ਦੀ ਸੇਵਾ ਕਰਨ ਦਾ ਇੱਕ ਪ੍ਰਤੀਕ ਬਣ ਗਿਆ ਹੈ । ਅਜ ਕਲ ਜੰਗ ਦੌਰਾਨ ਜੰਗ ਦੇ ਖੇਤਰ ਵਿਚ ਕੰਮ ਕਰਦੀਆਂ ਸੁਸਾਇਟੀਆਂ ਜਖ਼ਮੀ ਲੋਕਾਂ ਦੀ ਸੰਭਾਲ ਕਰਦੇ ਸਮੇਂ ਰੈਡ ਕਰਾਸ ਦਾ ਚਿੰਨ੍ਹ (ਲਾਲ ਰੰਗ ਦਾ ਜਮਾਂ ਨਿਸ਼ਾਨ) ਵਰਤਦੀਆਂ ਹਨ।

ਡਾਕਟਰੀ ਸੇਵਾਵਾਂ ਸਮੇਂ ਐਬੂਲੈਂਸ ਉਪਰ ਇਹ ਨਿਸ਼ਾਨ ਲੱਗਾ ਹੁੰਦਾ ਹੈ। ਸ਼ੁਰੂ ਵਿਚ ਇਸ ਸੰਸਥਾ ਦਾ ਉਦੇਸ਼ ਜਖ਼ਮੀ ਸੈਨਿਕਾਂ ਦੀ ਫਸਟ ਏਡ ਕਰਨਾ ਸੀ ਪਰ ਹੁਣ ਇਸ ਦਾ ਘੇਰਾ ਵਧਾ ਕੇ ਕੁਦਰਤੀ ਆਫਤਾਂ ਗਰੀਬ ਅਪਾਹਜਾਂ, ਸ਼ਰਨਾਰਥੀਆਂ,ਕੈਦੀਆਂ,ਸੜਕ ਹਾਦਸੇ, ਬਿਮਾਰੀਆਂ ਦੀ ਮਦਦ ਕਰਨੀ ਵੀ ਹੈ।

ਅੱਜ ਰੈੱਡ ਕਰਾਸ ਅੰਤਰਰਾਸ਼ਟਰੀ ਮਾਨਵੀ ਸੰਗਠਨ ਬਣ ਚੁੱਕਾ ਹੈ ਦੁਨੀਆ ਭਰ ਵਿੱਚ ਲਗਭਗ 190 ਦੇਸ਼ ਰੈਂਡ ਕਰਾਸ ਦੇ ਮੈਂਬਰ ਹਨ। ਰੈੱਡ ਕਰਾਸ ਦਾ ਮੁੱਖ ਦਫ਼ਤਰ ਜਿਨੇਵਾ (ਸਵਿਟਜ਼ਰਲੈਂਡ) ਵਿਖੇ ਹੈ। 1901 ਵਿੱਚ ਹੈਨਰੀ ਡੁਨਾਂਟ ਨੂੰ ਪਹਿਲਾ ਨੋਬਲ ਸ਼ਾਂਤੀ ਇਨਾਮ ਦਿੱਤਾ ਗਿਆ । ਪਰ ਉਸ ਨੇ ਇਨਾਮ ਦੀ ਸਾਰੀ ਰਾਸ਼ੀ ਤੇ ਸੁਗਾਤਾਂ ਦੀ ਰਕਮ ਬਿਮਾਰ, ਦੁਖੀਆਂ ਤੇ ਜ਼ਖ਼ਮੀਆਂ ਦੀ ਸੇਵਾ ਲਈ ਖਰਚਣ ਦੀ ਵਸੀਅਤ ਕਰ ਦਿੱਤੀ। ਇਸ ਤੋਂ ਇਲਾਵਾ ਰੈੱਡ ਕਰਾਸ ਨੂੰ 1944 ਅਤੇ 1963 ਵਿੱਚ ਵੀ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ । ਲੋਕ ਭਲਾਈ ਤੇ ਰਾਹਤ ਦੀ ਇਹ ਸੰਸਥਾ ਆਪਣੇ ਕਾਰਜ ਲੋਕਾਂ ਦੇ ਸਹਿਯੋਗ ਨਾਲ ਕਰਦੀ ਹੈ। ਜੰਗ ਜਾਂ ਕੁਦਰਤੀ ਆਫ਼ਤਾਂ ਸਮੇ ਹੀ ਨਹੀ ਸਗੋ ਇਹ ਸੰਸਥਾਂ ਸ਼ਾਂਤੀ ਸਮੇਂ ਵੀ ਸਹਾਇਤਾ ਕਾਰਜ ਕਰਦੀ ਹੈ। ਜਿਵੇਂ ਗਰੀਬਾਂ, ਅਨਾਥਾਂ, ਅਪਾਹਜਾਂ ਨੂੰ ਸਹਾਇਤਾ ਦੇਣਾ, ਦੁਰਘਟਨਾ ਸਮੇ ਜ਼ਖਮੀਆਂ ਦੀ ਸੰਭਾਲ ਕਰਨੀ, ਅੱਖਾਂ, ਖ਼ੂਨ ਤੇ ਹੋਰ ਸਰੀਰਕ ਅੰਗ ਦਾਨ ਲੈ ਕੇ ਲੋੜਵੰਦਾਂ ਦੀ ਸਹਾਇਤਾ ਕਰਨੀ ਗਰੀਬ ਬੱਚਿਆਂ ਦੀ ਪੜ੍ਹਾਈ ਚ ਸਹਾਇਤਾ ਆਦਿ।

ਪਹਿਲੇ ਅਤੇ ਦੂਸਰੇ ਵਿਸ਼ਵ ਯੁੱਧ ਸਮੇਂ ਰੈੱਡ ਕਰਾਸ ਸੰਸਥਾ ਦੇ ਹਜ਼ਾਰਾਂ ਵਲੰਟੀਅਰਾਂ ਨੇ ਸ਼ਲਾਘਾਯੋਗ ਕੰਮ ਕੀਤਾ। ਰੈੱਡ ਕਰਾਸ ਨੇ ਕੇਵਲ ਜ਼ਖਮੀ ਸੈਨਿਕਾਂ ਹੀ ਨਹੀਂ ਸਗੋਂ ਵੱਖ-ਵੱਖ ਦੇਸ਼ਾਂ ਦੁਆਰਾ ਬੰਦੀ ਬਣਾਏ ਸੈਨਿਕਾਂ ਦੀ ਦੇਖ-ਰੇਖ ਲਈ ਵੀ ਕੰਮ ਕੀਤਾ। ਇਸ ਤੋਂ ਬਾਅਦ ਵੀ ਵੱਖ-ਵੱਖ ਦੇਸ਼ਾਂ ਦੇ ਆਪਸੀ ਸੰਘਰਸ਼ ਦੇ ਸਮੇਂ ਵੀ ਰੈੱਡ ਕਰਾਸ ਨੇ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਈ। ਯੁੱਧ ਦੇ ਦੌਰਾਨ ਪੁਰਾਣੇ ਯੋਗਦਾਨ ਨੂੰ ਦੇਖਦੇ ਹੋਏ 1990 ਵਿੱਚ ਰੈੱਡ ਕਰਾਸ ਨੂੰ ਵਿਸ਼ੇਸ਼ ਅਧਿਕਾਰ ਮਿਲਿਆ ਜਿਸ ਅਨੁਸਾਰ ਸਵਿਟਜ਼ਰਲੈਂਡ ਸਰਕਾਰ ਵੀ ਰੈੱਡ ਕਰਾਸ ਦੇ ਕੰਮ ਵਿੱਚ ਦਖ਼ਲ ਅੰਦਾਜੀ ਨਹੀਂ ਕਰ ਸਕਦੀ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਰਾਹਤ ਸਮੱਗਰੀ ਪਹੁੰਚਾਨੀ ਹੋਵੇ ਜਾ ਕੋਈ ਹੋਰ ਸਮਾਨ ਪਹੁੰਚਾਉਣਾ ਹੋਵੇ ਰੈੱਡ ਕਰਾਸ ਤੋਂ ਕੋਈ ਟੈਕਸ ਜਾ ਡਿਊਟੀ ਨਹੀਂ ਲਗਾਈ ਜਾਂਦੀ ।

## ਭਾਰਤ ਵਿਚ ਰੈੱਡ ਕਰਾਸ

ਸੇਵਾ ਦੇ ਪੁੰਜ ਭਾਈ ਘਨਈਆ ਜੀ ਨੇ ਹੈਨਰੀ ਡੁਨਾਂਟ ਦੇ ਜਨਮ ਤੋਂ 124 ਸਾਲ ਪਹਿਲਾਂ (1704) ਵਿਚ ਹੀ ਰੈਡ ਕਰਾਸ ਦੀ ਨੀਂਹ ਰੱਖ ਦਿਤੀ ਸੀ । ਭਾਈ ਘਨਈਆ ਜੀ ਦੇ ਜਨਮ ਤਾਰੀਖ ਨਾ ਪਤਾ ਹੋਣ ਕਰਕੇ ਉਨਾਂ ਦੇ ਜਨਮ ਨੂੰ ਇਸ ਦਿਨ ਨਾਲ ਜੋੜਿਆ ਗਿਆ ਹੈ। ਅਨੰਦਪੁਰ ਵਿਚ ਚੱਲ ਰਹੇ ਯੁੱਧ ਸਮੇਂ ਕੁੱਝ ਸਿੰਘਾਂ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਸ਼ਿਕਾਇਤ ਕੀਤੀ ਕਿ ਭਾਈ ਘਨਈਆ ਵੈਰੀਆਂ ਨੂੰ ਪਾਣੀ ਪਿਲਾ ਕੇ ਮੁੜ ਜੀਵਤ ਕਰ ਰਿਹਾ ਹੈ ਤਾਂ ਗੁਰੂ ਜੀ ਨੂੰ ਭਾਈ ਘਨਈਆ ਨੇ ਕਿਹਾ ਕਿ ਮੈਨੂੰ ਇਥੇ ਕੋਈ ਵੈਰੀ ਨਹੀਂ ਦਿਸਦਾ,ਸਾਰੇ ਪਿਆਸੇ (ਇਕੋ ਜਿਹੇ ਇਨਸਾਨ) ਦਿਸਦੇ ਹਨ ਇਸ ਲਈ ਮੈਂ ਸਾਰਿਆਂ ਨੂੰ ਪਾਣੀ ਪਿਲਾਉਦਾ ਹਾਂ।ਗੁਰੂ ਜੀ ਨੇ ਮੱਲਮ ਪੱਟੀ ਦਾ ਡੱਬਾ ਫੜਾ ਕੇ ਕਿਹਾ ਜਿਥੇ ਤੂੰ ਪਿਆਸਿਆਂ ਨੂੰ ਪਾਣੀ ਪਿਲਾ ਕੇ ਪਿਆਸ ਦੂਰ ਕਰਦਾ ਹੈ,ਹੁਣ ਉਥੇ ਜ਼ਖਮੀਆਂ ਦੇ ਮਲਮ ਪੱਟੀ ਕਰਕੇ ਦੁੱਖ ਵੀ ਦੂਰ ਕਰਿਆ ਕਰ । ਇਹ ਸੇਵਾ ਦਾ ਸੰਕਲਪ ਹੀ ਰੈਡ ਕਰਾਸ ਦੀ ਰੂਹ ਬਣਿਆ।

ਭਾਰਤ ਵਿਚ ਰੈੱਡ ਕਰਾਸ ਪਹਿਲੇ ਵਿਸ਼ਵ ਯੁੱਧ ਦੇ ਸਮੇਂ ਹੋਂਦ ਵਿੱਚ ਆਈ। ਭਾਰਤ ਸਰਕਾਰ ਦੇ ਪਾਰਲੀਮੈਂਟ ਐਕਟ 15 ਅਧੀਨ ਸਾਲ 1920 ਵਿੱਚ ਭਾਰਤੀ ਰੈੱਡ ਕਰਾਸ ਸੋਸਾਇਟੀ ਦਾ ਗਠਨ ਕੀਤਾ ਗਿਆ। ਸਾਲ 1994 ਵਿੱਚ ਬਣਾਏ ਨਿਯਮਾਂ ਅਨੁਸਾਰ ਭਾਰਤੀ ਰੈੱਡ ਕਰਾਸ ਸੋਸਾਇਟੀ ਦੇ ਪ੍ਰਧਾਨ ਰਾਸ਼ਟਰਪਤੀ ਅਤੇ ਚੇਅਰਮੈਨ ਕੇਂਦਰੀ ਸਿਹਤ ਮੰਤਰੀ ਨੂੰ ਬਣਾਇਆ ਗਿਆ। ਭਾਰਤ ਵਿਚ ਰੈੱਡ ਕਰਾਸ ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਹੈ। ਇੱਥੇ ਦੂਰ ਦਰਾਜ ਦੇ ਪਿੰਡਾਂ ਵਿਚ ਰੈੱਡ ਕਰਾਸ ਵਲੋਂ ਐਬੂਲੈਂਸ ਵਰਗੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਬਲੱਡ ਬੈਂਕ ਚਲਾਉਣ ਦੇ ਨਾਲ-ਨਾਲ ਅਪੰਗਾਂ ਨੂੰ ਲੋੜੀਂਦਾ ਸਾਮਾਨ ਮੁਹੱਈਆ ਕਰਵਾਉਣ ਆਦਿ ਵਰਗੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਭਾਰਤ ਵਿਚ ਜ਼ਿਲ੍ਹਾ ਪੱਧਰ 'ਤੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀਆਂ ਦਾ ਗਠਨ ਕੀਤਾ ਗਿਆ ਹੈ ।

ਭਾਰਤ ਵਿੱਚ ਭਾਰਤੀ ਰੈੱਡ ਕਰਾਸ ਸੁਸਾਇਟੀ ਦੇ ਗਠਨ ਦੇ 30 ਸਾਲ ਬਾਅਦ ਭਾਵ 1950 ਵਿੱਚ ਜਿਨੇਵਾ ਕਨਵੈਂਸ਼ਨ ਤੇ ਦਸਤਖ਼ਤ ਕੀਤੇ ਗਏ ।

ਇਸ ਤੋਂ 10 ਸਾਲ ਬਾਅਦ 1949 ਦੇ ਕੋਨਵੈਂਸ਼ਨ ਦੇ ਕੁਝ ਨਿਯਮ ਨੂੰ ਭਾਰਤ ਵਿੱਚ ਲਾਗੂ ਕਰਨ ਭਾਰਤੀ ਸੰਸਦ ਨੇ ਜਿਨੇਵਾ ਕਨਵੈਂਸ਼ਨ ਐਕਟ 1960 ਪਾਸ ਕੀਤਾ ਇਸਦੇ ਅਧੀਨ ਰੈੱਡ ਕਰਾਸ ਚਿੰਨ੍ਹਾਂ ਦੇ ਦੁਰਉਪਯੋਗ ਕਰਨ ਤੇ ਸਜਾ ਵੀ ਲਾਗੂ ਕੀਤੀ ਗਈ ਹੈ ।

# ਲੈਂਗਲੀ ਦਾ ਸਿੱਖ ਵਿਰਾਸਤੀ ਮਹੀਨਾ ਮੇਲਾ ਸਿੱਖਿਆ, ਜਾਗਰੂਕਤਾ ਅਤੇ ਮਾਨਤਾ ਦਾ ਸੁਮੇਲ








ਲੈਂਗਲੀ - ਐਤਵਾਰ, 27 ਅਪ੍ਰੈਲ, 2025: ਲੈਂਗਲੀ ਸ਼ਹਿਰ ਅਤੇ ਲੈਂਗਲੀ ਲਾਇਬ੍ਰੇਰੀ ਨੇ ਆਪਣੇ ਪਹਿਲੇ ਸਾਲਾਨਾ ਸਿੱਖ ਵਿਰਾਸਤ ਮਹੀਨੇ ਦੇ ਸਮਾਗਮ ਨੂੰ ਵੱਡੀ ਸਫਲਤਾ ਨਾਲ ਮਨਾਇਆ। ਲੈਂਗਲੀ ਸ਼ਹਿਰ ਦੇ ਮੇਅਰ ਨਾਥਨ ਪਾਹਾ ਅਤੇ ਕੌਂਸਲਰ ਰੋਜ਼ਮੇਰੀ ਵਾਲੇਸ ਸਮੇਤ ਲਗਭਗ ਸੌ ਲੋਕਾਂ ਨੇ ਇਸ ਸਮਾਗਮ ਵਿੱਚ ਸਰਿਕਤ ਕੀਤੀ ਅਤੇ ਦਸਤਾਰ ਬੰਨ੍ਹਣ, ਸਿੱਖਾਂ ਬਾਰੇ ਜਾਣਕਾਰੀ ਦੀ ਪ੍ਰਦਰਸ਼ਨੀ ਕੈਨੇਡਾ ਵਿੱਚ ਸਿੱਖ ਵਿਰਾਸਤ, ਧਰਮ ਅਤੇ ਇਤਿਹਾਸ ਬਾਰੇ ਲੈਕਚਰ, ਅਤੇ ਢਾਡੀ ਵਾਰਾਂ ਦਾ ਆਨੰਦ ਮਾਣਿਆ।

ਇਹ ਸਮਾਗਮ ਲੈਂਡ ਅਕਨੋਲਿਜ਼ਮੈਂਟ ਨਾਲ ਸ਼ੁਰੂ ਹੋਇਆ, ਜਿਸ ਤੋਂ ਬਾਅਦ ਜਸ਼ਨਪ੍ਰੀਤ ਸਿੰਘ ਰੰਧਾਵਾ ਦੁਆਰਾ ਸਿੱਖ ਧਰਮ, ਵਿਰਾਸਤ, ਅਤੇ ਉਹਨਾਂ ਦੇ ਕੇਨੈਡਾ ਵਿ'ਚ ਇਤਿਹਾਸ ਬਾਰੇ ਇੱਕ ਬਹੁਤ ਹੀ ਜਾਣਕਾਰੀ ਭਰਪੂਰ ਸਲਾਈਡਸ਼ੋ ਪੇਸ਼ ਕੀਤਾ ਗਿਆ। ਲੋਕਾਂ ਨੇ ਲਖਵਿੰਦਰ ਸਿੰਘ ਅਤੇ ਜਗਰਾਜ ਸਿੰਘ ਢਾਡੀ ਦੇ ਗਰੁ'ਪ ਵ'ਲੋਂ ਪੇਸ਼ ਕੀਤੇ ਸਿੱਖ ਰਵਾਇਤੀ ਸੰਗੀਤ ਦਾ ਆਨੰਦ ਮਾਣਿਆ। ਨਵਜੋਤ ਸਿੰਘ ਵੱਲੋਂ ਪੱਗਾਂ ਬੰਨਣ ਦੀ ਕਲਾ ਅਤੇ ਕੈਨੇਡਾ ਵਿੱਚ ਸਿੱਖ ਇਤਿਹਾਸ ਨੂੰ ਉਜਾਗਰ ਕਰਨ ਵਾਲੀ ਪ੍ਰਦਰਸ਼ਨੀ ਨੇ ਵੀ ਲੋਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਸ਼ਹਿਰ ਦੇ ਸਟਾਫ ਨੇ ਲੋਕਾਂ ਨੂੰ ਇਮਾਰਤ ਦੇ ਅੰਦਰ ਆਪਣੇ ਨਵੇਂ ਖੁੱਲ੍ਹੇ ਕੈਫੇ ਵਿੱਚ ਰਵਾਇਤੀ ਭੋਜਨ ਸ਼ਾਮਲ ਕਰਨ ਲਈ ਆਪਣੇ ਵਿਚਾਰ ਦੇਣ ਲਈ ਕਿਹਾ। ਆਏ ਹੋਏ ਮਹਿਮਾਨਾਂ ਦੀ ਸਮੋਸਿਆਂ, ਬਿਸਕੁਟਾਂ ਅਤੇ ਕੌਫ਼ੀ ਨਾਲ ਪ੍ਰੋਹਣਾਚਾਰੀ ਕੀਤੀ ਗਈ।

ਇਸ ਸਮਾਗਮ ਦੌਰਾਨ ਦੋ ਪਰਿਵਾਰਾਂ ਨੂੰ ਲੈਂਗਲੀ ਭਾਈਚਾਰੇ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਮਨਜੀਤ ਗਿੱਲ ਅਤੇ ਉਨ੍ਹਾਂ ਦੇ ਪਤੀ ਡਾਰਸੀ ਗਿੱਲ ਵ'ਲੋਂ ਲੈਂਗਲੀ ਦੇ ਭਾਈਚਾਰੇ ਲਈ ਪਾਏ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਗਿੱਲ ਜੋੜੇ ਨੇ ਭਾਈਚਾਰੇ ਦੀ ਬਿਹਤਰੀ ਲਈ ਲੱਖਾਂ ਡਾਲਰ ਦਾ ਯੋਗਦਾਨ ਪਾਇਆ ਹੈ । ਉਹਨਾਂ ਨੇ ਲੈਂਗਲੀ ਮੈਮੋਰੀਅਲ ਹਸਪਤਾਲ ਦੇ ਵਿਸਥਾਰ ਲਈ ਦਸ ਲੱਖ ਤੋਂ ਵੀ ਵੱਧ ਦਾ ਦਾਨ ਦਿ'ਤਾ ਹੈ ਜਿਸ ਨਾਲ ਹਸਪਤਾਲ ਵਿ'ਚ ਇੱਕ ਨਵਾਂ ਐਮਆਰਆਈ ਕਲੀਨਿਕ ਦੀਆਂ ਸੇਵਾਵਾਂ ਉਪਲੱਬਧ ਕਰਵਾਈਆਂ ਗਈਆਂ ਹਨ। ਮਨਜੀਤ ਗਿੱਲ ਜੋ ਕਿ 50 ਸਾਲ ਤੋਂ ਵੀ ਵ'ਧ ਲੈਂਗਲੀ ਵਿ'ਚ ਰਹਿ ਰਹੀ ਹੈ, ਇੱਕ ਬਹੁਤ ਹੀ ਨੇਕ ਦਿੱਲ, ਅਗਾਂਹਵਧੂ, ਬਹੁਤ ਵਧੀਆ ਕਵਿਤਾ ਲੇਖਿਕਾ, ਅਤੇ ਲੋਕਾਂ ਦੀ ਮ'ਦਦ ਕਰਨ ਵਾਲੀ ਇਨਸਾਨ ਹੈ । ਡਾਰਸੀ ਗਿੱਲ ਦਾ ਪਰਿਵਾਰ 1924 ਵਿੱਚ ਲੈਂਗਲੀ ਵਿ'ਚ ਵ'ਸਿਆ ਅਤੇ ਉਦੋਂ ਤੋਂ ਲੈਂਗਲੀ ਵਿੱਚ ਹੀ ਰਹਿ ਰਿਹਾ ਹੈ। ਗਿੱਲ ਪਰਿਵਾਰ ਲੈਂਗਲੀ ਭਾਈਚਾਰੇ ਵਿੱਚ ਬਹੁਤ ਹੀ ਸਤਿਕਾਰ ਨਾਲ ਜਾਣਿਆ ਜਾਂਦਾ ਹੈ । ਦੂਜਾ ਪਰਿਵਾਰ ਜਿਸਨੂੰ ਸਨਮਾਨਿਤ ਕੀਤਾ ਗਿਆ ਉਹ ਵੀ ਲੰਬੇ ਸਮੇਂ ਤੋਂ ਕੈਨੇਡਾ ਵਿੱਚ ਰਹਿ ਰਿਹਾ ਹੈ। ਹਰਚਰਨ ਸਿੰਘ ਕੁੰਦਨ ਫਰਵਰੀ 1968 ਵਿੱਚ ਇੰਗਲੈਂਡ ਤੋਂ ਕੈਨੇਡਾ ਆਏ, ਅਤੇ ਥੋੜ੍ਹੇ ਸਮੇਂ ਲਈ ਮਾਂਟਰੀਅਲ ਅਤੇ ਫਿਰ ਵੈਨਕੂਵਰ ਵਿੱਚ ਰਹੇ ਅਤੇ ਅੰਤ ਵਿੱਚ ਲੈਂਗਲੀ ਵਿੱਚ ਵ'ਸ ਗਏ, ਜਿਸਨੂੰ ਉਹ ਮਾਣ ਨਾਲ ਆਪਣਾ ਘਰ ਕਹਿੰਦੇ ਹਨ ਅਤੇ ਪਿਛਲੇ 56 ਸਾਲਾਂ ਤੋਂ ਆਪਣੇ ਪਰਿਵਾਰ ਨਾਲ ਇਥੇ ਹੀ ਰਹਿ ਰਹੇ ਹਨ। ਹਨਾਂ ਨੇ ਆਪਣੇ ਹੁਨਰ ਅਤੇ ਸਖ਼ਤ ਮਿਹਨਤ ਨਾਲ ਇਸ ਭਾਈਚਾਰੇ ਦੀ ਕਈ ਦਹਾਕਿਆਂ ਲਈ ਸੇਵਾ ਕੀਤੀ ਹੈ ਅਤੇ ਉਹ ਇਸ ਭਾਈਚਾਰੇ ਵਿ'ਚ ਰਹਿਣ ਲਈ ਮਾਣ ਮਹਿਸੂਸ ਕਰਦੇ ਹਨ।

ਕੁੱਲ ਮਿਲਾ ਕੇ, ਇਹ ਮੇਲਾ ਸਥਾਨਕ ਲੋਕਾਂ ਲਈ ਸਿੱਖ ਵਿਰਾਸਤ ਅਤੇ ਸੱਭਿਆਚਾਰ ਨੂੰ ਜਾਨਣ ਦਾ ਇੱਕ ਬਹੁਤ ਹੀ ਵਧੀਆ ਮੌਕਾ ਸੀ। ਪ੍ਰੋਗਰਾਮ ਦੇ ਅੰਤ ਵਿੱਚ, ਲਾਇਬ੍ਰੇਰੀ ਮੈਨੇਜਰ ਡਾ. ਸਰਵਣ ਸਿੰਘ ਰੰਧਾਵਾ ਨੇ ਆਏ ਹੋਏ ਲੋਕਾਂ, ਵਿਸ਼ੇਸ਼ ਮਹਿਮਾਨਾਂ, ਬੁਲਾਰਿਆਂ, ਵਲੰਟੀਅਰਾਂ, ਸ਼ਹਿਰ ਅਤੇ ਲਾਇਬ੍ਰੇਰੀ ਦੇ ਸਟਾਫ਼ ਅਤੇ ਮੀਡੀਆ ਦਾ ਧੰਨਵਾਦ ਕੀਤਾ।

AMAR MUSIC ACADEMY
INDIAN CLASSICAL LIGHT MUSIC, GURMAT SANGEET & TABLA
ਭਾਰਤੀ ਸ਼ਾਸ਼ਤਰੀ ਸੰਗੀਤ, ਗੁਰਮਤਿ ਸੰਗੀਤ ਅਤੇ ਤਬਲਾ ਸਿੱਖਣ ਲਈ ਫੋਨ ਕਰੋ

Prof. Gurdev Singh Phull,
Prof. Amrik Singh Phull
To Learn Indian Classical, Light Music & Tabla
Free Lessons for Blind & Handicapped

604-599-4628, 778-898-5052 | 13376-80 Ave, Surrey



# ਧਰਤੀ ਦੀ ਹੰਢਣਸਾਰਤਾ ਦਾ ਸਵਾਲ

**ਲੇਖਕ : ਅਰੁਣ ਮੈਰਾ**

ਹਾਲ ਹੀ ਵਿਚ 'ਗ੍ਰੇਟ ਇੰਡੀਅਨ ਬਸਟਰ' (ਭਾਰਤ ਦੇ ਉੱਤਰ-ਪੱਛਮੀ ਮੈਦਾਨੀ ਇਲਾਕਿਆਂ ਦਾ ਪੰਛੀ ਜਿਸ ਨੂੰ ਸੋਨ ਚਿੜੀ ਵੀ ਕਿਹਾ ਜਾਂਦਾ ਹੈ) ਦੇ ਕੇਸ ਸਬੰਧੀ ਸੁਣਾਏ ਫ਼ੈਸਲੇ ਵਿੱਚ ਸੁਪਰੀਮ ਕੋਰਟ ਨੇ ਲੋਕਾਂ ਨੂੰ ਜਲਵਾਯੂ ਤਬਦੀਲੀ ਦੇ ਉਲਟ ਪ੍ਰਭਾਵਾਂ ਤੋਂ ਮੁਕਤ ਹੋਣ ਦੇ ਹੱਕ ਨੂੰ ਮਾਨਤਾ ਦਿੱਤੀ ਹੈ। ਨੀਤੀ ਘਾੜਿਆਂ ਅਤੇ ਨਵਿਆਉਣਯੋਗ ਊਰਜਾ ਢਾਂਚੇ ਦੇ ਨਿਰਮਾਣਕਾਰਾਂ ਨੇ ਇਸ ਫ਼ੈਸਲੇ 'ਤੇ ਮਾਯੂਸੀ ਜਤਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੱਜ ਵਿਗਿਆਨਕ ਮਾਹਿਰਾਂ ਦੀ ਰਾਇ ਨੂੰ ਦਰਕਿਨਾਰ ਕਰ ਕੇ ਜਲਵਾਯੂ ਤਬਦੀਲੀ ਨੂੰ ਮੋੜਾ ਦੇਣ ਵਾਲੇ ਬੁਨਿਆਦੀ ਢਾਂਚੇ ਦੇ ਨਿਰਮਾਣ ਕਾਰਜ ਵਿੱਚ ਦੇਰੀ ਦਾ ਸਬਬ ਬਣ ਰਹੇ ਹਨ। ਅਦਾਲਤ ਦਾ ਮੰਨਣਾ ਹੈ ਕਿ ਜਲਵਾਯੂ ਤਬਦੀਲੀ ਨੇ ਅਧਿਕਾਰ ਖੇਤਰ ਬਹੁਤ ਵਸੀਹ ਕਰ ਦਿੱਤਾ ਹੈ। ਇਸ ਦਾ ਹੱਲ ਉਸੇ ਸੋਚ ਨਾਲ ਨਹੀਂ ਕੀਤਾ ਜਾ ਸਕਦਾ ਜਿਸ ਨੇ ਇਹ ਸਮੱਸਿਆ ਪੈਦਾ ਕੀਤੀ ਹੈ। ਜਲਵਾਯੂ ਤਬਦੀਲੀ ਦੀ ਪੈਦਾ ਕੀਤੀ ਹੋਂਦ ਦੀ ਸਮੱਸਿਆ ਨੂੰ ਪੂੰਜੀਵਾਦੀ ਅਰਥ ਸ਼ਾਸਤਰ ਅਤੇ ਗ਼ੈਰ-ਟਿਕਾਊ ਸਾਇੰਸ ਦੇ ਪ੍ਰਚੱਲਤ ਬੌਧਿਕ ਚੌਖਟਿਆਂ ਨਾਲ ਸਮਝਿਆ ਤੇ ਹੱਲ ਨਹੀਂ ਕੀਤਾ ਜਾ ਸਕਦਾ।

ਪੂੰਜੀਵਾਦੀ ਅਰਥਚਾਰਿਆਂ ਵਿਚ ਕੁਦਰਤੀ ਪੂੰਜੀ ਮਾਲਕ ਦੀ ਸੰਪਤੀ ਗਿਣੀ ਜਾਂਦੀ ਹੈ। ਰਾਜੇ/ਰਾਣੇ ਜਲ, ਜੰਗਲ ਤੇ ਜ਼ਮੀਨ ਅਤੇ ਉਨ੍ਹਾਂ ਦੀਆਂ ਜਗੀਰਾਂ ਵਿਚ ਰਹਿਣ ਵਾਲੇ ਸਾਰੇ ਜੀਵਾਂ ਦੇ ਵੀ ਮਾਲਕ ਅਖਵਾਉਂਦੇ ਹਨ। ਇਸ ਤੋਂ ਇਲਾਵਾ ਉਹ ਉਨ੍ਹਾਂ ਦੀਆਂ ਜ਼ਮੀਨਾਂ 'ਤੇ ਰਹਿੰਦੇ ਅਤੇ ਕੰਮ ਕਰਦੇ ਕਾਮਿਆਂ ਤੇ ਗੁਲਾਮਾਂ ਦੀ ਉਪਜ ਦੇ ਵੀ ਮਾਲਕ ਹੁੰਦੇ ਹਨ। ਜਿਹੜੇ ਰਜਵਾੜੇ ਆਪਣੀਆਂ ਜ਼ਮੀਨਾਂ 'ਤੇ ਆਪ ਵੀ ਰਹਿੰਦੇ ਸਨ ਅਤੇ ਲੋਕਾਂ ਨੂੰ ਮਿਲਦੇ ਗਿਲਦੇ ਸਨ, ਉਹ ਜੰਗਲਾਂ ਤੇ ਫ਼ਸਲਾਂ ਨੂੰ ਵਧਦਾ ਫੁੱਲਦਾ, ਉਨ੍ਹਾਂ ਦੇ ਕਾਮਿਆਂ ਨੂੰ ਪਸੀਨਾ ਵਹਾਉਂਦਿਆਂ ਤੇ ਇਸ ਨਿਜ਼ਾਮ ਨੂੰ ਕੰਮ ਕਰਦਿਆਂ ਦੇਖ ਸਕਦੇ ਸਨ; ਉੱਥੋਂ ਦੂਰ ਦੁਰਾਡੇ ਰਹਿਣ ਵਾਲੇ ਜਗੀਰਦਾਰਾਂ ਨੂੰ ਇਸ ਦੀ ਕੋਈ ਪ੍ਰਵਾਹ ਨਹੀਂ ਹੁੰਦੀ ਸੀ। ਉਨ੍ਹਾਂ ਨੂੰ ਸਿਰਫ਼ ਆਪਣੇ ਮੁਨਾਫ਼ੇ/ਲਗਾਨ ਦੀ ਪ੍ਰਵਾਹ ਹੁੰਦੀ ਸੀ, ਸੋਕੇ ਜਾਂ ਹੜ੍ਹਾਂ ਕਾਰਨ ਹੋਣ ਵਾਲੇ ਨੁਕਸਾਨ ਜਾਂ ਆਪਣੇ ਕਾਮਿਆਂ ਦੀ ਮਾੜੀ ਦਸ਼ਾ ਨਾਲ ਉਨ੍ਹਾਂ ਦਾ ਕੋਈ ਵਜੋ ਵਾਸਤਾ ਨਹੀਂ ਹੁੰਦਾ ਸੀ।

ਫਿਰ ਜਦੋਂ ਜਿਣਸ ਮੰਡੀਆਂ ਦਾ ਵਿਕਾਸ ਹੋਇਆ ਤਾਂ ਪਸ਼ੂਆਂ, ਖੇਤੀ ਜਿਣਸਾਂ, ਲੱਕੜ, ਖਣਿਜ ਪਦਾਰਥ ਆਦਿ ਪੈਸੇ ਨਾਲ ਖਰੀਦੇ ਵੇਚੇ ਜਾਣ ਲੱਗੇ। ਇਨ੍ਹਾਂ ਦੀਆਂ ਕੀਮਤਾਂ ਵਪਾਰੀ ਤੈਅ ਕਰਦੇ ਅਤੇ ਕੁਦਰਤੀ ਸੰਪਦਾ ਨੂੰ ਵਿੱਤੀ ਪੂੰਜੀ ਦਾ ਰੂਪ ਦਿੰਦੇ। ਵਿੱਤੀ ਮੰਡੀਆਂ ਨੇ ਪੂੰਜੀਪਤੀਆਂ ਦਾ ਨਵਾਂ ਵਰਗ ਪੈਦਾ ਕਰ ਦਿੱਤਾ ਜੋ ਗ਼ੈਰ-ਹਾਜ਼ਰ ਰਜਵਾੜਿਆਂ ਨਾਲੋਂ ਵੀ ਜ਼ਿਆਦਾ ਹਕੀਕਤ ਤੋਂ ਟੁੱਟੇ ਹੁੰਦੇ ਹੁੰਦੇ ਹਨ; ਜੋ ਜਿਣਸ ਅਤੇ ਸ਼ੇਅਰ ਬਾਜ਼ਾਰਾਂ ਦੀਆਂ ਕੀਮਤਾਂ ਦੇ ਚਾਰਟ ਪੜ੍ਹ ਕੇ ਹੀ ਦੁਨੀਆ ਦੇ ਹਾਲਾਤ ਦਾ ਅੰਦਾਜ਼ਾ ਲਾਉਂਦੇ ਹਨ। ਕਿਰਤ ਜਦੋਂ ਜ਼ਮੀਨ ਨਾਲੋਂ ਟੁੱਟ ਕੇ ਫੈਕਟਰੀਆਂ ਵਿਚ ਚਲੀ ਗਈ ਤਾਂ ਕਾਮਿਆਂ ਨੂੰ ਫੈਕਟਰੀਆਂ ਵਿਚ ਬਿਤਾਏ ਸਮੇਂ ਬਦਲੇ ਉਜਰਤ ਮਿਲਣ ਲੱਗੀ। ਉਨ੍ਹਾਂ ਦਾ ਹੁਨਰ ਅਤੇ ਕਿਰਤ ਜਿਣਸਾਂ ਦਾ ਰੂਪ ਬਣਾ ਦਿੱਤੀ ਗਈ ਜਿਸ ਨੂੰ ਫੈਕਟਰੀ ਮਾਲਕ ਕੀਮਤ ਤਾਰ ਕੇ ਖਰੀਦ ਸਕਦੇ ਹਨ। ਸੰਪਤੀ ਦੇ ਅਧਿਕਾਰ ਅਰਥ ਸ਼ਾਸਤਰ ਅਤੇ ਨਿਆਂ ਸ਼ਾਸਤਰ ਦਾ ਪੁਰਾਤਨ ਸਿਧਾਂਤ ਹਨ। ਕਾਫ਼ੀ ਅਰਸੇ ਬਾਅਦ ਗ਼ੁਲਾਮ ਦੇ ਖਾਤਮੇ, ਕੰਮ ਬਦਲੇ ਵਾਜਿਬ ਉਜਰਤ ਦੇਣ ਅਤੇ ਸੁਰੱਖਿਅਤ ਕੰਮਕਾਜੀ ਮਾਹੌਲ ਲਈ ਸਿਆਸੀ ਲਹਿਰਾਂ ਜੋ ਅਕਸਰ ਹਿੰਸਕ ਵੀ ਹੋ ਜਾਂਦੀਆਂ ਸਨ, ਚੱਲਣ ਤੋਂ ਬਾਅਦ ਮਨੁੱਖੀ ਅਧਿਕਾਰਾਂ ਨੂੰ ਮਾਨਤਾ ਮਿਲੀ। ਇੱਕੀਵੀਂ ਸਦੀ ਵਿੱਚ ਗਿਗ ਕੰਮਕਾਜ, ਕਿਰਤ ਨੂੰ ਮੁੜ ਜਿਣਸ ਬਣਾਉਣ ਦਾ ਜ਼ਰੀਆ ਹੈ ਜਿੱਥੇ ਮੰਗ ਅਨੁਸਾਰ ਕਾਮੇ ਰੱਖੇ ਜਾਂਦੇ ਹਨ, ਕੀਤੇ ਕੰਮ ਬਦਲੇ ਉਜਰਤ ਦਿੱਤੀ ਜਾਂਦੀ ਹੈ ਅਤੇ ਕੋਈ ਸਮਾਜਕ ਸੁਰੱਖਿਆ ਨਹੀਂ ਦਿੱਤੀ ਜਾਂਦੀ। ਇਹ ਤਰੀਕਾ ਕਾਰੋਬਾਰੀਆਂ ਲਈ ਫਾਇਦੇਮੰਦ ਹੈ ਪਰ ਲੋਕਾਂ ਲਈ ਮਾੜਾ ਹੈ। ਗੈਰੇਟ ਹਾਰਡਿਨ ਨੇ ਆਪਣੀ ਕਿਤਾਬ 'ਟ੍ਰੈਜਡੀ ਆਫ ਕਾਮਨਜ਼' ਵਿਚ ਨਿੱਜੀਕਰਨ ਦੀ ਵਿਚਾਰਧਾਰਾ ਦੀ ਪੜਚੋਲ ਕੀਤੀ ਹੈ। ਇਸ ਦਾ ਸਿਧਾਂਤ ਇਹ ਹੈ ਕਿ ਜਿਹੜੀ ਸੰਪਤੀ ਸਭਨਾਂ ਦੀ ਸਾਂਝੀ ਹੁੰਦੀ ਹੈ, ਉਸ ਦੀ ਕੋਈ ਵੀ ਦੇਖਭਾਲ ਨਹੀਂ ਕਰਦਾ। ਇਸ ਲਈ ਜ਼ਿਆਦਾ ਲਾਭ ਕਮਾਉਣ ਲਈ ਸਾਂਝੀ ਸੰਪਤੀ ਦਾ ਇਕ ਹਿੱਸਾ ਕੁਸ਼ਲ ਪ੍ਰਬੰਧਨ ਲਈ ਪ੍ਰਾਈਵੇਟ ਮਾਲਕਾਂ ਨੂੰ ਸੌਂਪ ਦਿੱਤਾ ਜਾਣਾ ਚਾਹੀਦਾ ਹੈ। ਸਭਨਾਂ ਨਾਲ ਜੁੜੇ ਆਲਮੀ ਵਾਤਾਵਰਨ ਦੇ ਨੁਕਸਾਨ ਕਰ ਕੇ ਆਮ ਲੋਕਾਂ ਨਾਲ ਆਲਮੀ ਪੱਧਰ 'ਤੇ ਤ੍ਰਾਸਦੀ ਵਾਪਰੀ ਹੈ ਅਤੇ ਇਸ ਨੂੰ ਸੰਪਤੀ ਦੇ ਹੋਰ ਜ਼ਿਆਦਾ ਨਿੱਜੀਕਰਨ ਨਾਲ ਹੱਲ ਨਹੀਂ ਕੀਤਾ ਜਾ ਸਕਦਾ। ਆਲਮੀ ਪੱਧਰ 'ਤੇ ਆਮ ਲੋਕਾਂ ਨਾਲ ਵਾਅਦੇ ਦੀ ਪ੍ਰਾਪਤੀ ਨਹੀਂ, ਸ਼ਾਸਨ ਦੇ ਨਵੇਂ ਸਿਧਾਂਤ ਦੀ ਜ਼ਰੂਰਤ ਹੈ।

ਸਤਾਰਵੀਂ ਸਦੀ ਵਿਚ ਯੂਰੋਪੀਅਨ ਜਾਗ੍ਰਿਤੀ ਦੇ ਉਥਾਨ ਸਮੇਂ ਫਰਾਂਸਿਸ ਬੇਕਨ ਨੇ ਫੜ੍ਹ ਮਾਰੀ ਸੀ ਕਿ ਵਿਗਿਆਨ ਇਨਸਾਨ ਨੂੰ ਬੇਮੁਹਾਰ ਕੁਦਰਤ 'ਤੇ ਕਾਬੂ ਪਾਉਣ ਦੀ ਸ਼ਕਤੀ ਦੇਵੇਗਾ। ਭੌਤਿਕ, ਰਸਾਇਣ ਅਤੇ ਜੀਵ ਵਿਗਿਆਨ ਵਿੱਚ ਵਿਗਿਆਨਕ ਖੋਜਾਂ ਕਰ ਕੇ ਧਰਤੀ ਦੀ ਖੋਜ ਕਰਨ ਲਈ ਸ਼ਕਤੀਸ਼ਾਲੀ ਔਜ਼ਾਰ ਪੈਦਾ ਹੋਏ ਹਨ ਜਿਨ੍ਹਾਂ ਨਾਲ ਮਨੁੱਖਤਾ ਦੀ ਪਦਾਰਥਕ ਤਰੱਕੀ ਵਿਚ ਮਦਦ ਮਿਲੇਗੀ ਅਤੇ ਤਕਨੀਕੀ ਤੌਰ 'ਤੇ ਉਨਤ ਦੇਸ਼ਾਂ 'ਤੇ ਰਸ਼ਕ ਹੋਵੇਗਾ ਜੋ ਆਪਣੇ ਨਾਗਰਿਕਾਂ ਦੀ ਪਦਾਰਥਕ ਤਰੱਕੀ ਕਰਨਗੇ। ਕੁਦਰਤੀ ਸਰੋਤਾਂ ਦੀ ਹੱਦੋਂ ਵੱਧ ਵਰਤੋਂ ਨੇ ਧਰਤੀ ਦੀ ਸਿਹਤ ਵਿਗਾੜ ਦਿੱਤੀ ਹੈ। ਇੰਝ, ਤਕਨੀਕ ਦੇ ਘਮੰਡ ਵਿੱਚ ਇਨਸਾਨ ਨੇ ਸਾਡੇ ਗ੍ਰਹਿ ਦੀ ਹੰਢਣਸਾਰਤਾ ਅਤੇ ਲੋਕਾਂ ਦੀ ਆਪਸੀ ਇਕਸੁਰਤਾ ਨੂੰ ਤਬਾਹ ਕਰ ਦਿੱਤਾ ਹੈ।

ਆਧੁਨਿਕ ਵਿਗਿਆਨ ਨੇ ਵੱਖ-ਵੱਖ ਢਾਂਚਿਆਂ ਦੀਆਂ ਗੁੰਝਲਾਂ ਨੂੰ ਛੋਟੇ-ਛੋਟੇ ਹਿੱਸਿਆਂ 'ਚ ਤੋੜਿਆ ਹੈ। ਮਾਹਿਰਾਂ ਵੱਲੋਂ ਵੱਖੋ-ਵੱਖਰੇ ਵਿਗਿਆਨਾਂ ਨੂੰ ਬਿਹਤਰ ਕੀਤਾ ਗਿਆ ਹੈ ਜੋ ਬਾਰੀਕ ਤੋਂ ਬਾਰੀਕ ਚੀਜ਼ ਬਾਰੇ ਵੱਧ ਤੋਂ ਵੱਧ ਜਾਣਕਾਰੀ ਇਕੱਠੀ ਕਰ ਰਹੇ ਹਨ। ਉਹ ਹਾਥੀ ਦੁਆਲੇ ਘੁੰਮਦੇ ਅੰਨ੍ਹੇ ਬੰਦਿਆਂ ਵਰਗੇ ਹਨ, ਕਿਸੇ ਨੂੰ ਵੀ ਪੂਰੀ ਹਕੀਕਤ ਦਾ ਨਹੀਂ ਪਤਾ। ਆਧੁਨਿਕ ਵਿਗਿਆਨ ਨੇ ਸਰੀਰ ਦੇ ਵੱਖ-ਵੱਖ ਅੰਗਾਂ ਦੀ ਮੁਰੰਮਤ ਲਈ ਚਮਤਕਾਰੀ ਦਵਾਈਆਂ ਤੇ ਸਰਜਰੀਆਂ ਖੋਜ ਲਈਆਂ ਹਨ। ਰੋਗਗ੍ਰਸਤ ਅੰਗ ਦੇ ਇਲਾਜ ਦੇ 'ਸਾਈਡ ਇਫੈਕਟਸ' (ਮਾੜੇ ਅਸਰ) ਦੂਜੇ ਅੰਗਾਂ ਨੂੰ ਨੁਕਸਾਨ ਪਹੁੰਚਾ ਕੇ ਮਰੀਜ਼ ਦੀ ਹਾਲਤ ਹੋਰ ਵੀ ਬਦਤਰ ਕਰ ਦਿੰਦੇ ਹਨ। ਚੰਗੀ ਸਿਹਤ ਲਈ ਅਜਿਹੇ ਹਰਫ਼ਨਮੌਲਾ ਸਿਹਤ ਮਾਹਿਰਾਂ ਦੀ ਲੋੜ ਹੈ ਜੋ ਬੰਦੇ ਦੇ ਸਰੀਰ ਅਤੇ ਮਨ ਨੂੰ ਸਮਝ ਸਕਣ।

ਅਰਥ ਸ਼ਾਸਤਰ ਪਿਛਲੀ ਸਦੀ ਵਿੱਚ ਬਾਕੀ ਸਮਾਜ ਵਿਗਿਆਨਾਂ ਨਾਲੋਂ ਟੁੱਟ ਕੇ ਵੱਖ ਹੋ ਗਿਆ ਤੇ ਬਾਕੀ ਸਾਰੇ ਵਿਗਿਆਨ ਆਪੋ-ਆਪਣੇ ਕੋਠਿਆਂ 'ਚ ਵੜ ਗਏ। ਅਰਥ ਸ਼ਾਸਤਰ ਕੁਦਰਤੀ ਤੇ ਮਨੁੱਖੀ ਸਰੋਤਾਂ ਦੀ ਉਤਪਾਦਕਤਾ 'ਤੇ ਧਿਆਨ ਕੇਂਦਰਤ ਕਰਦਾ ਹੈ ਤਾਂ ਕਿ ਜੀਡੀਪੀ ਵਧਾਈ ਜਾਵੇ। ਅਰਥ ਸ਼ਾਸਤਰੀ ਜਾਣਦੇ ਹਨ ਕਿ ਅਰਥਚਾਰੇ ਦਾ ਭੌਤਿਕ ਦਾਇਰਾ ਕਿਵੇਂ ਵਧਾਉਣਾ ਹੈ ਪਰ ਉਹ ਤਰੱਕੀ ਦੇ ਨਾਲ-ਨਾਲ ਅਰਥਚਾਰੇ 'ਚ ਹਿੱਸੇਦਾਰੀ ਨੂੰ ਵਾਜਿਬ ਜਾਂ ਬਰਾਬਰ ਰੱਖਣਾ ਅਤੇ ਕੁਦਰਤੀ ਸਰੋਤਾਂ ਨੂੰ ਨਵਿਆਉਣਾ ਨਹੀਂ ਜਾਣਦੇ। ਦੂਜੇ ਵਿਗਿਆਨੀਆਂ ਵਾਂਗ ਅਰਥ ਸ਼ਾਸਤਰੀ ਵੀ ਕਿਸੇ ਤੰਤਰ ਅੰਦਰਲੀਆਂ ਤਾਕਤਾਂ ਵਿਚਾਲੇ ਗੈਰ-ਰਵਾਇਤੀ ਸਬੰਧ ਲੱਭਦੇ ਹਨ; ਉਨ੍ਹਾਂ ਨੂੰ ਲੱਗਦਾ ਹੈ ਕਿ ਸਾਰੀਆਂ ਸ਼ਕਤੀਆਂ ਦਾ ਮੂੰਹ ਇਕੋ ਦਿਸ਼ਾ ਵੱਲ ਹੈ। ਆਧੁਨਿਕ ਵਿਗਿਆਨਕ ਪਹੁੰਚ ਉਨ੍ਹਾਂ ਤਾਕਤਾਂ ਨੂੰ ਨਹੀਂ ਸਮਝ ਸਕਦੀ ਜੋ ਇਕ-ਦੂਜੇ ਉਤੇ ਨਿਰਭਰ ਹੋ ਕੇ ਉੱਭਰਦੀਆਂ ਹਨ ਤੇ ਇਨ੍ਹਾਂ ਦੇ ਇਕ-ਦੂਜੇ ਨਾਲ ਕਾਰਨ ਤੇ ਅਸਰ ਦੇ ਪੱਖ ਤੋਂ ਗੋਲਾਕਾਰ ਸਬੰਧ ਹੁੰਦੇ ਹਨ।

ਜਿਹੜੇ ਅਰਥ ਸ਼ਾਸਤਰੀ ਮਨੁੱਖੀ ਵਿਕਾਸ ਸੂਚਕ ਅੰਕ ਦੀ ਬਿਹਤਰੀ ਲਈ ਵੱਧ ਸਰੋਤ ਪੈਦਾ ਕਰਨ ਖ਼ਾਤਿਰ ਪਹਿਲਾਂ ਜੀਡੀਪੀ ਵਧਾਉਣ ਅਤੇ ਮਗਰੋਂ ਵਾਤਾਵਰਨ ਸਥਿਰਤਾ ਵੱਲ ਰੁਖ਼ ਕਰਨ ਦੀ ਗੱਲ ਕਰਦੇ ਹਨ, ਉਹ ਇਹ ਦੇਖਣ ਵਿਚ ਨਾਕਾਮ ਹਨ ਕਿ ਆਰਥਿਕ ਤਰੱਕੀ ਲਈ ਮੁੱਢਲੀਆਂ ਲੋੜਾਂ ਮਨੁੱਖੀ ਵਿਕਾਸ ਤੇ ਟਿਕਾਊ ਕੁਦਰਤੀ ਸਰੋਤ ਹਨ ਤੇ ਇਹ ਹਮੇਸ਼ਾ ਇਸ ਦੀ ਬੁਨਿਆਦ ਬਣੇ ਰਹਿਣਗੇ। ਮਿੱਟੀ, ਜਲ ਪ੍ਰਣਾਲੀ ਤੇ ਬੂਟਿਆਂ, ਜਾਨਵਰਾਂ ਅਤੇ ਕੀਟਾਂ ਦੇ ਨਾਲ-ਨਾਲ, ਮਨੁੱਖ ਵੀ ਕੁਦਰਤ ਦੇ ਗੁੰਝਲਦਾਰ ਤੰਤਰ ਦਾ ਹਿੱਸਾ ਹੈ। ਟਿਕਾਊ ਵਿਕਾਸ ਲਈ ਸਾਰਿਆਂ ਦੀ ਸਰੀਰਕ-ਮਾਨਸਿਕ ਤੰਦਰੁਸਤੀ ਯਕੀਨੀ ਬਣਾਉਣੀ ਜ਼ਰੂਰੀ ਹੈ। ਜਿਹੜੇ ਕੁਦਰਤ ਪ੍ਰੇਮੀ ਸੰਪੂਰਨ ਢਾਂਚੇ ਦੇ ਕੇਵਲ ਇਕ ਹਿੱਸੇ 'ਤੇ ਧਿਆਨ ਦੇਣ ਦੀ ਗੱਲ ਕਰਦੇ ਹਨ ਤੇ ਜ਼ਿਆਦਾ ਦਰੱਖਤ ਲਾਉਣ ਦੀ ਵਕਾਲਤ ਕਰਦੇ ਹਨ ਜਾਂ ਬਾਘ ਵਰਗੀ ਸਿਰਫ਼ ਇਕੋ ਨਸਲ ਬਚਾਉਣ ਦਾ ਪੱਖ ਪੂਰਦੇ ਹਨ, ਉਹ ਪੂਰੀ ਪ੍ਰਣਾਲੀ ਦੇ ਵਿਆਪਕ ਦ੍ਰਿਸ਼ਟੀਕੋਣ ਨੂੰ ਅੱਗੇ ਨਹੀਂ ਰੱਖ ਰਹੇ; ਤੇ ਜਿਹੜੇ ਲੋਕ ਚਾਹੁੰਦੇ ਹਨ ਕਿ ਜੰਗਲਾਤ ਤੇ ਬਾਘਾਂ ਦੀ ਰਾਖੀ ਲਈ ਗਰੀਬਾਂ ਨੂੰ ਸਾਂਝੀ ਧਰਤ ਤੋਂ ਬਾਹਰ ਕੱਢਿਆ ਜਾਵੇ, ਉਨ੍ਹਾਂ ਨੂੰ ਇਹ ਨਹੀਂ ਦਿਸ ਰਿਹਾ ਕਿ ਮਨੁੱਖ ਵੀ ਇਸ ਢਾਂਚੇ ਦਾ ਅਨਿੱਖੜ ਅੰਗ ਹਨ। ਟਿਕਾਊ ਢਾਂਚਾ ਵਿਕਸਿਤ ਕਰਨ ਲਈ ਅਜਿਹੇ ਵਿਗਿਆਨਕ ਹੱਲ ਸੁਝਾਉਣੇ ਅਣਮਨੁੱਖੀ ਹਨ।

ਵੱਖੋ-ਵੱਖਰੇ ਦ੍ਰਿਸ਼ਟੀਕੋਣਾਂ ਨੂੰ ਸੁਣ ਕੇ ਹੀ ਗੁੰਝਲਦਾਰ ਪ੍ਰਣਾਲੀਆਂ ਨੂੰ ਸਮਝਿਆ ਜਾ ਸਕਦਾ ਹੈ। ਕਾਨੂੰਨ-ਵਿਵਸਥਾ ਅਤੇ ਜਲਦ ਨਿਆਂ ਹੀ ਵਿੱਤੀ ਨਿਵੇਸ਼ਕਾਂ ਤੇ ਨਾਗਰਿਕਾਂ ਨੂੰ ਕਿਸੇ ਮੁਲਕ ਵੱਲ ਖਿੱਚਦੇ ਹਨ; ਹਾਲਾਂਕਿ ਨਿਵੇਸ਼ਕਾਂ ਤੇ ਨਾਗਰਿਕਾਂ ਦੀਆਂ ਲੋੜਾਂ ਵੱਖ-ਵੱਖ ਹੁੰਦੀਆਂ ਹਨ, ਇਸ ਲਈ ਕਾਨੂੰਨ ਦੀ ਪਰਿਭਾਸ਼ਾ ਵੀ ਵੱਖ-ਵੱਖ ਹੋਵੇਗੀ। ਚੰਗੀ ਸ਼ਾਸਨ ਪ੍ਰਣਾਲੀ ਤੇ ਸਾਰਿਆਂ ਨੂੰ ਇਨਸਾਫ਼ ਦੇਣ ਲਈ ਜ਼ਰੂਰੀ ਹੈ ਕਿ ਸ਼ਾਸਨ ਕਰਨ ਵਾਲੇ ਲੋਕਾਂ ਨੂੰ ਲਗਾਤਾਰ ਸੁਣਨ। ਅਦਾਲਤਾਂ ਅਤੇ ਮਾਹਿਰ ਆਪਣੇ ਸੀਮਤ ਦਾਇਰੇ ਕਾਰਨ ਨਾਗਰਿਕਾਂ ਵਿਚਾਲੇ ਸਰਬਸੰਮਤੀ ਨਹੀਂ ਬਣਾ ਸਕਦੇ। ਅੱਡ-ਅੱਡ ਜ਼ਰੂਰਤਾਂ ਰੱਖਦੇ ਨਾਗਰਿਕਾਂ ਨੂੰ ਇਹ ਸਹਿਮਤੀ ਬਣਾਉਣ ਲਈ ਇਕ-ਦੂਜੇ ਦੀ ਸੁਣਨੀ ਚਾਹੀਦੀ ਹੈ ਕਿ ਉਹ ਆਪਣੇ ਲਈ ਕਿਸ ਤਰ੍ਹਾਂ ਦਾ ਸਮਾਜ ਚਾਹੁੰਦੇ ਹਨ।

# ਧੀ ਦੀ ਆਮਦ

**ਲੇਖਕ : ਨਿਰਮਲ ਜੌੜਾ**
**ਸੰਪਰਕ : 98140-78799**

ਸਵੇਰੇ ਸਵੇਰੇ ਪੱਗ ਦੀ ਪੂਣੀ ਕਰਵਾਉਂਦਿਆਂ ਪਤਨੀ ਅਕਸਰ ਫਿਕਰ ਕਰਦੀ, "ਬ੍ਰੇਕਫਾਸਟ ਟੈਮ ਨਾਲ ਕਰ ਲਿਓ, ਸਬਜ਼ੀ ਗਰਮ ਕਰ ਕੇ ਖਾਇਓ, ਦਵਾਈ ਜ਼ਰੂਰ ਲੈ ਲਿਓ।" ਜਾਣ ਲੱਗਿਆਂ ਪਿੱਛੇ ਧੌਣ ਘੁਮਾ ਕੇ ਥੋੜ੍ਹਾ ਉੱਚੀ ਆਵਾਜ਼ 'ਚ ਹਦਾਇਤਾਂ ਕਰਦੀ, "ਦੁੱਧ ਪਵਾ ਕੇ ਫਰਿੱਜ਼ 'ਚ ਰੱਖ ਦਿਓ, ਖਲਾਰਾ ਘੱਟ ਪਾਇਓ, ਸਵਿੱਚਾਂ ਬੰਦ ਕਰ ਕੇ ਜਾਇਓ, ਸਲੰਡਰ ਚਲਦਾ ਨਾ ਛੱਡ ਜਿਓ ਕਿਤੇ।" ਦੁਪਿਹਰ ਬਾਅਦ ਘਰ ਆ ਕੇ ਰਸੋਈ ਵਿੱਚ ਭਾਂਡਿਆਂ ਦਾ ਖਲਾਰਾ ਦੇਖ ਖਿਝਦੀ, ਬੇਤਰਤੀਬ ਪਏ ਕੱਪੜਿਆਂ 'ਤੇ ਉਹਨੂੰ ਗੁੱਸਾ ਆਉਂਦਾ। ਜਦੋਂ ਮੈਂ ਘਰੇ ਆਉਨਾ, ਉਹ ਲਾਲ ਪੀਲੀ ਹੋਈ ਫਿਲਮੀ ਸੱਸਾਂ ਵਾਂਗ ਕਚੀਚੀਆਂ ਲੈਂਦੀ, "ਇਹ ਕੋਈ ਹੋਸਟਲ ਆ? ਜਿਥੇ ਜੀਅ ਕਰਦਾ ਚੀਜ਼ਾਂ ਸੁੱਟ ਦਿੰਨੇ ਆਂ, ਭਾਂਡੇ ਖਲਾਰ ਦਿੰਨੇ ਆਂ। ਕੋਈ ਸਲੀਕਾ ਚਾਹੀਦਾ। ਦੋਵਾਂ ਪਿਓ-ਪੁੱਤਾਂ ਨੂੰ ਘਰ ਦੇ ਕੰਮਾਂ ਨਾਲ ਕੋਈ ਲੈਣ ਦੇਣ ਨੀ। ਜਿਥੇ ਜੀਅ ਕੀਤਾ ਤੌਲੀਆ ਸਿੱਟ'ਤਾ, ਜਿਥੇ ਜੀਅ ਕੀਤਾ ਪੈਂਟ ਸੁੱਟ'ਤੀ। ਘੱਟੋ-ਘੱਟ ਕਿਤਾਬਾਂ ਤੇ ਰਸਾਲੇ ਤਾਂ ਟਿਕਾਣੇ ਸਿਰ ਰੱਖ ਦਿਆ ਕਰੋ। ਉਤੋਂ ਟਰਾਫੀਆਂ ਲਿਆ ਕੇ ਡਾਈਨਿੰਗ ਟੇਬਲ 'ਤੇ ਸਜਾ ਦਿੰਨੇ ਆਂ। ਮੇਰਾ ਕੰਮ ਘਟਾਉਣਾ ਤਾਂ ਕੀ, ਵਧਾ ਕੇ ਰੱਖ ਦਿੰਨੇ ਆਂ।" ਫਿਰ ਆਪੇ ਸਭ ਕੁਝ ਠੀਕ ਕਰਦੀ ਪੁੱਤਰ ਬਿਨੇ 'ਤੇ ਵੀ ਗੁੱਸਾ ਕੱਢਦੀ, "ਇੱਕ ਥੋਡਾ ਲਾਡਲਾ, ਬਾਰਾਂ ਵਜੇ ਤੱਕ ਉਠਦਾ ਨੀ; ਬਈ ਜੁਆਕ ਈ ਹੱਥ ਵਟਾ ਦੇਵੇ।"

ਅਸੀਂ ਦੋਵੇਂ ਮੀਆਂ ਬੀਵੀ ਨੌਕਰੀ ਪੇਸ਼ਾ ਹੋਣ ਕਰ ਕੇ ਇਹ ਰੋਜ਼ ਦਾ ਵਰਤਾਰਾ ਸਾਡੇ ਘਰ ਦਾ।... ਹੁਣ ਬਿਨੇ ਦਾ ਵਿਆਹ ਹੋ ਗਿਆ, ਜਸਕੀਤ ਸਾਡੇ ਘਰ ਦਾ ਚੌਥਾ ਜੀਅ ਬਣ ਗਈ।... ਘਰ ਬਦਲ ਰਿਹਾ!

... ਪਤਨੀ ਨੇ ਪੱਗ ਦੀ ਪੂਣੀ ਕਰਵਾਈ, ਜਾਣ ਲੱਗਿਆਂ ਹਦਾਇਤ ਕੀਤੀ, "ਹੁਣ ਫੋਨ 'ਤੇ ਉੱਚੀ ਉੱਚੀ ਨਾ ਬੋਲੀ ਜਾਇਓ, ਜੁਆਕ ਸੁੱਤੇ ਪਏ ਆ, ਡਿਸਟਰਬ ਹੋਣਗੇ।" 'ਚੰਗਾ ਬਾਬਾ' ਕਹਿ ਕੇ ਮੈਂ ਪੱਗ ਬੰਨ੍ਹਣ ਲੱਗ ਪਿਆ। ਪੌੜੀ ਉੱਤਰਦਿਆਂ ਜਸਕੀਤ ਨੇ 'ਗੁੱਡ ਮੌਰਨਿੰਗ ਪਾਪਾ' ਕਿਹਾ। ਉਹ ਰਸੋਈ ਵਿੱਚ ਚਾਹ ਬਣਾਉਣ ਲੱਗ ਪਈ, "ਤੁਸੀਂ ਪਾਪਾ ਸਵੇਰ ਵਾਲੀ ਚਾਹ ਨੀ ਪੀਂਦੇ, ਇਹ ਵਧੀਆ ਗੱਲ ਆ, ਹੌਲੀ-ਹੌਲੀ ਮੈਂ ਵੀ ਛੱਡ ਦੇਣੀ। ਮੰਮੀ ਦੀ ਚਾਹ ਵੀ ਬੰਦ ਕਰਵਾ ਦੇਣੀ ਸਵੇਰ ਵਾਲੀ, ਉਨ੍ਹਾਂ ਦੇ ਐਸੇਡਿਟੀ ਬਣਦੀ ਆ।" ਕੱਪ 'ਚ ਚਾਹ ਪਾਉਂਦਿਆਂ ਕਹਿਣ ਲੱਗੀ, "ਪਾਪਾ ਜਦੋਂ ਬ੍ਰੇਕਫਾਸਟ ਕਰਨਾ ਹੋਇਆ, ਦੱਸ ਦਿਓ।" ਮੈਂ ਪੱਗ ਬੰਨ੍ਹ ਕੇ ਅਖਬਾਰ ਪੜ੍ਹਨ ਲੱਗ ਪਿਆ। ਉਹ ਮੇਰੇ ਕੋਲ ਬੈਠ ਕੇ ਚਾਹ ਪੀਣ ਲੱਗੀ, "ਪਾਪਾ ਆਪਣੇ ਘਰੇ ਜਿੰਨੀਆਂ ਕਿਤਾਬਾਂ ਪਈਆਂ, ਤੁਸੀਂ ਸਾਰੀਆਂ ਪੜ੍ਹੀਆਂ।" ਮੈਂ ਹੱਸ ਕੇ 'ਹਾਂ' ਕਿਹਾ ਤਾਂ ਆਖਣ ਲੱਗੀ, "ਕੱਲ੍ਹ ਸਾਰੀਆਂ ਖਿਲਰੀਆਂ ਕਿਤਾਬਾਂ ਠੀਕ ਕਰ ਕੇ ਰੱਖਦਿਆਂ ਮੈਂ ਵੀ ਦੋ-ਤਿੰਨ ਕਿਤਾਬਾਂ ਲੈ ਲਈਆਂ ਪੜ੍ਹਨ ਲਈ।"

ਚਾਹ ਵਾਲਾ ਕੱਪ ਰਸੋਈ ਵਿੱਚ ਰੱਖ ਕੇ ਉਹ ਗੈਸ ਵਾਲੇ ਚੁੱਲ੍ਹੇ ਦੇ ਸੁਰਾਖ ਸਾਫ ਕਰਨ ਲੱਗ ਪਈ। ਕੰਮ ਵਾਲੀ ਫੂਲਵਤੀ ਆਈ ਤਾਂ ਜਸਕੀਤ ਪਾਣੀ ਗਰਮ ਕਰਨ ਵਾਲੀ ਕੇਟਲੀ ਥੱਲਿਓਂ ਖੁਰਚ ਕੇ ਜੰਮੀ ਹੋਈ ਮੈਲ ਉਤਾਰ ਰਹੀ ਸੀ। ਫੂਲਵਤੀ ਆਖਣ ਲੱਗੀ, "ਮੈਂ ਕਰ ਦੇਤੀ ਹੂੰ ਬੇਟੀ।" ਕਹਿੰਦੀ, "ਕੋਈ ਨੀ ਆਂਟੀ, ਤੁਸੀਂ ਬਾਕੀ ਕੰਮ ਕਰ'ਲੋ, ਇਹ ਮੈਂ ਸਾਫ ਕਰ ਦਿੰਨੀ ਆਂ।" ਮੈਨੂੰ ਲੱਗਿਆ, ਸੱਚੀਂ ਇਹ ਬਰੀਕੀ ਵਾਲੇ ਕੰਮ ਅਕਸਰ ਰਹਿ ਜਾਂਦੇ। ਫੂਲਵਤੀ ਪੋਚਾ ਮਾਰਨ ਲੱਗੀ ਤੇ ਜਸਕੀਤ ਨੇ ਡਾਈਨਿੰਗ ਟੇਬਲ ਉੱਤੇ ਪਈਆਂ ਟਰਾਫੀਆਂ ਸਾਫ ਕਰ ਕੇ ਸ਼ੀਸੇ ਵਾਲੇ ਰੈਕ ਵਿੱਚ ਰੱਖ ਦਿੱਤੀਆਂ। ਦੁੱਧ ਵਾਲੇ ਨੇ ਘੰਟੀ ਵਜਾਈ, ਮੈਂ ਉੱਠਣ ਲੱਗਾ ਤਾਂ ਉਦੋਂ ਤੱਕ ਪਤੀਲੇ ਵਿੱਚ ਦੁੱਧ ਪਵਾ ਕੇ ਉਹਨੇ ਉਬਾਲਣਾ ਰੱਖ ਦਿੱਤਾ ਤੇ ਰਸੋਈ ਵਿਚੋਂ ਹੀ ਪੁੱਛਣ ਲੱਗੀ, "ਲਿਆ ਦਿਆਂ ਬ੍ਰੇਕਫਾਸਟ ਪਾਪਾ?" ਮੇਰੇ ਬੋਲਣ ਤੋਂ ਪਹਿਲਾਂ ਆਪੇ ਆਖਣ ਲੱਗੀ, "ਲਿਆ ਈ ਦਿੰਨੀ ਆਂ, ਕਾਫੀ ਟੈਮ ਹੋ ਗਿਆ, ਫੇਰ ਦਵਾਈ ਵੀ ਲੈਣੀ ਆਂ ਤੁਸੀਂ।" ਪਲੇਟ ਵਿੱਚ ਸਬਜ਼ੀ ਤੇ ਰੋਟੀ ਫੜਾ ਕੇ ਕਹਿਣ ਲੱਗੀ, "ਲੱਸੀ ਜ਼ਰੂਰ ਪੀਆ ਕਰੋ ਸਵੇਰੇ, ਸ਼ੀਨਮ ਮਾਮੀ ਦੱਸਦੇ ਸੀ, ਬ੍ਰੇਕਫਾਸਟ ਵਿੱਚ ਲੱਸੀ ਜਾਂ ਲੌਕੀ ਦਾ ਜੂਸ ਬਹੁਤ ਚੰਗਾ ਹੁੰਦਾ।" ਨਾਲ ਦੀ ਰਸੋਈ ਵਿੱਚ ਜਾ ਕੇ ਲੱਸੀ ਬਣਾਉਣ ਲੱਗ ਪਈ। ਮੈਂ ਸੋਚ ਰਿਹਾ ਸੀ, ਕੁੜੀਆਂ ਆਪਣੇ ਆਪ 'ਚ ਸਲੀਕਾ ਹੁੰਦੀਆਂ!

ਲੱਸੀ ਦਾ ਗਲਾਸ ਮੇਰੇ ਕੋਲ ਰੱਖ ਆਖਣ ਲੱਗੀ, "ਪਾਪਾ ਐਤਕੀਂ ਆਪਾਂ ਗਰਮੀਆਂ ਤੋਂ ਪਹਿਲਾਂ ਖ਼ੂਨ ਪਤਲਾ ਰੱਖਣ ਵਾਲੀ ਦੇਸੀ ਦਵਾਈ ਬਣਾਵਾਂਗੇ। ਨਾਨੀ ਬਣਾਉਂਦੀ ਹੁੰਦੀ ਸੀ। ਮੈਨੂੰ ਪਤਾ ਕਿਵੇਂ ਬਣਾਉਣੀ। ਇਹਦੇ ਨਾਲ ਬਲੱਡ ਪ੍ਰੈਸ਼ਰ ਤੇ ਸ਼ੂਗਰ ਵੀ ਕੰਟਰੋਲ ਰਹਿੰਦਾ।" ਮੇਰੇ ਕੋਲੋਂ ਪਲੇਟ ਤੇ ਗਲਾਸ ਚੱਕਦਿਆਂ ਉਹਨੇ ਗੱਲ ਜਾਰੀ ਰੱਖੀ, "ਬੱਸ ਤੁਸੀਂ ਮੈਨੂੰ ਦਵਾਈ ਲਈ ਪਿੱਪਲ ਦੇ ਪੱਤੇ ਲਿਆ ਦਿਓ।" ਮੈਂ ਕਿਹਾ, "ਕੋਈ ਨੀ ਪਿੱਪਲ ਦੇ ਪੱਤੇ ਤਾਂ ਮਿਲ ਈ ਜਾਣਗੇ, ਨਹੀਂ ਤਾਂ ਬਿਲਾਸਪੁਰੋਂ ਲੈ ਆਵਾਂਗੇ।" ਉਹ ਇੱਕਦਮ ਬੋਲੀ, "ਠੀਕ ਆ ਪਾਪਾ ਮੈਂ ਵੀ ਚੱਲੂੰ ਬਿਲਾਸਪੁਰ, ਉਹ ਘਰ ਮੈਨੂੰ ਸਾਡੇ ਦੋਰਾਹੇ ਵਾਲੇ ਘਰ ਵਰਗਾ ਲਗਦਾ।" ਮੈਂ ਹੱਸ ਕੇ ਕਿਹਾ, "ਠੀਕ ਆ।"

ਯੂਨੀਵਰਸਿਟੀ 'ਚ ਅਜੇ ਟਾਈਮ ਸੀ, ਮੈਂ ਲੈਪਟੌਪ ਖੋਲ੍ਹ ਕੇ ਬੈਠ ਗਿਆ। "ਲਓ ਪਾਪਾ ਦਵਾਈ ਲੈਲੋ।" ਪਾਣੀ ਦਾ ਗਲਾਸ ਫੜਾਉਂਦਿਆਂ ਉਸ ਮੈਨੂੰ ਹਦਾਇਤ ਕਰਨ ਵਾਂਗ ਆਖਿਆ, "ਤੁਸੀਂ ਫਰਾਈਡ ਘੱਟ ਖਾਇਆ ਕਰੋ, ਓਇਲੀ ਚੀਜ਼ਾਂ ਬਹੁਤ ਖਰਾਬ ਕਰਦੀਆਂ।" ਮੈਂ ਦਵਾਈ ਲੈਂਦਿਆਂ ਸਹਿਮਤੀ ਵਿੱਚ ਸਿਰ ਹਿਲਾਇਆ। ਮੇਰੇ ਕੋਲੋਂ ਗਲਾਸ ਫੜਦਿਆਂ ਕਹਿਣ ਲੱਗੀ, "ਵੈਸੇ ਨਾ ਤੁਸੀਂ ਰੋਟੀ ਖਾਣ ਦੁਪਿਹਰੇ ਘਰੇ ਆਜਿਆ ਕਰੋ ਪਾਪਾ, ਮੈਂ ਤਾਜ਼ੀ ਬਣਾ ਦਿਆਂ ਕਰੂੰ।" ਤੁਰਨ ਲੱਗਾ ਤਾਂ ਉਹਨੇ ਪੁੱਛਿਆ, "ਪਾਪਾ, ਉਥੇ ਰੋਟੀ ਗਰਮ ਕਰਨ ਵਾਸਤੇ ਹੈਗਾ ਕੋਈ ਸਿਸਟਮ, ਠੰਢੀ ਰੋਟੀ ਨਾ ਖਾਇਆ ਕਰੋ।" ਉਹਦੇ ਫਿਕਰ ਨੂੰ ਸਮਝਦਿਆਂ ਮੈਂ ਦੱਸ ਦਿੱਤਾ ਕਿ ਰੋਟੀ ਗਰਮ ਕਰ ਕੇ ਹੀ ਖਾਨੇ ਆਂ। ਸ਼ਾਮ ਨੂੰ ਘਰ ਆਇਆ, ਘਰਵਾਲੀ ਜਸਕੀਤ ਨਾਲ ਖਿੜ-ਖਿੜਾ ਕੇ ਹੱਸ ਰਹੀ ਸੀ। ਜਸਕੀਤ ਦੇ ਹੱਥਾਂ ਵਿੱਚ ਦੋ-ਤਿੰਨ ਅਣਸੀਤੇ ਸੂਟ ਸਨ, "ਦੇਖੋ ਪਾਪਾ, ਮੰਮੀ ਦੇ ਪਿਆਜ਼ੀ ਰੰਗ ਦਾ ਸੂਟ ਕਿੰਨਾ ਵਧੀਆ ਲੱਗੂਗਾ। ਨਾਲੇ ਆਹ ਲੈਮਨ ਸ਼ੇਡ ਵੀ ਜਚਦਾ ਇਨ੍ਹਾਂ ਦੇ। ਪਤਾ ਨੀ ਕਦੋਂ ਦੇ ਰੱਖੀ ਬੈਠੇ ਆ, ਸੰਵਾਏ ਨੀ ਅੱਜ ਤੱਕ, ਅੱਜ ਨਾਲ ਜਾ ਕੇ ਦੋਵੇਂ ਸੂਟ ਬੁਟੀਕ 'ਤੇ ਦੁਆ ਦੇਣੇ ਆਂ।" ਫਿਰ ਰਸੋਈ ਵੱਲ ਜਾਂਦੀ ਜਾਂਦੀ ਬੋਲ ਰਹੀ ਸੀ, "ਨਾਲੇ ਆਪਾਂ ਆਥਣੇ ਸੈਰ ਕਰਨ ਜਾਇਆ ਕਰਨਾ। ਨਾਨੀ ਕਹਿੰਦੀ ਹੁੰਦੀ ਸੀ, ਰੋਟੀ ਖਾਣ ਪਿੱਛੋਂ ਸੈਰ ਜ਼ਰੂਰ ਕਰਨੀ ਚਾਹੀਦੀ।" ਰਸੋਈ ਵਿਚੋਂ ਚਾਹ ਬਣਾਉਂਦੀ ਜਸਕੀਤ ਦੀਆਂ ਪਿਆਰੀਆਂ ਪਿਆਰੀਆਂ ਗੱਲਾਂ ਕਿਸੇ ਮੁਹੱਬਤੀ ਗੀਤ ਦੀ ਗੂੰਜ ਵਾਂਗ ਘਰ ਵਿੱਚ ਧੀ ਹੋਣ ਦਾ ਅਹਿਸਾਸ ਕਰਵਾ ਰਹੀਆਂ ਸਨ।

# ਸਿੱਖ ਇਤਿਹਾਸ ਦਾ ਚਮਕਦਾ ਸਿਤਾਰਾ ਜੱਸਾ ਸਿੰਘ ਰਾਮਗੜ੍ਹੀਆ

5 ਮਈ 1723 ਨੂੰ ਗਿਆਨੀ ਭਗਵਾਨ ਸਿੰਘ ਦੇ ਘਰ ਪਿੰਡ ਸੁਰ ਸਿੰਘ ਜ਼ਿਲ੍ਹਾ ਲਾਹੌਰ ਵਿਚ ਜਿਸ ਬਾਲਕ ਨੇ ਜਨਮ ਲਿਆ, ਉਹੀ ਵੱਡਾ ਹੋ ਕੇ ਸ. ਜੱਸਾ ਸਿੰਘ ਰਾਮਗੜ੍ਹੀਆ ਬਣਿਆ ਜਿਸ ਦਾ ਸਿੱਖ ਇਤਿਹਾਸ ਵਿਚ ਵਿਸ਼ੇਸ਼ ਸਥਾਨ ਹੈ। ਇਨ੍ਹਾਂ ਦੇ ਬਾਬਾ ਜੀ ਸ. ਹਰਦਾਸ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਕੋਲ ਹੀ ਰਹਿੰਦੇ ਰਹੇ ਹਨ ਤੇ ਯੁੱਧ ਦੇ ਹਥਿਆਰ ਬੰਦੂਕਾਂ, ਤਲਵਾਰਾਂ, ਭਾਲੇ ਆਦਿ ਬਣਾਉਂਦੇ ਹੁੰਦੇ ਸਨ ਜਿਨ੍ਹਾਂ ਨੂੰ ਚਲਾਉਣ ਵਿਚ ਉਹ ਮਾਹਰ ਵੀ ਸਨ।

ਗੁਰੂ ਜੀ ਕੋਲ ਜੋ ਨਾਗਣੀ ਹੁੰਦੀ ਸੀ, ਉਹ ਸ. ਹਰਦਾਸ ਸਿੰਘ ਨੇ ਹੀ ਤਿਆਰ ਕੀਤੀ ਸੀ। ਉਨ੍ਹਾਂ ਨੂੰ ਗੁਰੂ ਜੀ ਦੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਫ਼ੌਜ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਸੰਨ 1710 ਵਿਚ ਉਹ ਦੋ ਹਜ਼ਾਰ ਸਿਪਾਹੀਆਂ ਨਾਲ ਬਜਵਾੜੇ ਵਿਚ ਦਲੇਰ ਖਾਂ ਨਾਲ ਲੜਦਿਆਂ ਸਖ਼ਤ ਜ਼ਖ਼ਮੀ ਹੋ ਗਏ ਅਤੇ ਬਾਅਦ ਵਿਚ ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂ ਨੇ ਹੀ ਅਪਣੇ ਪੁਤਰ ਸ. ਭਗਵਾਨ ਸਿੰਘ ਨੂੰ ਹਥਿਆਰ ਬਣਾਉਣ ਅਤੇ ਚਲਾਉਣ ਦੀ ਕਲਾ ਸਿਖਾਈ, ਜੋ ਅੱਗੇ ਗਿਆਨੀ ਭਗਵਾਨ ਸਿੰਘ ਨੇ ਅਪਣੇ ਪੁੱਤਰ ਜੱਸਾ ਸਿੰਘ ਨੂੰ ਸਿਖਾਈ।

ਸ. ਭਗਵਾਨ ਸਿੰਘ ਨੇ ਮੌਕੇ ਦੀ ਨਜ਼ਾਕਤ ਨੂੰ ਵੇਖਦਿਆਂ ਅਪਣੀ ਇਕ ਦੋ ਸੌ ਸਿੱਖਾਂ ਦੀ ਫ਼ੌਜੀ ਟੁਕੜੀ ਵੀ ਤਿਆਰ ਕਰ ਲਈ ਸੀ। ਉਹ 1738 ਵਿਚ ਵਜ਼ੀਰਾਬਾਦ ਵਾਲੀ ਲੜਾਈ ਵਿਚ ਸਖ਼ਤ ਜ਼ਖ਼ਮੀ ਹੋ ਕੇ ਬਾਅਦ ਵਿਚ ਸ਼ਹੀਦੀ ਪਾ ਗਏ। ਇਸ ਲੜਾਈ ਵਿਚ ਉਨ੍ਹਾਂ ਦਾ ਪੁੱਤਰ ਜੱਸਾ ਸਿੰਘ ਵੀ ਸ਼ਾਮਲ ਸੀ ਜਿਸ ਦੀ ਉਮਰ ਉਸ ਵੇਲੇ 15 ਸਾਲ ਦੀ ਹੀ ਸੀ। ਇੰਜ ਸ. ਜੱਸਾ ਸਿੰਘ ਨੂੰ ਬਚਪਨ ਵਿਚ ਹੀ ਪਿਉ ਦਾਦੇ ਤੋਂ ਹੀ ਹਥਿਆਰ ਬਣਾਉਣੇ ਤੇ ਚਲਾਉਣੇ ਗੁੜ੍ਹਤੀ ਵਿਚ ਮਿਲੇ ਸਨ।

ਸ. ਜੱਸਾ ਸਿੰਘ ਨੇ ਮੁਢਲੀ ਵਿਦਿਆ ਅਪਣੇ ਪਿਤਾ ਜੀ ਕੋਲੋਂ ਹੀ ਪ੍ਰਾਪਤ ਕੀਤੀ ਅਤੇ ਅਪਣੇ ਹੀ ਪਿੰਡ ਦੇ ਸ. ਗੁਰਦਿਆਲ ਸਿੰਘ ਕੋਲੋਂ ਅੰਮ੍ਰਿਤਪਾਨ ਕੀਤਾ। ਅਪਣੇ ਪਿਤਾ ਦੀ ਦੇਖ ਰੇਖ ਵਿਚ ਹੀ ਉਹ ਦਿਨਾਂ ਵਿਚ ਹੀ ਉੱਚੇ ਲੰਮੇ ਕੱਦ, ਚੌੜਾ ਮੱਥਾ, ਚੌੜੀ ਛਾਤੀ, ਖੁਲ੍ਹੀ ਦਾੜ੍ਹੀ ਤੇ ਰੋਹਬਦਾਰ ਚਿਹਰੇ ਵਾਲਾ ਗੱਭਰੂ ਨਿਕਲ ਆਇਆ।

ਇਹ ਉਹ ਦਿਨ ਸਨ ਜਦੋਂ ਪੰਜਾਬ ਵਿਚ ਕੋਈ ਪੱਕੀ ਮਜ਼ਬੂਤ ਸਰਕਾਰ ਨਹੀਂ ਸੀ। ਜਰਵਾਣੇ ਕਬਜ਼ੇ ਦੀ ਲਾਲਸਾ ਵਿਚ ਲਗਾਤਾਰ ਹਮਲੇ ਕਰਦੇ ਰਹਿੰਦੇ ਸਨ। ਨਾਦਰ ਸ਼ਾਹ ਨੇ ਤਾਂ ਅੱਤ ਹੀ ਮਚਾ ਰੱਖੀ ਸੀ। ਬਿਖਰੇ ਹੋਏ ਸਿੱਖ ਵੀ ਅਪਣੀ ਤਾਕਤ ਵਧਾਉਣ ਲਈ ਮਸ਼ਕਾਂ ਕਰਦੇ ਰਹਿੰਦੇ ਸਨ। ਜੰਗਲਾਂ ਵਿਚੋਂ ਨਿਕਲ ਇਕੱਤਰ ਹੋ ਕੇ ਮਤੇ ਵੀ ਪਾਸ ਕਰਦੇ ਰਹਿੰਦੇ ਸਨ। 1748 ਵਿਚ ਸ. ਜੱਸਾ ਸਿੰਘ ਆਹਲੂਵਾਲੀਆ ਦੀ ਰਹਿਨੁਮਾਈ ਵਿਚ 'ਦਲ ਖ਼ਾਲਸਾ' ਦੀ ਸਥਾਪਤੀ ਹੋਈ। ਸਮੁੱਚਾ ਸਿੱਖ ਪੰਥ 11 ਮਿਸਲਾਂ ਵਿਚ ਵੰਡ ਦਿਤਾ ਗਿਆ। ਹਰ ਇਕ ਮਿਸਲ ਅਪਣੇ ਆਪ ਵਿਚ ਖ਼ੁਦ ਮੁਖ਼ਤਿਆਰ ਵੀ ਸੀ ਪਰ ਸਿੱਖ ਪੰਥ ਦੇ ਹਿੱਤ ਦੇ ਫ਼ੈਸਲੇ ਸਮੁੱਚੇ ਤੌਰ ਉਤੇ ਕੀਤੇ ਜਾਂਦੇ ਸਨ।

1747 ਵਿਚ ਵਿਸਾਖੀ ਦਾ ਮਤਾ ਪਾਸ ਕੀਤਾ ਗਿਆ ਜਿਸ ਅਨੁਸਾਰ ਦਰਬਾਰ ਸਾਹਿਬ ਦੀ ਹਿਫ਼ਾਜ਼ਤ ਲਈ ਇਕ ਕਿਲ੍ਹਾ ਉਸਾਰਨਾ ਸੀ। ਪੰਜ ਸੌ ਘੁੜ ਸਵਾਰਾਂ ਵਾਲਾ ਇਕ ਕਿਲ੍ਹਾ ਉਸਾਰਿਆ ਗਿਆ ਜਿਸ ਦਾ ਨਾਂ ਗੁਰੂ ਰਾਮ ਦਾਸ ਦੇ ਨਾਂ ਤੇ 'ਰਾਮ ਰੌਣੀ' ਰਖਿਆ ਗਿਆ। ਇਸ ਦੇ ਬਣਨ ਨਾਲ ਸਿੱਖਾਂ ਦੀ ਤਾਕਤ ਵਿਚ ਕਾਫ਼ੀ ਵਾਧਾ ਹੋਇਆ ਜਿਸ ਤੋਂ ਲਾਹੌਰ ਦਾ ਗਵਰਨਰ ਮੀਰ ਮੰਨੂ ਘਬਰਾ ਗਿਆ। ਉਸ ਦਾ ਮੰਨਣਾ ਸੀ ਕਿ ਸਿੱਖਾਂ ਦੇ ਖ਼ਾਤਮੇ ਤੋਂ ਬਿਨਾਂ ਮੁਗ਼ਲ ਰਾਜ ਸੰਭਵ ਨਹੀਂ। ਉਨ੍ਹਾਂ ਨੇ ਅਪਣੀ ਗ਼ਸ਼ਤੀ ਫ਼ੌਜ ਸਿੱਖਾਂ ਨੂੰ ਖ਼ਤਮ ਕਰਨ ਲਈ ਭੇਜ ਦਿਤੀ। ਸਿੱਖਾਂ ਨੇ ਪੈਂਤੜੇ ਦੇ ਤੌਰ ਤੇ ਪਹਿਲਾਂ ਦੀ ਤਰ੍ਹਾਂ ਹੀ ਜੰਗਲਾਂ ਵਿਚ ਜਾ ਡੇਰੇ ਲਗਾਏ। ਕੁੱਝ ਸਿੱਖ ਜਲੰਧਰ ਵਲ ਨੂੰ ਨਿਕਲ ਗਏ। ਉਥੋਂ ਦਾ ਫ਼ੌਜਦਾਰ ਅਦੀਨਾ ਬੇਗ ਸੀ।

ਉਸ ਨੂੰ ਵੀ ਗਵਰਨਰ ਵਲੋਂ ਸਿੱਖਾਂ ਨੂੰ ਮਾਰਨ ਦਾ ਹੁਕਮ ਮਿਲ ਚੁਕਿਆ ਸੀ। ਉਸ ਨੇ ਸੋਚਿਆ ਕਿ ਸਿੱਖਾਂ ਨੂੰ ਮਾਰ ਕੇ ਤਾਂ ਮੀਰ ਮੰਨੂ ਦੀ ਤਾਕਤ ਵਿਚ ਅਥਾਹ ਵਾਧਾ ਹੋ ਜਾਵੇਗਾ ਜਿਸ ਅੱਗੇ ਉਹ ਖ਼ੁਦ ਕਮਜ਼ੋਰ ਪੈ ਜਾਵੇਗਾ। ਇਹ ਸੋਚ ਕੇ ਉਸ ਨੇ ਸਿੱਖਾਂ ਨਾਲ ਮੇਲ ਮਿਲਾਪ ਕਰ ਲਿਆ ਅਤੇ ਕੁੱਝ ਨੂੰ ਅਪਣੀ ਫ਼ੌਜ ਵਿਚ ਭਰਤੀ ਵੀ ਕਰ ਲਿਆ। ਸ. ਜੱਸਾ ਸਿੰਘ ਦੀ ਤਾਕਤ ਨੂੰ ਉਹ ਪਛਾਣਦਾ ਸੀ। ਇਸ ਲਈ ਉਸ ਨੂੰ ਫ਼ੌਜ ਵਿਚ ਵੱਡੇ ਅਹੁਦੇ ਤੇ ਰੱਖ ਲਿਆ। ਸ. ਜੱਸਾ ਸਿੰਘ ਦਾ ਵੀ ਅਪਣਾ ਨਿਸ਼ਾਨਾ ਸੀ, ਉਹ ਮੁਗ਼ਲ ਫ਼ੌਜ ਵਿਚ ਰਹਿ ਕੇ ਸਿੱਖਾਂ ਦੇ ਭਲੇ ਲਈ ਕੁੱਝ ਕਰਨਾ ਚਾਹੁੰਦਾ ਸੀ ਅਤੇ ਨਾਲ ਹੀ ਰਾਜਨੀਤਕ ਭੇਦਾਂ ਤੋਂ ਜਾਣੂ ਹੋਣਾ ਚਾਹੁੰਦਾ ਸੀ। ਇਹ ਉਨ੍ਹਾਂ ਦੀ ਦੂਰ ਅੰਦੇਸ਼ੀ ਹੀ ਸੀ। ਉਧਰ ਮੀਰ ਮੰਨੂ ਦਾ ਵਜ਼ੀਰ ਦੀਵਾਨ ਕੌੜਾ ਮੱਲ ਵੀ ਅੰਦਰੋਂ ਸਿੱਖਾਂ ਦਾ ਹਿਤੈਸ਼ੀ ਸੀ।

ਅਦੀਨਾ ਬੇਗ ਨੇ ਜੱਸਾ ਸਿੰਘ ਦਾ ਜੁੱਸਾ ਤੇ ਉਸ ਦੀ ਸਮਝ ਵੇਖ ਕੇ ਉਸ ਨੂੰ ਇਕ ਪਲਟਣ ਦਾ ਮੁਖੀ ਬਣਾ ਦਿਤਾ ਜਿਸ ਵਿਚ 100 ਸਿੱਖ ਤੇ 60 ਹਿੰਦੂ ਸਨ। ਮੀਰ ਮੰਨੂ ਨੇ ਸਿੱਖਾਂ ਦੇ ਕਿਲ੍ਹੇ 'ਰਾਮ ਰੌਣੀ' ਨੂੰ ਢਾਹੁਣ ਦੀ ਯੋਜਨਾ ਬਣਾ ਰੱਖੀ ਸੀ ਜਿਸ ਦੀ ਪੂਰਤੀ ਲਈ ਉਹ ਅੰਮ੍ਰਿਤਸਰ ਲਈ ਰਵਾਨਾ ਹੋ ਚੁੱਕਾ ਸੀ। ਉਧਰ ਅਦੀਨਾ ਬੇਗ ਨੇ ਵੀ ਉਸ ਦੀ ਮਦਦ ਲਈ ਸ. ਜੱਸਾ ਸਿੰਘ ਨੂੰ ਫ਼ੌਜ ਦੀ ਇਕ ਟੁਕੜੀ ਦੇ ਕੇ ਅੰਮ੍ਰਿਤਸਰ ਭੇਜ ਦਿਤਾ। 'ਰਾਮ ਰੌਣੀ' ਦੇ ਕਿਲ੍ਹੇ ਨੂੰ ਘੇਰਾ ਪਾ ਲਿਆ ਗਿਆ। ਕੁੱਝ ਦਿਨਾਂ ਬਾਅਦ ਘੇਰੇ ਕਾਰਨ ਕਿਲ੍ਹੇ ਅੰਦਰ ਰਸਦ ਪਾਣੀ ਦੀ ਥੁੜ ਹੋ ਗਈ। ਭੁੱਖ ਨਾਲ ਸਿੱਖ ਖ਼ਤਮ ਹੋਣੇ ਸ਼ੁਰੂ ਹੋ ਗਏ। ਇਹ ਵੇਖ ਜੱਸਾ ਸਿੰਘ ਤੋਂ ਰਿਹਾ ਨਾ ਗਿਆ। ਉਹ ਬਾਗ਼ੀ ਹੋ ਗਿਆ ਅਤੇ ਅਪਣੀ ਫ਼ੌਜੀ ਟੁਕੜੀ ਸਮੇਤ ਕਿਲ੍ਹੇ ਦੇ ਸਿੱਖਾਂ ਨਾਲ ਜਾ ਸੁਲਾਹ ਕੀਤੀ।

ਸਿੱਖਾਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ। ਮੀਰ ਮੰਨੂ ਘਬਰਾ ਗਿਆ। ਜੱਸਾ ਸਿੰਘ ਨੇ ਦੀਵਾਨ ਕੌੜਾ ਮੱਲ ਨੂੰ ਵੀ ਸੁਨੇਹਾ ਭੇਜ ਦਿਤਾ ਕਿ ਉਹ



ਸਿੱਖਾਂ ਦੀ ਮਦਦ ਕਰੇ ਤੇ ਮੀਰ ਮੰਨੂ ਨੂੰ ਘੇਰਾ ਖ਼ਤਮ ਕਰਨ ਲਈ ਮਨਾਵੇ। ਕੌੜਾ ਮੱਲ ਨੇ ਮੀਰ ਮੰਨੂ ਨੂੰ ਸਲਾਹ ਦਿਤੀ ਕਿ ਹੁਣ ਸਿੱਖਾਂ ਨਾਲ ਸੁਲਾਹ ਕਰਨ ਵਿਚ ਹੀ ਭਲਾ ਹੈ ਕਿਉਂਕਿ ਦੂਜੇ ਪਾਸਿਉਂ ਅਹਿਮਦ ਸ਼ਾਹ ਅਬਦਾਲੀ ਦੂਜੀ ਵਾਰ ਹਮਲਾ ਕਰਨ ਲਈ ਚੜ੍ਹਿਆ ਆ ਰਿਹਾ ਹੈ। ਮੀਰ ਮੰਨੂ ਹਾਲਾਤ ਭਾਂਪਦਿਆਂ ਮੰਨ ਗਿਆ ਅਤੇ ਘੇਰਾਬੰਦੀ ਚੁੱਕ ਲਈ। ਜੱਸਾ ਸਿੰਘ ਦੀ ਜਿੱਤ ਹੋ ਗਈ ਤੇ ਉਸ ਨੂੰ ਕਿਲ੍ਹੇ ਦਾ ਮੁਖੀ ਥਾਪ ਦਿਤਾ। ਕਿਲ੍ਹੇ ਦਾ ਨਾਂ ਵੀ ਬਦਲ ਕੇ 'ਰਾਮਗੜ੍ਹ' ਰੱਖ ਦਿਤਾ। ਜੱਸਾ ਸਿੰਘ ਹੁਣ ਸ. ਜੱਸਾ ਸਿੰਘ 'ਰਾਮਗੜ੍ਹੀਆ' ਬਣ ਗਿਆ। ਇਹ ਖ਼ਿਤਾਬ ਉਨ੍ਹਾਂ ਨੂੰ ਬਹਾਦੁਰੀ, ਮਿਹਨਤ ਤੇ ਦੂਰ ਅੰਦੇਸ਼ੀ ਸੋਚ ਕਾਰਨ ਦਿਤਾ ਗਿਆ, ਜੋ ਬੜੇ ਫ਼ਖ਼ਰ ਵਾਲੀ ਗੱਲ ਸੀ। ਅੱਜ ਵੀ ਸਾਰੇ ਲੁਹਾਰੇ ਤਰਖਾਣੇ ਦਾ ਕੰਮ ਕਰਨ ਵਾਲੇ ਕਿਰਤੀ ਅਪਣੇ ਆਪ ਨੂੰ 'ਰਾਮਗੜ੍ਹੀਆ' ਅਖਵਾ ਕੇ ਬੜਾ ਮਾਣ ਮਹਿਸੂਸ ਕਰਦੇ ਹਨ।

ਸ. ਜੱਸਾ ਸਿੰਘ ਰਾਮਗੜ੍ਹੀਆ ਹੁਣ ਹੋਰ ਵੀ ਵੱਡੇ ਕਾਰਨਾਮੇ ਕਰਨ ਲਈ ਤਿਆਰ ਬਰ ਤਿਆਰ ਹੋ ਗਿਆ ਸੀ। ਉਸ ਨੇ ਅਹਿਮਦ ਸ਼ਾਹ ਅਬਦਾਲੀ ਨਾਲ ਵੱਡੀ ਲੜਾਈ ਲੜੀ। ਇਸ ਵਿਚ ਹਿੰਦੂ ਰਾਜੇ ਜਸਪਤ ਰਾਏ ਦਾ ਭਰਾ ਲਖਪਤ ਰਾਏ ਵੀ ਅਬਦਾਲੀ ਨਾਲ ਰਲ ਗਿਆ ਸੀ। ਇਸ ਯੁੱਧ ਵਿਚ ਜਾਨੀ ਤੇ ਮਾਲੀ ਬਹੁਤ ਨੁਕਸਾਨ ਹੋਇਆ। ਲਗਭਗ 30 ਹਜ਼ਾਰ ਸਿੱਖ ਸ਼ਹੀਦ ਹੋਏ ਤੇ ਕੁੱਝ ਜੰਗਲਾਂ ਨੂੰ ਚਲੇ ਗਏ। ਲਖਪਤ ਰਾਏ ਦਾ ਕਹਿਣਾ ਸੀ ਕਿ ਇਕ ਖ਼ਤਰੀ ਨੇ ਸਿੱਖਾਂ ਨੂੰ ਸਾਜਿਆ ਸੀ ਤੇ ਹੁਣ ਇਕ ਖ਼ਤਰੀ (ਖ਼ੁਦ) ਹੀ ਇਨ੍ਹਾਂ ਨੂੰ ਖ਼ਤਮ ਕਰੇਗਾ। ਉਸ ਨੇ ਜੰਗਲਾਂ ਨੂੰ ਅੱਗ ਲੁਆ ਦਿਤੀ ਜਿਸ ਨਾਲ ਕਿੰਨੇ ਹੀ ਸਿੱਖ ਨੌਜੁਆਨ, ਬਜ਼ੁਰਗ, ਔਰਤਾਂ ਤੇ ਬੱਚੇ ਸੜ ਗਏ। ਇਸ ਨੂੰ ਇਤਿਹਾਸ ਵਿਚ ਵੱਡੇ ਘਲੂਘਾਰੇ ਦਾ ਨਾਂ ਦਿਤਾ ਜਾਂਦਾ ਹੈ। ਇਸ ਵਿਚ ਹਰ ਸਿੱਖ ਸਰਦਾਰ ਜ਼ਖ਼ਮੀ ਹੋਇਆ ਸੀ। ਜੱਸਾ ਸਿੰਘ ਰਾਮਗੜ੍ਹੀਆ ਨੂੰ 14, ਜੱਸਾ ਸਿੰਘ ਅਹਲੂਵਾਲੀਆ ਨੂੰ 22, ਚੜ੍ਹਤ ਸਿੰਘ ਸ਼ੁਕਰਚੱਕੀਆ ਨੂੰ 16 ਜ਼ਖ਼ਮਾਂ ਦੇ ਨਿਸ਼ਾਨ ਸਨ।

1759 ਵਿਚ ਅਬਦਾਲੀ ਨੇ ਪਾਣੀਪੱਤ ਵਿਚ ਮਰਾਠਿਆਂ ਨੂੰ ਹਰਾ ਕੇ ਦਿੱਲੀ ਵਿਚ ਬਹੁਤ ਬੁਰੀ ਤਰ੍ਹਾਂ ਲੁੱਟ ਮਚਾਈ। ਲੁੱਟ ਦੇ ਮਾਲ ਨਾਲ ਉਹ ਦੋ ਹਜ਼ਾਰ ਹਿੰਦੂ ਲੜਕੀਆਂ ਵੀ ਨਾਲ ਲੈ ਕੇ ਕਾਬਲ ਵਲ ਚੱਲ ਪਿਆ। ਜੱਸਾ ਸਿੰਘ ਰਾਮਗੜ੍ਹੀਆ ਅਤੇ ਜੱਸਾ ਸਿੰਘ ਆਹਲੂਵਾਲੀਆ ਨੇ ਉਸ ਨੂੰ ਜਾ ਘੇਰਿਆ। ਉਸ ਨੇ ਲੁੱਟ ਦਾ ਮਾਲ ਖੋਹ ਲਿਆ ਅਤੇ ਲੜਕੀਆਂ ਨੂੰ ਛੁਡਵਾ ਕੇ ਉਨ੍ਹਾਂ ਦੇ ਘਰੋਂ ਘਰੀਂ ਪਹੁੰਚਾਇਆ। ਇਸੇ ਤਰ੍ਹਾਂ 1761 ਵਿਚ ਕਸੂਰ ਦੇ ਐਸ਼ਪ੍ਰਸਤ ਜਮਾਲ ਖਾਂ ਤੇ ਹੁਸੈਨ ਖਾਂ ਨਵਾਬਾਂ ਨੇ ਜਦੋਂ ਬ੍ਰਾਹਮਣਾਂ ਤੇ ਖ਼ਤਰੀਆਂ ਦੀਆਂ ਲੜਕੀਆਂ ਨੂੰ ਉਧਾਲ ਕੇ ਮਹਿਲਾਂ ਵਿਚ ਲੈ ਗਏ ਤਾਂ ਉਨ੍ਹਾਂ ਦੇ ਦੁਖੀ ਮਾਪਿਆਂ ਨੇ ਅਕਾਲ ਤਖ਼ਤ ਤੇ ਚੱਲ ਰਹੇ ਦੀਵਾਨ ਵਿਚ ਜਾ ਫ਼ਰਿਆਦ ਕੀਤੀ। ਜੱਸਾ ਸਿੰਘ ਰਾਮਗੜ੍ਹੀਆ ਸੁਣ ਕੇ ਜਾਹੋ-ਜਲਾਲ ਵਿਚ ਆ ਗਏ ਅਤੇ ਉਨ੍ਹਾਂ ਤੁਰਤ ਕਸੂਰ ਨੂੰ ਜਾ ਘੇਰਿਆ। ਲੜਕੀਆਂ ਨੂੰ ਛੁਡਵਾ ਕੇ ਘਰੋ ਘਰੀ ਪਹੁੰਚਾਇਆ ਤੇ ਕਸੂਰ ਉਤੇ ਕਬਜ਼ਾ ਕਰ ਲਿਆ ਜੋ ਪਠਾਣਾਂ ਦਾ ਸਭ ਤੋਂ ਵੱਡਾ ਥੰਮ੍ਹ ਸੀ।

1762 ਵਿਚ ਮੁਗ਼ਲ ਫ਼ੌਜਾਂ ਨੇ ਦਰਬਾਰ ਸਾਹਿਬ ਉਤੇ ਹਮਲਾ ਕਰ ਕੇ ਉਸ ਨੂੰ ਬਾਰੂਦ ਨਾਲ ਉਡਾ ਦਿਤਾ ਅਤੇ ਸਰੋਵਰ ਨੂੰ ਮਿੱਟੀ ਨਾਲ ਪੂਰ ਦਿਤਾ। ਇਹ ਸਿੱਖਾਂ ਨੂੰ ਸਿੱਧੀ ਵੰਗਾਰ ਸੀ। ਜੱਸਾ ਸਿੰਘ ਰਾਮਗੜ੍ਹੀਆ ਨੇ ਬਦਲਾ ਲੈਣ ਲਈ 60 ਹਜ਼ਾਰ ਸਿੱਖ ਇਕੱਤਰ ਕਰ ਲਏ ਤਾਂ ਅਬਦਾਲੀ ਨੂੰ ਇਸ ਦਾ ਪਤਾ ਚੱਲ ਗਿਆ। ਉਸ ਨੇ ਤੁਰਤ ਹਮਲਾ ਕਰ ਦਿਤਾ ਪਰ ਜੱਸਾ ਸਿੰਘ ਰਾਮਗੜ੍ਹੀਆ ਦੀ ਤਾਕਤ ਅੱਗੇ ਉਸ ਨੂੰ ਮੂੰਹ ਦੀ ਖਾਣੀ ਪਈ। ਅਬਦਾਲੀ ਲਾਹੌਰ ਛੱਡ ਕੇ ਕਾਬਲ ਚਲਾ ਗਿਆ। ਸਿੱਖਾਂ ਨੇ ਪਿੱਛੋਂ ਮਾਲਵੇ ਤੇ ਦੁਆਬੇ ਸਮੇਤ ਸਰਹੰਦ ਤੇ ਵੀ ਕਬਜ਼ਾ ਕਰ ਲਿਆ। ਅਬਦਾਲੀ ਨੇ ਫਿਰ ਗੁੱਸਾ ਖਾ ਕੇ 1764 ਵਿਚ ਸਿੱਖਾਂ ਨੂੰ ਖ਼ਤਮ ਕਰਨ ਲਈ ਹਮਲਾ ਕਰ ਦਿਤਾ। ਸਿੱਖ ਅਪਣੇ ਪੈਂਤੜੇ ਅਨੁਸਾਰ ਜੰਗਲਾਂ ਵਿਚ ਜਾ ਛਿਪੇ ਤੇ ਗੁਰੀਲਾ ਯੁੱਧ ਕਰਦੇ ਰਹੇ। ਅਬਦਾਲੀ ਦੇ ਵਾਪਸ ਮੁੜ ਜਾਣ ਤੇ ਸਿੱਖਾਂ ਨੇ ਲਾਹੌਰ ਤੇ ਕਬਜ਼ਾ ਕਰ ਲਿਆ। ਹੁਣ ਸਤਲੁਜ ਤੋਂ ਅਟਕ ਤਕ ਸਿੱਖਾਂ ਦਾ ਕਬਜ਼ਾ ਹੋ ਗਿਆ।

ਅਬਦਾਲੀ ਨੂੰ ਇਸ ਦੀ ਖ਼ਬਰ ਲੱਗੀ ਤਾਂ ਉਸ ਨੇ 1767 ਵਿਚ ਫਿਰ ਪੰਜਾਬ ਤੇ ਹਮਲਾ ਬੋਲ ਦਿਤਾ ਪਰ ਜੱਸਾ ਸਿੰਘ ਰਾਮਗੜ੍ਹੀਆ ਤੇ ਜੱਸਾ ਸਿੰਘ ਆਹਲੂਵਾਲੀਆ ਨੇ ਪਾਰ ਕਰਦਿਆਂ ਹੀ ਉਸ ਨੂੰ ਘੇਰ ਲਿਆ ਅਤੇ ਅਬਦਾਲੀ ਫਿਰ ਭੱਜ ਗਿਆ। ਇਸ ਜੰਗ ਵਿਚ ਜੱਸਾ ਸਿੰਘ ਆਹਲੂਵਾਲੀਆ ਸਖ਼ਤ ਜ਼ਖ਼ਮੀ ਹੋ ਗਏ ਸਨ। ਹੁਣ ਜੱਸਾ ਸਿੰਘ ਰਾਮਗੜ੍ਹੀਆ ਨੇ ਸਿੱਖ ਸੰਘਰਸ਼ ਦੀ ਪੂਰੀ ਤਰ੍ਹਾਂ ਕਮਾਨ ਸੰਭਾਲ ਲਈ ਸੀ। ਉਸ ਦੀ ਚੜ੍ਹਤ ਵੇਖ ਕੇ ਗੁਆਂਢੀ ਰਾਜੇ ਤੇ ਕੁੱਝ ਮਿਸਲਾਂ ਦੇ ਸਰਦਾਰ ਅੰਦਰੋਂ ਅੰਦਰੀ ਈਰਖਾ ਖਾਣ ਲੱਗ ਪਏ ਸਨ ਪਰ ਜੱਸਾ ਸਿੰਘ ਕਾਮਯਾਬੀ ਦੀਆਂ ਪੌੜੀਆਂ ਲਗਾਤਾਰ ਚੜ੍ਹਦਾ ਜਾ ਰਿਹਾ ਸੀ। ਜੱਸਾ ਸਿੰਘ ਰਾਮਗੜ੍ਹੀਆ ਨੇ 11 ਮਾਰਚ 1783 ਨੂੰ ਜੱਸਾ ਸਿੰਘ ਆਹਲੂਵਾਲੀਆ ਤੇ ਬਘੇਲ ਸਿੰਘ ਸਮੇਤ ਦਿੱਲੀ ਤੇ ਧਾਵਾ ਬੋਲ ਦਿਤਾ ਅਤੇ ਲਾਲ ਕਿਲ੍ਹੇ ਤੇ ਖ਼ਾਲਸਾਈ ਝੰਡਾ ਝੁਲਾ ਦਿਤਾ। ਜੱਸਾ ਸਿੰਘ ਆਹਲੂਵਾਲੀਆ ਨੂੰ ਦਿੱਲੀ ਦੇ ਤਖ਼ਤ ਤੇ ਬਿਠਾਇਆ ਗਿਆ ਤਾਂ ਇਸ ਨਾਲ ਸਿੱਖਾਂ ਵਿਚ ਰੋਸ ਆ ਗਿਆ ਕਿ ਗੁਰੂ ਗ੍ਰੰਥ ਸਾਹਿਬ ਤੋਂ ਉਪਰ ਕੋਈ ਮਨੁੱਖੀ ਸ੍ਰੀਰ ਤਖ਼ਤ ਕਿਵੇਂ ਬੈਠ ਗਿਆ?


ਇਸ ਵੇਲੇ ਜੱਸਾ ਸਿੰਘ ਰਾਮਗੜ੍ਹੀਆ ਕੋਲ 15 ਹਜ਼ਾਰ ਅਪਣੀ ਫ਼ੌਜ ਹੋ ਗਈ ਸੀ। ਬਘੇਲ ਸਿੰਘ ਨੇ ਕਿਸੇ ਵੇਲੇ ਮੇਰਠ ਦੀ ਸਮਰੂ ਬੇਗ਼ਮ ਨੂੰ ਬਚਾਇਆ ਸੀ ਜਿਸ ਕਰ ਕੇ ਉਸ ਨਾਲ ਗੂੜ੍ਹੇ ਆਪਸੀ ਸਬੰਧ ਸਨ। ਸਮਰੂ ਬੇਗ਼ਮ ਦੇ ਦਿੱਲੀ ਦੇ ਬਾਦਸ਼ਾਹ ਸ਼ਾਹ ਆਲਮ (ਦੂਜੇ) ਨਾਲ ਵੀ ਚੰਗੇ ਸਬੰਧ ਸਨ। ਇਸ ਲਈ ਉਸ ਨੇ ਇਸ ਭਾਵਨਾ ਨਾਲ ਕਿ ਕਿਸੇ ਦਾ ਨੁਕਸਾਨ ਨਾ ਹੋਵੇ ਦਿੱਲੀ ਆ ਕੇ ਤਿੰਨਾਂ ਹੀ ਸਰਦਾਰਾਂ ਦੀ ਬਾਦਸ਼ਾਹ ਨਾਲ ਸੰਧੀ ਕਰਵਾ ਦਿਤੀ। ਸੰਧੀ ਮੁਤਾਬਕ ਬਘੇਲ ਸਿੰਘ ਨੇ ਦਿੱਲੀ ਦੀ ਅਮਨ ਕਾਨੂੰਨ ਦੀ ਜ਼ਿੰਮੇਵਾਰੀ ਸੰਭਾਲੀ ਤੇ ਜੱਸਾ ਸਿੰਘ ਰਾਮਗੜ੍ਹੀਆ ਨਾਲ ਮਿਲ ਕੇ ਦਿੱਲੀ ਵਿਚ 7 ਗੁਰਦਵਾਰਿਆਂ ਦੀ ਉਸਾਰੀ ਕਰਵਾਈ ਜਿਨ੍ਹਾਂ ਵਿਚ ਸੀਸ ਗੰਜ, ਰਕਾਬ ਗੰਜ ਤੇ ਬੰਗਲਾ ਸਾਹਿਬ ਦੇ ਗੁਰਦਵਾਰੇ ਸ਼ਾਮਲ ਸਨ। ਜੱਸਾ ਸਿੰਘ ਰਾਮਗੜ੍ਹੀਆ ਅੱਠ ਮਹੀਨੇ ਦਿੱਲੀ ਰਹੇ। ਫਿਰ ਪਤਾ ਚਲਿਆ ਕਿ ਜੱਸਾ ਸਿੰਘ ਆਹਲੂਵਾਲੀਆ ਦੀ ਤਬੀਅਤ ਖ਼ਰਾਬ ਹੈ ਤਾਂ ਉਹ ਵਾਪਸ ਪਰਤ ਗਏ। ਹਾਲੇ ਪਟਿਆਲੇ ਹੀ ਪਹੁੰਚੇ ਸਨ ਕਿ ਪਤਾ ਚਲਿਆ ਕਿ ਉਹ ਚੱਲ ਵਸੇ ਹਨ।

ਇਸ ਦਾ ਉਨ੍ਹਾਂ ਨੂੰ ਡੂੰਘਾ ਸਦਮਾ ਪੁੱਜਾ। ਦਿੱਲੀ ਤੋਂ ਵਾਪਸ ਆਉਂਦਿਆਂ ਜੱਸਾ ਸਿੰਘ ਰਾਮਗੜ੍ਹੀਆ ਨੇ ਔਰੰਗਜ਼ੇਬ ਦੇ ਤਖ਼ਤ ਨੂੰ ਪੁੱਟ ਕੇ ਹਾਥੀ ਤੇ ਲੱਦ ਕੇ ਅੰਮ੍ਰਿਤਸਰ ਲੈ ਆਂਦਾ ਸੀ। ਉਸ ਨੂੰ ਹੁਣ ਰਾਮਗੜ੍ਹੀਆ ਬੁੰਗੇ ਦੇ ਤੌਰ ਉਤੇ ਜਾਣਿਆ ਜਾਂਦਾ ਹੈ। ਪਟਿਆਲੇ ਦੇ ਰਾਜਾ ਅਮਰ ਸਿੰਘ ਉਤੇ ਪਟੌਦੀ ਦੇ ਨਵਾਬ ਨੇ ਹਮਲਾ ਬੋਲਿਆ ਤਾਂ ਜੱਸਾ ਸਿੰਘ ਰਾਮਗੜ੍ਹੀਏ ਨੇ ਰਾਜਾ ਅਮਰ ਸਿੰਘ ਦੀ ਮਦਦ ਕਰ ਕੇ ਪਟੌਦੀ ਨੂੰ ਹਰਾਇਆ। ਅਮਰ ਸਿੰਘ ਨੇ ਕਿਸੇ ਵੇਲੇ ਜੱਸਾ ਸਿੰਘ ਰਾਮਗੜ੍ਹੀਏ ਦੀ ਮਦਦ ਵੀ ਕੀਤੀ ਸੀ ਅਤੇ ਉਸ ਨੂੰ ਨਜ਼ਰਾਨੇ ਦੇ ਤੌਰ ਉਤੇ ਹਾਂਸੀ ਤੇ ਹਿਸਾਰ ਦੇ ਇਲਾਕੇ ਵੀ ਦੇ ਦਿਤੇ ਸਨ। ਜੱਸਾ ਸਿੰਘ ਦਾ ਇਕੋ ਹੀ ਪੁੱਤਰ ਜੋਧ ਸਿੰਘ ਰਾਮਗੜ੍ਹੀਆ ਸੀ, ਜੋ ਇਸ ਵੇਲੇ ਜਵਾਨ ਹੋ ਚੁੱਕਾ ਸੀ ਅਤੇ ਰਾਜਸੀ ਗਤੀਵਿਧੀਆਂ ਵਿਚ ਵੀ ਹਿੱਸਾ ਲੈਂਦਾ ਸੀ।

ਜੱਸਾ ਸਿੰਘ ਨੇ ਇਹ ਇਲਾਕੇ ਅਪਣੇ ਪੁੱਤਰ ਨੂੰ ਸੌਂਪ ਦਿਤੇ ਜਿਨ੍ਹਾਂ ਦਾ ਰਾਜ ਪ੍ਰਬੰਧ ਉਹ ਵਧੀਆ ਢੰਗ ਨਾਲ ਚਲਾਉਂਦਾ ਰਿਹਾ ਅਤੇ ਬਾਅਦ ਵਿਚ ਉਹ ਇਲਾਕੇ ਉਸ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸੌਂਪ ਦਿਤੇ ਸਨ। ਜੱਸਾ ਸਿੰਘ ਇਕ ਬਹਾਦਰ ਤੇ ਨਿਡਰ ਯੋਧੇ ਦੇ ਨਾਲ ਨਾਲ ਇਕ ਨਰਮ ਦਿਲ ਇਨਸਾਨ ਵੀ ਸੀ ਜੋ ਲੋੜਵੰਦਾਂ ਦੀ ਮਦਦ ਕਰ ਕੇ ਖ਼ੁਸ਼ ਹੁੰਦਾ ਸੀ। ਇਕ ਸਮੇਂ ਹਿਸਾਰ ਦੇ ਹਾਕਮ ਨੇ ਇਕ ਗ਼ਰੀਬ ਬ੍ਰਾਹਮਣ ਦੀ ਲੜਕੀ ਉਧਾਲ ਲਈ। ਲੜਕੀ ਦਾ ਬਾਪ ਰੋਂਦਾ ਹੋਇਆ, ਜੱਸਾ ਸਿੰਘ ਕੋਲ ਫ਼ਰਿਆਦ ਲੈ ਕੇ ਆਇਆ ਤਾਂ ਉਸ ਕੋਲੋਂ ਪਿਉ ਦਾ ਦੁਖ ਸਹਿਨ ਨਾ ਹੋਇਆ। ਉਹ ਤੁਰਤ ਉਠਿਆ ਤੇ ਲੜਕੀ ਨੂੰ ਆਜ਼ਾਦ ਕਰਵਾ ਲਿਆਇਆ ਤੇ 5 ਹਜ਼ਾਰ ਰੁਪਏ ਸ਼ਗਨ ਦੇ ਕੇ ਉਸ ਦੇ ਘਰ ਤੋਰਿਆ। ਆਖਣ ਲੱਗੇ ਕਿ ਧੀਆਂ ਨੂੰ ਖ਼ਾਲੀ ਹੱਥ ਨਹੀਂ ਤੋਰੀਦਾ।

ਸ. ਜੱਸਾ ਸਿੰਘ ਰਾਮਗੜ੍ਹੀਆ ਦੀ 1776 ਤਕ ਪੂਰੀ ਚੜ੍ਹਤ ਹੋ ਗਈ ਸੀ ਤੇ ਉਨ੍ਹਾਂ ਦਾ ਇਕਬਾਲ ਸਿਖ਼ਰਾਂ ਤੇ ਸੀ। ਉਨ੍ਹਾਂ ਨੇ ਅਪਣੇ ਰਾਜ ਦੀਆਂ ਸਰਹੱਦਾਂ ਦੂਰ ਤਕ ਵਧਾ ਲਈਆਂ ਸਨ। ਕਨ੍ਹਈਆ ਸਰਦਾਰਾਂ ਨੂੰ ਜਿੱਤ ਕੇ ਉਨ੍ਹਾਂ ਨੇ ਬਟਾਲਾ, ਹਰਗੋਬਿੰਦਪੁਰ, ਕਲਾਨੌਰ, ਮੱਤੇਵਾਲ ਤੇ ਦਾਦੂਵਾਲ ਉਤੇ ਕਬਜ਼ਾ ਕਰ ਲਿਆ ਸੀ। ਹਰਗੋਬਿੰਦਪੁਰ ਨੂੰ ਅਪਣੀ ਰਾਜਧਾਨੀ ਬਣਾ ਕੇ ਦੂਜੇ ਪਾਸੇ ਨਿਕਲ ਗਏ ਤੇ ਅੰਮ੍ਰਿਤਸਰ, ਗੁਰਦਾਸਪੁਰ, ਮਹਿਤਾ, ਵੇਰਕਾ, ਦੀਨਾਨਗਰ, ਘੁਮਾਣ, ਸ਼ਾਹਪੁਰ ਕੰਢੀ, ਕਾਦੀਆਂ, ਟਾਂਡਾ ਉੜਮੁੜ, ਮਿਆਣੀ, ਸਰੀਂਹ, ਰਾੜ੍ਹਦੀਵਾਲਾ, ਜ਼ਹੂਰਾ, ਕਾਂਗੜਾ, ਹੁਸ਼ਿਆਰਪੁਰ, ਨੂਰਪੁਰ ਤੇ ਚੰਗਾ ਨੂੰ ਨਾਲ ਮਿਲਾ ਲਿਆ। ਫਿਰ ਮੇਰਠ, ਹਿਸਾਰ, ਮੁਜ਼ੱਫ਼ਰਗੜ੍ਹ, ਦਿੱਲੀ ਅਤੇ ਯਮੁਨਾ ਤਕ ਦਾ ਇਲਾਕਾ ਨਾਲ ਮਿਲਾ ਕੇ ਵਿਸ਼ਾਲ ਰਾਜ ਦਾ ਮਹਾਰਾਜਾ ਅਖਵਾਇਆ। ਮਹਾਰਾਜਾ ਰਣਜੀਤ ਸਿੰਘ ਤੋਂ ਪਹਿਲਾਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਹੀ ਸੀ। ਉਹ ਗ਼ਰੀਬਾਂ ਦਾ ਮਸੀਹਾ ਵੀ ਬਣਿਆ ਤੇ ਸਿੱਖਾਂ ਦਾ ਸੱਚਾ ਪੈਰੋਕਾਰ ਬਣ ਕੇ ਉਸ ਦੀ ਰਖਿਆ ਵੀ ਕੀਤੀ। ਕਿੰਨੇ ਹੀ ਗੁਰਦਵਾਰੇ ਅਤੇ ਕਿਲ੍ਹੇ ਉਸਾਰੇ। ਉਸ ਨੇ ਜੋ ਰਾਮਗੜ੍ਹੀਆ ਬੂੰਗਾ ਬਣਵਾਇਆ, ਉਹ ਤਖ਼ਤ ਸ੍ਰੀ ਗੁਰੂ ਰਾਮਦਾਸ ਤੋਂ 14 ਫ਼ੁਟ ਹੇਠ ਬਣਵਾਇਆ ਸੀ। ਇਹ ਉਨ੍ਹਾਂ ਦੀ ਸਿੱਖੀ ਪ੍ਰਤੀ ਸ਼ਰਧਾ ਤੇ ਨਿਮਰਤਾ ਦੀ ਲਖਾਇਕ ਹੈ। ਸਿੱਖੀ ਕਾਰਜ ਲਈ ਉਹ ਉਮਰ ਭਰ ਇਕ ਦਿਨ ਵੀ ਚੈਨ ਨਾਲ ਨਹੀਂ ਬੈਠੇ ਅਤੇ ਇੰਜ ਦਿਨ ਰਾਤ ਸੰਘਰਸ਼ ਵਿਚ ਰਹਿੰਦਿਆਂ ਉਹ 80 ਸਾਲ ਦੀ ਉਮਰ ਵਿਚ 1803 ਵਿਚ ਚੱਲ ਵਸੇ।

**ਸੰਪਰਕ** : 98726-70278




# ਤਰਕ ਸੰਗਤ ਦਲੀਲਾਂ ਦਾ ਬਾਦਸ਼ਾਹ ਗਿਆਨੀ ਦਿੱਤ ਸਿੰਘ ਜੀ

ਲੇਖਕ : ਪ੍ਰਿੰਸੀਪਲ ਨਸੀਬ ਸਿੰਘ ਸੇਵਕ
ਸੰਪਰਕ : 94652-16530

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਸੰਨ 1839 ਸਮੇਂ ਸਿੱਖਾਂ ਦੀ ਗਿਣਤੀ 1 ਕਰੋੜ ਤੋਂ ਵੀ ਵੱਧ ਸੀ, ਜੋ 1881 ਦੀ ਮਰਦਮ ਸ਼ੁਮਾਰੀ ਵਿੱਚ ਘਟ ਕੇ 18,53,429 ਰਹਿ ਗਈ ਸੀ। ਇਸੀ ਦੌਰਾਨ ਰਿਆਸਤ ਪਟਿਆਲਾ ਦੇ ਮਸ਼ਹੂਰ ਪਿੰਡ ਕਲੌੜ (ਨੰਦਪੁਰ) ਵਿਖੇ, ਜੋ ਅੱਜ ਕੱਲ੍ਹ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਹੈ, ਵਿਖੇ ਬਾਬਾ ਦਿਵਾਨ ਸਿੰਘ ਤੇ ਮਾਤਾ ਰਾਮ ਕੌਰ ਦੇ ਘਰ ਇੱਕ ਬਾਲਕ ਨੇ ਜਨਮ ਲਿਆ, ਜਿਸ ਦਾ ਨਾਂ ਦਿਤਾ ਰਾਮ ਰੱਖਿਆ ਗਿਆ, ਜੋ ਬਾਅਦ ਵਿੱਚ ਗਿਆਨੀ ਦਿੱਤ ਸਿੰਘ ਦੇ ਨਾਂ ਨਾਲ ਮਸ਼ਹੂਰ ਹੋ ਗਿਆ। 8 ਸਾਲ ਦੀ ਉਮਰੇ, ਪਿਤਾ ਨੇ ਇਹ ਕਹਿ ਕੇ ਕਿ 'ਜਾਓ ਮੇਰੇ ਪਿਛੇ ਕਿਉਂ ਫਿਰਦਾ ਹੈਂ, ਤੂੰ ਭੀ ਬ੍ਰਹਮ ਤੇ ਮੈਂ ਭੀ ਬ੍ਰਹਮ, ਬ੍ਰਹਮੰਡ ਤੇਰਾ ਹੀ ਹੈ, ਜਾ ਕੇ ਸੰਭਾਲ' ਕੇ ਘਰੋਂ ਤੋਰ ਦਿੱਤਾ ਤੇ ਇਕ ਦਿਨ ਬੜਾਲੇ ਵਿਖੇ ਸ. ਭਾਗ ਸਿੰਘ ਦੇ ਘਰ ਰਹਿ ਕੇ ਅਗਲੇ ਦਿਨ ਪਿੰਡ ਤਿਊੜ ਵਿਖੇ ਗੁਲਾਬਦਾਸੀਆਂ ਦੇ ਡੇਰੇ ਪੁੱਜ ਗਿਆ। 18 ਸਾਲ ਦੀ ਉਮਰ ਤੱਕ ਬਹੁਤ ਸਾਰਾ ਗਿਆਨ ਪ੍ਰਾਪਤ ਕੀਤਾ। ਡੇਰੇ ਵਿਖੇ ਆਉਂਦੇ ਸਾਧੂ, ਸੰਤਾਂ, ਵਿਦਵਾਨਾਂ ਨਾਲ ਵਿਚਾਰ ਵਟਾਂਦਰੇ ਕਰਦੇ ਰਹੇ। ਪੰਜਾਬੀ ਦੇ ਨਾਲ ਹਿੰਦੀ, ਸੰਸਕ੍ਰਿਤ, ਫਾਰਸੀ, ਅਰਬੀ, ਉਰਦੂ, ਅੰਗਰੇਜ਼ੀ ਆਦਿ ਭਾਸ਼ਾਵਾਂ ਦਾ ਗਿਆਨ ਵੀ ਪ੍ਰਾਪਤ ਕਰ ਲਿਆ ਸੀ। ਦਿਤਾ ਰਾਮ ਛੋਟੀ ਉਮਰ ਵਿੱਚ ਹੀ ਲਾਗਲੇ ਪਿੰਡਾਂ ਵਿੱਚ ਪ੍ਰਚਾਰ ਕਰਨ ਲੱਗ ਗਿਆ ਸੀ। ਇੱਥੋਂ ਉਹ ਚੱਠਿਆਂ ਵਾਲਾ (ਲਾਹੌਰ) ਵਿਖੇ ਪੁੱਜਿਆ ਇੱਥੇ ਉਸ ਦੀਆਂ ਆਰੀਆ ਸਮਾਜ ਦੇ ਮੁੱਖੀ ਸਵਾਮੀ ਦਯਾ ਨੰਦ ਨਾਲ ਲਗਾਤਾਰ ਤਿੰਨ ਧਰਮ ਬਾਰੇ ਬਹਿਸਾਂ ਹੋਈਆਂ।

ਆਰੀਆ ਸਮਾਜ ਦੀ ਸਥਾਪਨਾ 29 ਮਾਰਚ, 1875 ਵਿੱਚ ਬੰਬਈ ਵਿਖੇ ਹੋਈ ਇਸ ਦੇ ਸੰਸਥਾਪਕ ਸਵਾਮੀ ਦਯਾ ਨੰਦ ਜੀ ਸਨ। ਉਹ 19 ਅਪ੍ਰੈਲ 1877 ਨੂੰ ਲਾਹੌਰ ਆਏ ਅਤੇ ਰਤਨ ਚੰਦ ਦਾਹੜੀ ਵਾਲੇ ਦੇ ਬਾਗ ਵਿੱਚ ਠਹਿਰੇ। ਸਵਾਮੀ ਦਯਾ ਨੰਦ ਹਰ ਰੋਜ ਵਿਖਿਆਨ ਕਰਿਆ ਕਰਦੇ ਸਨ ਅਤੇ ਬਾਅਦ ਵਿੱਚ ਲੋਕਾਂ ਨੂੰ ਪ੍ਰਸ਼ਨ ਪੁੱਛਣ ਦਾ ਮੌਕਾ ਦਿੱਤਾ ਜਾਂਦਾ ਸੀ। ਗਿਆਨੀ ਦਿੱਤ ਸਿੰਘ ਨੂੰ ਉਨ੍ਹਾਂ ਦੇ ਆਉਣ ਅਤੇ ਵਿਖਿਆਨ ਕਰਨ ਦਾ ਪਤਾ ਚਲਿਆ। ਗਿਆਨੀ ਜੀ ਨੂੰ ਕਿਉਂਕਿ ਬਚਪਨ ਉਪਰੰਤ ਗੁਲਾਬਦਾਸੀਆਂ ਦੇ ਡੇਰੇ ਤਿਊੜ ਤੋਂ ਹੀ ਵਿਚਾਰ ਚਰਚਾ ਕਰਨ, ਸੰਬਾਦ ਕਰਨ ਅਤੇ ਭਾਸ਼ਨ ਦੇਣ ਆਦਿ ਦਾ ਕਾਫੀ ਅਧਿਐਨ ਹੋ ਚੁੱਕਾ ਸੀ ਅਤੇ ਚੱਠਿਆਂ ਵਾਲੇ ਆ ਕੇ ਉਨ੍ਹਾਂ ਨੇ ਇਨ੍ਹਾਂ ਵਿਸ਼ਿਆਂ ਵਿੱਚ ਹੋਰ ਬੇਮਿਸਾਲ ਵਾਧਾ ਕਰ ਲਿਆ ਸੀ, ਇਹ ਕਹਿਣਾ ਕੋਈ ਗਲਤ ਨਹੀਂ ਹੋਵੇਗਾ ਕਿ 1877 ਈ: ਤੱਕ ਗਿਆਨੀ ਦਿੱਤ ਸਿੰਘ ਨੂੰ ਗਿਆਨ ਦੀ ਚੰਗੀ ਖਾਸੀ ਪ੍ਰਾਪਤੀ ਹੋ ਗਈ ਸੀ। ਉਹ ਆਪਣੇ ਗਿਆਨ ਦੇ ਬਲਬੂਤੇ 'ਤੇ ਕਿਸੇ ਵੀ ਗੁਣੀ ਗਿਆਨੀ ਨਾਲ ਵਿਚਾਰ ਚਰਚਾ ਕਰਨ ਦੇ ਯੋਗ ਹੋ ਗਏ ਸਨ। ਉਹ ਹਮੇਸ਼ਾ ਦੂਜਿਆਂ ਨਾਲ ਵਿਚਾਰ ਚਰਚਾ ਕਰਕੇ ਆਪਣੇ ਵਿਸ਼ਾਲ ਗਿਆਨ ਵਿੱਚ ਹੋਰ ਵਾਧਾ ਕਰਨ ਦੇ ਇਛੁੱਕ ਰਹਿੰਦੇ ਸਨ। ਸਵਾਮੀ ਜੀ ਦੇ ਵਿਖਿਆਨ ਸੁਨਣ ਲਈ ਇਕ ਦੋ ਦਿਨ ਜਾਣ ਤੋਂ ਬਾਅਦ ਉਨ੍ਹਾਂ ਨੇ ਸਵਾਮੀ ਜੀ ਨਾਲ ਪ੍ਰਸ਼ਨ ਉੱਤਰ ਕਰਨ ਦੀ ਇੱਛਾ ਪ੍ਰਗਟ ਕੀਤੀ। ਆਖਰ ਇਕ ਦਿਨ ਗਿਆਨੀ ਦਿੱਤ ਸਿੰਘ ਉਰਫ ਰਾਮ ਦਿੱਤਾ ਅਤੇ ਸਵਾਮੀ ਦਯਾ ਨੰਦ ਪਹਿਲੀ ਧਰਮ ਵਿਚਾਰ ਚਰਚਾ ਲਈ ਆਹਮੋਂ-ਸਾਹਮਣੇ ਬੈਠ ਗਏ। ਦਿਤਾ ਰਾਮ ਨੇ ਸਵਾਮੀ ਜੀ ਨੂੰ ਪਹਿਲਾ ਸਵਾਲ ਕੀਤਾ 'ਇਸ ਜਗਤ ਦਾ ਕਰਤਾ ਕੌਣ' ? ਦਯਾ ਨੰਦ ਨੇ ਉੱਤਰ ਦਿੱਤਾ, 'ਈਸ਼ਵਰ'। ਗਿਆਨੀ ਜੀ ਨੇ ਮੋੜਵਾਂ ਸਵਾਲ ਕੀਤਾ ਕਿ 'ਕੀ ਈਸ਼ਵਰ ਜਗਤ ਨੂੰ ਆਪਣੇ ਵਿੱਚੋਂ ਪੈਦਾ ਕਰਦਾ ਹੈ ਜਾਂ ਕਿਸੇ ਹੋਰ ਵਸਤੂ ਵਿੱਚੋਂ' ? ਫਿਰ ਸਾਧੂ ਜੀ ਨੇ ਕਿਹਾ 'ਈਸ਼ਵਰ ਨਿਰਾਕਰ ਹੈ ਪਰ ਚਾਰੇ ਪ੍ਰਮਾਣੂਆਂ ਤੋਂ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ'। ਫਿਰ ਗਿਆਨੀ ਜੀ ਨੇ ਪੁੱਛਿਆ ਕਿ 'ਪ੍ਰਮਾਣੂ ਪਹਿਲਾਂ ਹੀ ਬਣੇ ਹੋਏ ਸਨ ਜਾਂ ਇਨ੍ਹਾਂ ਨੂੰ ਈਸ਼ਵਰ ਨੇ ਰਚਿਆ ਹੈ' ? ਫਿਰ ਸਾਧੂ ਜੀ ਨੇ ਕਿਹਾ ਕਿ 'ਈਸ਼ਵਰ ਕੋਈ ਸਾਕਾਰ ਪਦਾਰਥ ਨਹੀਂ ਕਿ ਸਥੂਲ ਤੱਤਾਂ ਨੂੰ ਰਚਦਾ ਫਿਰੇ, ਉਸ ਨੇ ਤਾਂ ਇਨ੍ਹਾਂ ਨੂੰ ਪਰਸਪਰ ਮਿਲਾ ਕੇ ਜਗਤ ਰਚਨਾ ਪੈਦਾ ਕਰ ਦਿੱਤੀ'। ਗਿਆਨੀ ਜੀ ਨੇ ਕਿਹਾ 'ਫਿਰ ਈਸ਼ਵਰ ਤਾਂ ਇਕ ਰਾਜ ਕਾਰੀਗਰ ਹੈ, ਜੋ ਇੱਟਾਂ ਚੂਨਾ, ਗਾਰਾ ਅਤੇ ਲਕੜੀ ਦਾ ਕਰਤਾ ਨਹੀਂ ਹੈ ਪਰ ਉਹ ਤਰਤੀਬ ਨਾਲ ਮਕਾਨ ਬਣਾ ਦਿੰਦਾ ਹੈ'।



ਪਹਿਲੀ ਗੋਸ਼ਟੀ ਤੋਂ ਹੀ ਗਿਆਨੀ ਦਿੱਤ ਸਿੰਘ ਜਾਣ ਗਿਆ ਸੀ ਕਿ ਸਾਧੂ ਪੜ੍ਹਿਆ ਲਿਖਿਆ ਤਾਂ ਹੈ ਪਰ ਅਨੁਭਵ ਦੀ ਘਾਟ ਹੈ। ਦੁਬਾਰਾ ਕਦੀ ਫਿਰ ਚਰਚਾ ਕਰਾਂਗਾ। ਸੋ ਉਨ੍ਹਾਂ ਦੀ ਦੂਜੀ ਚਰਚਾ ਕੁੱਝ ਦਿਨਾਂ ਬਾਅਦ ਹੀ ਹੋਈ। ਸਵਾਮੀ ਦਯਾ ਨੰਦ ਜੀ ਰਹੀਮ ਖਾਂ ਦੀ ਕੋਠੀ ਠਹਿਰੇ ਅਤੇ ਤਿੰਨ ਦਿਨ ਵਿਖਿਆਨ ਕਰਦੇ ਤੇ ਚੌਥੇ ਦਿਨ ਲੋਕਾਂ ਨੂੰ ਮੌਕਾ ਦਿੰਦੇ ਸਨ ਕਿ ਉਹ ਕੋਈ ਪ੍ਰਸ਼ਨ ਕਰ ਸਕਦੇ ਹਨ। ਉਨ੍ਹਾਂ ਨੇ ਕਿਹਾ ਹੋਇਆ ਸੀ ਕਿ ਜਿਸ ਨੇ ਕੋਈ ਪ੍ਰਸ਼ਨ ਕਰਨਾ ਹੈ ਤਾਂ ਸਾਹਮਣੇ ਪਈ ਕੁਰਸੀ 'ਤੇ ਬੈਠ ਸਕਦਾ ਹੈ ਤੇ ਨਾਲ ਇਹ ਵੀ ਸ਼ਰਤ ਸੀ ਕਿ ਜੋ ਵੀ ਹਾਰ ਜਾਵੇਗਾ ਉਸ ਨੂੰ ਕੁਰਸੀ ਛੱਡਣੀ ਪਵੇਗੀ। ਗਿਆਨੀ ਦਿੱਤ ਸਿੰਘ ਜੀ ਨੇ ਲਿਖਿਆ ਹੈ 'ਉਸ ਦਿਨ ਪਹਿਲਾਂ ਇਕ ਮੌਲਵੀ ਨੇ ਪ੍ਰਸ਼ਨ ਉੱਥੇ ਕੀਤੇ ਪਰ ਉਹ ਜਲਦੀ ਹੀ ਹਾਰ ਕੇ ਕੁਰਸੀ ਤੋਂ ਹੇਠਾਂ ਆ ਗਿਆ'।

ਗਿਆਨੀ ਜੀ ਕੁਰਸੀ 'ਤੇ ਬੈਠੇ ਅਤੇ ਪੁੱਛਿਆ ਕਿ ਜੋ ਤੁਸੀਂ ਆਪਣੇ ਵਿਖਿਆਨ ਵਿੱਚ ਕਿਹਾ ਹੈ ਕਿ ਵੇਦ ਈਸ਼ਵਰ ਨੇ ਰਚੇ ਹਨ ਪਰ ਮੇਰੇ ਅਨੁਸਾਰ ਵੇਦ ਈਸ਼ਵਰ ਦੀ ਕਿਰਤ ਨਹੀਂ ਹਨ ਬਲਕਿ ਵੇਦ ਮਨੁੱਖ ਨੇ ਰਚੇ ਹਨ ਅਤੇ ਬੈਖਰੀ ਬਾਣੀ ਰੂਪ ਹਨ ਕਿਉਂਕਿ ਸਵਾਮੀ ਦਯਾ ਨੰਦ ਦਾ ਸੰਬਾਦ ਪੁਸਤਕ ਦੇ ਪੰਨਾ 26 'ਤੇ ਇਸ ਤਰ੍ਹਾਂ ਲਿਖਦੇ 'ਬੈਖਰੀ ਬਾਣੀ ਅੱਖਰਾਂ ਦੇ ਉਚਾਰਨ ਬਿਨਾਂ ਬੋਲੀ ਜਾਂਦੀ ਹੈ ਕਿਉਂਕਿ ਜਿਤਨਾ ਚਿਰ ਅੱਖਰ ਉਚਾਰਨ ਨਹੀਂ ਹੋਵੇਗਾ ਉਤਨਾਂ ਚਿਰ ਕੋਈ ਪਦ ਯਾ ਵਾਕ ਨਹੀਂ ਬਨੇਗਾ। ਇਸ ਵਾਸਤੇ ਵੇਦ ਜੋ ਇਕ ਅੱਖਰ-ਪਦ ਅਤੇ ਵਾਕ ਰੂਪ ਹੈ। ਇਸੀ 'ਤੇ ਬੈਖਰੀ ਬਾਣੀ ਹੈ, ਜੋ ਪੰਜ ਭੂਤਕ ਦੇਹਧਾਰੀ ਦੀ ਹੈ, ਤਾਂ ਤੇ ਇਨ੍ਹਾਂ ਅੱਖਰਾਂ ਵਾਲੀ ਬੋਲੀ ਦੇ ਉਚਾਰਨ ਲਈ ਅਵੱਸ਼ ਕਿਸੇ ਦੇਹਧਾਰੀ ਦੀ ਲੋੜ ਹੈ।' ਇਸ ਲਈ ਗਿਆਨੀ ਜੀ ਨੇ ਲਿਖਿਆ ਹੈ ਕਿ ਮੈਂ ਕਿਹਾ ਕਿ ਆਪ ਕੁੱਝ ਸਾਬਤ ਨਹੀਂ ਕਰ ਸਕੇ ਅਰ ਮੈਂ ਆਪ ਨੂੰ ਸਾਬਤ ਕਰਕੇ ਦਿਖਾ ਦਿੱਤਾ ਕਿ ਵੇਦ ਮਨੁੱਖਾਂ ਦੇ ਰਚੇ ਹੋਏ ਹਨ। ਸੋ ਦੂਜੀ ਧਰਮ ਬਹਿਸ ਵਿੱਚ ਵੀ ਗਿਆਨੀ ਦਿੱਤ ਸਿੰਘ ਜੇਤੂ ਰਹੇ।

ਕੁੱਝ ਦਿਨ ਮਗਰੋਂ ਜਦੋਂ ਸਾਧੂ ਦਯਾ ਨੰਦ ਰਾਇ ਮੇਲਾ ਰਾਮ ਸਾਹਿਬ ਦੇ ਤਲਾਬ 'ਤੇ ਠਹਿਰੇ ਹੋਏ ਸਨ ਤੇ ਵਿਖਿਆਨ ਕਰਦੇ ਸਨ ਤਾਂ ਗਿਆਨੀ ਦਿੱਤ ਸਿੰਘ ਇਕੱਲੇ ਹੀ ਇੱਥੇ ਪਹੁੰਚ ਗਏ। ਪ੍ਰਸ਼ਨ ਕਾਲ ਵਿੱਚ ਗਿਆਨੀ ਜੀ ਨੇ ਸਵਾਲ ਕੀਤਾ ਕਿ ਸਵਾਮੀ ਜੀ! ਇਹ ਦੱਸੋ ਕਿ ਆਪ ਦੇ ਮੱਤ ਵਿੱਚ ਮੁਕਤੀ ਦਾ ਕਿਆ ਸਰੂਪ ਹੈ ਅਤੇ ਲਖਣ ਕਿਆ ਹੈ ? ਸਵਾਮੀ ਜੀ ਨੇ ਮੁਕਤੀ ਦਾ ਅਰਥ ਛੁੱਟ ਜਾਣਾ ਦੱਸਿਆ ਤੇ ਗਿਆਨੀ ਜੀ ਨੇ ਕਿਹਾ ਕਿ ਕਿਨ੍ਹਾਂ ਬਾਤਾਂ ਤੋਂ ਛੁਟਨਾ ਹੈ ? ਸਵਾਮੀ ਜੀ ਨੇ ਜਵਾਬ ਦਿੱਤਾ 'ਜੀਵ ਆਤਮਾ ਨੇ ਦੇਹ ਵਿੱਚੋਂ ਛੁਟਨਾ ਹੈ। ਚਾਰ ਵਾਕ ਵਾਲੇ ਵੀ ਇਹੋ ਮੰਨਦੇ ਹਨ।'

ਚਾਰ ਵਾਕ ਮਤ ਅਨੁਸਾਰ ਜੀਵ ਦਾ ਪੁਨਰ ਜਨਮ ਨਹੀਂ ਹੁੰਦਾ ਪ੍ਰੰਤੂ ਸਾਡੇ ਮੱਤ ਵਿੱਚ ਜੀਵ ਦਾ ਪੁਨਰ ਜਨਮ ਹੁੰਦਾ ਹੈ। ਗਿਆਨੀ ਜੀ ਅਨੁਸਾਰ ਸਾਡੇ ਇਸ ਪ੍ਰਸ਼ਨ ਦਾ ਵੀ ਉਹ ਸਹੀ ਉੱਤਰ ਨਹੀਂ ਦੇ ਸਕੇ। ਇਸ ਬਹਿਸ ਚਰਚਾ ਦੀ ਫੋਟੋ ਵੀ ਗਵਾਹੀ ਵਜੋਂ ਪੇਸ਼ ਕੀਤੀ ਗਈ ਹੈ, ਜਿਸ ਵਿੱਚ ਕਿ ਜਦੋਂ ਸਵਾਮੀ ਜੀ ਨੂੰ ਪ੍ਰਸ਼ਨ ਦਾ ਸਹੀ ਉੱਤਰ ਨਹੀਂ ਮਿਲਿਆ ਤਾਂ ਕਿਵੇਂ ਉਹ ਪਿੱਛੇ ਬੈਠੀ ਪਬਲਿਕ ਵੱਲ ਮੂੰਹ ਘੁੰਮਾਉਂਦੇ ਹਨ।

ਉਪਰੋਕਤ ਸੰਖੇਪ ਜਾਣਕਾਰੀ ਤੋਂ ਹੀ ਪਤਾ ਲਗਦਾ ਹੈ ਕਿ ਗਿਆਨੀ ਜੀ ਦੀ ਧਾਰਮਕ ਵਿਸ਼ਿਆਂ 'ਤੇ ਕਿੰਨੀ ਪਕੜ ਸੀ। ਜਿਸ ਕਾਰਨ ਲਗਾਤਾਰ ਤਿੰਨ ਧਾਰਮਕ ਬਹਿਸਾਂ ਵਿੱਚ ਸਵਾਮੀ ਦਯਾ ਨੰਦ ਨੂੰ ਨਿਰਉੱਤਰ ਕੀਤਾ।

ਇਹਨਾਂ ਬਹਿਸਾਂ ਸੰਬੰਧੀ ਗਿਆਨੀ ਦਿੱਤ ਸਿੰਘ ਨੇ ਬਾਅਦ ਵਿੱਚ ਇਕ ਪੁਸਤਕ ਲਿਖੀ, ਜਿਸ ਦਾ ਨਾਂ ਹੈ ਕਿ ਮੇਰਾ ਤੇ ਸਾਧੂ ਦਯਾ ਨੰਦ ਦਾ ਸੰਵਾਦ। ਇਸ ਪੁਸਤਕ ਦੀ ਅੱਜ ਵੀ ਬਹੁਤ ਮੰਗ ਹੈ ਇਸ ਦਾ ਉਰਦੂ ਅਨੁਵਾਦ ਵੀ ਹੈ। ਇਹ ਵਿਸ਼ਵ ਪੱਧਰੀ ਪੁਸਤਕ ਬਣ ਚੁੱਕੀ ਹੈ। ਇਸੇ ਤਰ੍ਹਾਂ ਦੀ ਇੱਕ ਪੁਸਤਕ ਦੰਭ ਵਿਦਾਰਨ, ਜੋ ਸੁਆਮੀ ਦਯਾ ਦੀ ਪੁਸਤਕ ਦੀ ਅਲੋਚਨਾ ਦੇ ਤੌਰ 'ਤੇ ਲਿਖੀ ਗਈ ਹੈ। ਜੋ ਕਿ ਲਾਹੌਰ ਦੀ ਲਾਇਬ੍ਰੇਰੀ ਵਿੱਚ ਮੌਜੂਦ ਹੈ। ਕਈ ਪੰਜਾਬੀਆਂ ਪਾਸ ਵੀ ਇਸ ਦੀ ਕਾਪੀ ਹੈ। ਇਸ ਵਿੱਚ ਵੀ ਗਿਆਨੀ ਜੀ ਨੇ ਉਹਨਾਂ ਦੀ ਲਿਖਤ ਦੇ ਹਵਾਲੇ ਦੇ ਕੇ ਆਪਣੇ ਤਰਕ ਦਿੱਤੇ ਹਨ ਅਤੇ ਸੁਆਮੀ ਦਯਾ ਨੰਦ ਨੂੰ ਝੁਠਲਾਇਆ ਗਿਆ ਹੈ। ਉਹਨਾਂ 'ਤੇ ਕਈ ਵਿਅੰਗ ਵੀ ਕੱਸੇ ਹਨ।

**ਦੋਹਿਰਾ**

**ਇਹ ਮੇਰੀ ਹੈ ਸੰਮਤੀ ਉਸ ਦੀ ਵਿੱਦਯਾ ਹੇਤ ॥**
**ਜੇ ਅਤਬਾਰ ਨ ਆਵੰਦਾ ਖੋਜ ਲਵੋ ਸਭ ਭੇਤ ॥5॥**
**ਮਨ ਦੇ ਵਿੱਦਯਾ ਨੂੰ ਪੜ੍ਹੋ ਵੇਦ ਔਰ ਸਭ ਭਾਸ ॥**
**ਦਤ ਆਪ ਲਖ ਲੇਹੁਗੇ ਜੋ ਹੈ ਸੱਤ ਬਲਾਸ ॥6॥**
**ਨਾਲ ਦਯਾਨੰਦ ਸਾਧ ਦੇ ਇਹ ਹੋਏ ਪ੍ਰਸੰਗ॥**
**ਜਿਸ ਨੂੰ ਪੜ੍ਹ ਕੇ ਸੁਜਾਨ ਜਨ ਮਨ ਮਹਿ ਹੋਵਨ ਦੰਗ ॥7॥**
**ਜੇ ਕਰ ਕੋਈ ਉਨ੍ਹਾਂ ਦਾ ਚੇਲਾ ਕਰੇ ਘਮੰਡ॥**
**ਤਾਂ ਮੈਂ ਸਦ ਹੀ ਤਯਾਰ ਹਾਂ ਖੋਲਨ ਹੇਤ ਪਖੰਡ ॥8॥**

ਸਮੁੱਚੇ ਤੌਰ 'ਤੇ ਨਿਰਣਾ ਲਿਆ ਜਾ ਸਕਦਾ ਹੈ ਕਿ ਗਿਆਨੀ ਦਿੱਤ ਸਿੰਘ ਜੀ ਇੱਕ ਬਹੁਤ ਵੱਡੇ ਸੁਲਝੇ ਹੋਏ ਤੇ ਕੌਮ ਨੂੰ ਸਮਰਪਿਤ ਮਹਾਨ ਵਿਦਵਾਨ ਸਨ, ਪਰ ਅਫਸੋਸ ਕਿ ਕੌਮ ਨੇ ਉਹਨਾਂ ਦੀ ਮੌਤ ਤੋਂ ਬਾਅਦ ਉਹਨਾਂ ਦੀ ਯਾਦ ਪ੍ਰਤੀ ਉਹ ਕਾਰਜ ਨਹੀਂ ਕੀਤੇ, ਜੋ ਕਰਨ ਦੀ ਲੋੜ ਸੀ ਸੰਨ 1941 ਤੋਂ ਭਾਵੇਂ ਜਥੇਦਾਰ ਬਖਸ਼ੀਸ਼ ਸਿੰਘ ਕਲੌੜ ਦੀ ਅਗਵਾਈ ਹੇਠ ਪਿੰਡ ਕਲੌੜ ਅਤੇ ਨੇੜੇ ਦੇ ਇਲਾਕਿਆਂ ਵਿੱਚ ਗਿਆਨੀ ਜੀ ਨੂੰ ਪ੍ਰਚਾਰਿਆ ਗਿਆ ਤੇ 2001 ਵਿੱਚ ਗਿਆਨੀ ਦਿੱਤ ਸਿੰਘ ਮੈਮੋਰੀਅਲ ਅੰਤਰਰਾਸ਼ਟਰੀ ਸੁਸਾਇਟੀ (ਰਜਿ) ਪ੍ਰਿੰ. ਨਸੀਬ ਸਿੰਘ ਸੇਵਕ ਦੀ ਪ੍ਰਧਾਨਗੀ ਹੇਠ ਬਣੀ ਤੇ ਜਨਵਰੀ 2010 ਤੋਂ ਭਾਈ ਦਿੱਤ ਪੱਤ੍ਰਿਕਾ ਮਹੀਨਾਵਾਰ ਪ੍ਰਿੰ. ਸਾਹਿਬ ਹੀ ਕੱਢ ਰਹੇ ਹਨ। ਦੇਸ਼ ਵਿਦੇਸ਼ ਦੇ ਲੋਕ ਕਾਫੀ ਜਾਗਰੂਕ ਹੋਏ ਹਨ ਪਰ ਸ਼੍ਰਮਣਫ ਜਿਸ ਦੀ ਇਹ ਜ਼ਿੰਮੇਵਾਰੀ ਸੀ, ਉਸ ਨੇ ਕੋਈ ਉਪਰਾਲਾ ਨਹੀਂ ਕੀਤਾ। ਦੂਜੇ ਪਾਸੇ ਹਾਰੇ ਹੋਏ ਵਿਅਕਤੀ (ਸਾਧੂ ਦਯਾ ਨੰਦ) ਦੇ ਪੈਰੋਕਾਰਾਂ ਨੇ ਉਹਨਾਂ ਦੇ ਨਾਂ 'ਤੇ ਸਕੂਲ, ਕਾਲਜ, ਹਸਪਤਾਲ ਤੇ ਯੂਨੀਵਰਸਿਟੀਆਂ ਤੱਕ ਬਣਾ ਕੇ ਉਹਨਾਂ ਦਾ ਨਾਂ ਰੌਸ਼ਨ ਕੀਤਾ ਹੋਇਆ ਹੈ। ਗਿਆਨੀ ਦਿੱਤ ਸਿੰਘ ਜੀ ਨੇ ਜੀਵਨਭਰ ਸਿੱਖੀ ਦੀ ਨਿਡਰਤਾ ਨਾਲ ਸੇਵਾ ਕੀਤੀ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਹਮੇਸ਼ਾਂ ਪ੍ਰਵਾਨ ਕੀਤੀ ਤੇ ਇਸੇ ਅਧੀਨ ਸਕੂਲ, ਕਾਲਜ, ਸਿੰਘ ਸਭਾ ਲਹਿਰ, ਵਹਿਮਾ ਭਰਮਾ ਖਿਲਾਫ ਅਤੇ ਸਮਾਜ ਸੁਧਾਰ ਪ੍ਰਤੀ ਅਜੇਹੇ ਕਾਰਜ ਕੀਤੇ ਜੋ ਰਹਿੰਦੀ ਦੁਨੀਆਂ ਤੀਕ ਚੇਤਿਆਂ ਵਿੱਚ ਰਹਿਣਗੇ। ਕੁੱਝ ਵਰਨਣ ਯੋਗ ਕਾਰਜ ਹਨ :

(1). ਪੰਜਾਬੀ ਸਾਹਿਤ ਦੇ ਵੱਡੇ ਸਾਹਿਤਕਾਰ ਬਣ ਕੇ 51 ਸਾਲ ਦੀ ਉਮਰ ਵਿੱਚ 72 ਕਿਤਾਬਾਂ ਲਿਖੀਆਂ।

(2). ਪ੍ਰੋ. ਗੁਰਮੁਖ ਸਿੰਘ ਨਾਲ ਮਿਲ ਕੇ ਖਾਲਸਾ ਕਾਲਜ ਅੰਮ੍ਰਿਤਸਰ ਸਾਹਿਬ ਨੂੰ ਸਥਾਪਿਤ ਕੀਤਾ।

ਇਹ ਇੱਕ ਰੌਚਿਕ ਕਹਾਣੀ ਹੈ ਕਿ ਕਾਲਜ ਲਈ ਜਦੋਂ ਪੈਸੇ ਇਕੱਠੇ ਕਰਨ ਲਈ ਮੀਟਿੰਗ ਹੋ ਰਹੀ ਸੀ ਤੇ ਦਿਆਲ ਸਿੰਘ ਮਜੀਠੀਆ ਨੇ ਕਿਹਾ ਕਿ ਕਾਲਜ 'ਤੇ ਸਾਰਾ ਪੈਸਾ ਉਹ ਖਰਚੇਗਾ ਪਰ ਕਾਲਜ ਦਾ ਨਾਂ ਮੇਰੇ ਨਾਂ 'ਤੇ ਹੋਵੇ। ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਜੀ ਨੇ ਤੁਰੰਤ ਨਾ ਕਰ ਦਿੱਤੀ ਸੀ।

(3). ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਿਆਨੀ ਦੀ ਪ੍ਰੀਖਿਆ; ਗਿਆਨੀ ਜੀ ਨੇ ਪਹਿਲੇ ਬੈਚ 'ਚ ਪਹਿਲਾ ਸਥਾਨ ਪ੍ਰਾਪਤ ਕਰ ਕੀਤੀ, ਜਿਸ ਉਪਰੰਤ ਲਾਰਡ ਬੈਟਿਨ ਪਾਸੋਂ ਇਨਾਮ ਵਿੱਚ ਸੋਨੇ ਦੀ ਘੜੀ ਪ੍ਰਾਪਤ ਹੋਈ। ਗਿਆਨੀ ਜੀ ਪਹਿਲੇ ਅੰਤਰਰਾਸ਼ਟਰੀ ਪੰਜਾਬੀ ਪ੍ਰੋਫੈਸਰ ਵੀ ਸਨ।

(4). ਸੰਨ 1886 ਵਿੱਚ ਸ਼ੁਰੂ ਕੀਤੇ ਖਾਲਸਾ ਅਖਬਾਰ ਲਾਹੌਰ ਦੇ ਅਰੰਭ ਤੋਂ ਸੰਪਾਦਕ ਰਹੇ ਅਤੇ ਪੰਜਾਬੀ ਪੱਤਰਕਾਰੀ ਦੇ ਪਿਤਾਮਾ ਅਖਵਾਏ।


(5). ਇਕ ਹੋਰ ਘਟਨਾ ਜੋ ਕਿ ਬਾਬਾ ਖੇਮ ਸਿੰਘ ਬੇਦੀ ਬਾਰੇ ਹੈ ਕਿ ਉਹ Two in One ਸਨ ਭਾਵ ਸ੍ਰੀ ਸਾਹਿਬ ਦੇ ਨਾਲ ਨਾਲ ਜਨੇਊ ਵੀ ਪਹਿਨਦੇ ਸੀ। ਉਹ ਆਪਣੇ ਆਪ ਨੂੰ ਬਾਬੇ ਨਾਨਕ ਜੀ ਦੀ ਅੰਸ਼ ਵਿੱਚੋਂ ਹੋਣਾ, ਦੱਸਦੇ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਗੱਦੀ ਲਾ ਕੇ ਵੀ ਬੈਠਦੇ ਸਨ। ਪ੍ਰੋ. ਗੁਰਮੁਖ ਸਿੰਘ ਅਤੇ ਗਿ. ਦਿੱਤ ਸਿੰਘ ਹੁਰਾਂ ਨੇ ਕਈ ਵਾਰੀ ਬੇਨਤੀ ਕੀਤੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਜੋਂ ਅਜਿਹਾ ਨਾ ਕੀਤਾ ਜਾਵੇ ਪਰ ਉਹ ਨਾ ਮੰਨੇ। ਆਖਿਰ 18 ਮਾਰਚ 1887 ਨੂੰ ਉਨ੍ਹਾਂ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਭਰੇ ਦੀਵਾਨ ਵਿੱਚ ਉਸ ਦੇ ਹੇਠਿਓਂ ਗਦੇਲਾ ਘੜੀਸ ਕੇ ਬਾਹਰ ਸੁੱਟ ਦਿੱਤਾ ਅਤੇ ਦਰਬਾਰ ਸਾਹਿਬ ਕੰਪਲੈਕਸ ਵਿੱਚ ਰੱਖੀਆਂ ਸਾਰੀਆਂ ਮੂਰਤੀਆਂ ਵੀ ਬਾਹਰ ਸੁੱਟ ਦਿੱਤੀਆਂ। ਇਹ ਘਟਨਾ ਉਨ੍ਹਾਂ ਦੇ ਸਿੱਖੀ ਸਿਦਕ ਨੂੰ ਪ੍ਰਗਟਾਉਂਦੀ ਹੈ। ਦੂਜੇ ਪਾਸੇ ਆਪਣੀ ਹੱਤਕ ਸਮਝਦੇ ਹੋਏ ਬਾਬਾ ਬੇਦੀ ਨੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਜਾਰੀ ਕਰਾ ਇਸ ਹਰਕਤ ਬਦਲੇ ਪ੍ਰੋ. ਗੁਰਮੁਖ ਸਿੰਘ ਨੂੰ ਪੰਥ ਤੋਂ ਛੇਕ ਦਿੱਤਾ। ਮਰਨ ਉਪਰੰਤ ਭਾਵ ਇੱਕ ਸਦੀ ਬਾਅਦ ਕੌਮ ਨੇ 1995 ਵਿੱਚ ਹੁਕਮਨਾਮਾ ਰੱਦ ਕਰ ਉਨ੍ਹਾਂ ਨੂੰ ਪੰਥ ਵਿੱਚ ਵਾਪਸ ਲਿਆ।

(6). ਗਿਆਨੀ ਦਿੱਤ ਸਿੰਘ ਨੇ ਵਿਰੋਧੀਆਂ 'ਤੇ ਵਿਅੰਗ ਭਰਿਆ ਸਵਪਨ ਨਾਟਕ ਲਿਖਿਆ, ਜਿਸ ਕਾਰਨ ਉਨ੍ਹਾਂ ਨੂੰ 51 ਰੁਪਏ ਜੁਰਮਾਨਾ ਕੀਤਾ ਭਾਵੇਂ ਕਿ ਉਪਰਲੀ ਅਦਾਲਤ ਦੇ ਫੈਸਲੇ ਨਾਲ ਗਿਆਨੀ ਦਿੱਤ ਸਿੰਘ ਜੀ ਦੀ ਜਿੱਤ ਹੋਈ ਤੇ ਜੁਰਮਾਨਾ ਮੁਆਫ ਹੋ ਗਿਆ ਸੀ।

ਸੋ ਗਿਆਨੀ ਦਿੱਤ ਸਿੰਘ ਜੀ ਗੁਰਮਤਿ ਨੂੰ ਉਜਾਗਰ ਕਰਨ ਲਈ ਤੱਥਾਂ ਆਧਾਰਿਤ ਪਾਖੰਡ ਨੂੰ ਖ਼ਤਮ ਕਰਨ ਵਾਲੇ ਵੱਡੇ ਸਮਾਜ ਸੁਧਾਰਕ ਅਖਵਾਏ। ਗਿਆਨੀ ਜੀ ਦਾ ਸਿੱਖੀ ਪ੍ਰਤੀ ਸਤਿਕਾਰ ਤੇ ਸ਼ਰਧਾ ਇੱਕ ਹੋਰ ਅਜੀਬੋ-ਗਰੀਬ ਕਹਾਣੀ ਕਾਰਨ ਵੀ ਹੈ। ਜੋ ਉਨ੍ਹਾਂ ਦੀ ਸਹਿਣਸ਼ੀਲਤਾ ਦਾ ਪ੍ਰਤੀਕ ਵੀ ਹੈ। ਗਿਆਨੀ ਜੀ ਹਰ ਮਹੀਨੇ ਲਾਹੌਰ ਤੋਂ ਫਿਰੋਜ਼ਪੁਰ ਦੇ ਅਕਾਲਗੜ੍ਹ ਗੁਰਦੁਆਰੇ ਲੈਕਚਰ ਦੇਣ ਆਉਂਦੇ ਸਨ। ਲੈਕਚਰ ਦੀ ਸਮਾਪਤੀ ਉਪਰੰਤ ਉਨ੍ਹਾਂ ਨੂੰ ਜੋੜਿਆ ਵਾਲੀ ਥਾਂ ਬਿਠਾ ਕੇ ਦੇਗ ਦਿੱਤੀ ਜਾਂਦੀ ਸੀ ਕਿਉਂਕਿ ਉਨ੍ਹਾਂ ਨੂੰ ਨੀਵੀਂ ਜਾਤ ਵਾਲਾ ਸਮਝਿਆ ਜਾਂਦਾ ਸੀ। ਫਿਰ ਵੀ ਉਹ ਅਗਲੇ ਮਹੀਨੇ ਭਾਸ਼ਣ ਦੇਣ ਲਈ ਆਉਂਦੇ ਭਾਵ ਬੁਰਾ ਨਾ ਮਨਾਉਂਦੇ। ਅਜਿਹੀ ਲਾਜਵਾਬ ਮਿਸਾਲ ਮਿਲਣੀ ਮੁਸ਼ਕਲ ਹੈ ਤਾਹੀਓਂ ਉਨ੍ਹਾਂ ਨੂੰ ਸਿੱਖ ਕੌਮ ਦਾ ਕੋਹੇਨੂਰ ਕਿਹਾ ਜਾਂਦਾ ਹੈ ਭਾਵੇਂ ਕਿ ਅਕਾਲੀ ਦਲ ਅਤੇ ਸਿੱਖਾਂ ਦੀ ਨੁਮਾਇੰਦਗੀ ਕਰ ਰਹੀ ਸ਼੍ਰਮਣਫ ਨੇ ਵੀ ਉਨ੍ਹਾਂ ਨੂੰ ਅਣਡਿੱਠ ਹੀ ਕਰ ਰੱਖਿਆ ਹੈ। ਸਮਾਜ ਦੇ ਹਰ ਖੇਤਰ (ਵਿੱਦਿਆ, ਸਮਾਜਿਕ, ਧਾਰਮਿਕ ਆਦਿ) ਵਿੱਚ ਉਨ੍ਹਾਂ ਦਾ ਨਾਂ ਕਾਬਲੇ-ਤਾਰੀਫ਼ ਰਿਹਾ ਹੈ। ਉਨ੍ਹਾਂ ਅੰਦਰ ਗੁਰਬਾਣੀ ਪ੍ਰਤੀ ਜਾਗਰੂਕਤਾ, ਗੰਭੀਰਤਾ, ਸਹਿਣਸ਼ਕਤੀ ਬੜੀ ਹੀ ਭਰੋਸੇਯੋਗ ਸੀ। ਦੁਨੀਆ 'ਚ ਪ੍ਰਸਿੱਧ ਖਾਲਸਾ ਕਾਲਜ ਦੇ ਉਹ ਉਮਰਭਰ ਮੈਂਬਰ ਰਹੇ ਅਤੇ ਅੱਜ ਤੀਕ ਵੀ ਉਨ੍ਹਾਂ ਦੇ ਨਾਂ 'ਤੇ ਹਰ ਸਾਲ ਗੋਲਡ ਮੈਡਲ ਦਿੱਤਾ ਜਾਂਦਾ ਹੈ। ਉਸ ਕਾਲਜ ਵਿੱਚ ਹਰ ਤਰ੍ਹਾਂ ਦੇ ਕੋਰਸਾਂ ਦੀਆਂ ਕਲਾਸਾਂ ਲਗਦੀਆਂ ਹਨ ਅਤੇ ਹੋਰ ਵੀ ਇਸ ਦੀਆਂ ਅਨੇਕਾਂ ਸ਼ਾਖਾਵਾਂ ਖੁੱਲ੍ਹ ਗਈਆਂ ਹਨ। ਹਰ ਸਾਲ 21 ਅਪ੍ਰੈਲ ਉਨ੍ਹਾਂ ਦੇ ਜਨਮ ਦਿਹਾੜੇ 'ਤੇ ਲਗਾਤਾਰ ਅਪੀਲ ਕੀਤੀ ਜਾਂਦੀ ਹੈ ਕਿ ਸਿੱਖ ਸੰਸਥਾਵਾਂ, ਕਮੇਟੀਆਂ, ਸਰਕਾਰਾਂ ਅਤੇ ਸ਼੍ਰਮਣਫ ; ਉਨ੍ਹਾਂ ਦੀ ਯਾਦ ਅਤੇ ਸਿੱਖਿਆਵਾਂ ਨੂੰ ਵੱਡੇ ਪੱਧਰ 'ਤੇ ਸੰਗਤਾਂ ਸਾਹਮਣੇ ਲਿਆਵੇ ਤਾਂ ਜੋ ਸਿੱਖ ਭਾਈਚਾਰਾ ਅਤੇ ਸਮਾਜ; ਵਧੇਰੇ ਲਾਭ ਉਠਾ ਸਕੇ। ਭਾਈ ਦਿੱਤ ਸਿੰਘ ਪੱਤ੍ਰਿਕਾ ਆਪਣੇ ਸੀਮਤ ਸਾਧਨਾ ਨਾਲ ਆਪਣੇ ਪੱਧਰ 'ਤੇ ਹਰ ਸਾਲ 'ਫਖ਼ਰ-ਏ-ਸਿੱਖ ਕੌਮ ਗਿਆਨੀ ਦਿੱਤ ਸਿੰਘ' ਅਵਾਰਡ ਦਿੰਦੀ ਆ ਰਹੀ ਹੈ ਤੇ ਸੀਮਤ ਸਾਧਨਾ ਨਾਲ ਹੋਰ ਕਾਰਜ ਵੀ ਕਰਦੀ ਹੈ। ਜਨਮ ਦਿਹਾੜੇ ਦੀ ਵਧਾਈ ਦੇ ਨਾਲ ਨਾਲ ਸਾਰਿਆਂ ਨੂੰ ਬੇਨਤੀ ਹੈ ਕਿ ਕੌਮ ਦੇ ਮਹਾਨ ਸਪੂਤ ਗਿਆਨੀ ਦਿੱਤ ਸਿੰਘ ਜੀ ਬਾਰੇ ਵੱਧ ਤੋਂ ਵੱਧ ਜਾਣਨ ਦੀ ਚਾਹਤ ਪੈਦਾ ਕੀਤੀ ਜਾਵੇ।

# ਸਿੱਖ ਰਾਜ ਕਿਵੇਂ ਬਣਿਆ?

ਲੇਖਕ : ਗਿ: ਸੋਹਨ ਸਿੰਘ 'ਸੀਤਲ'




ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਕਿਸ਼ਤ - 59

### ਦੀਵਾਲੀ ਉੱਤੇ ਸਿੰਘ ਅੰਮ੍ਰਿਤਸਰ

ਉਹ ਘਲੂਘਾਰੇ ਦੇ ਦਾਗ਼ ਲਾਹੁਣਾ ਚਾਹੁੰਦੇ ਸਨ। ਦੀਵਾਲੀ ਤੋਂ ਪਹਿਲ੍ਾਂਪਹਿਲਾਂ ਸੱਠ ਹਜ਼ਾਰ ਸਿੰਘ ਅੰਮ੍ਰਿਤਸਰ ਆ ਕੱਠੇ ਹੋਏ। ਜਿੱਥੇ ਸਿੱਖਾਂ ਦੇ ਹੌਸਲੇ ਵਧ ਗਏ ਸਨ, ਓਥੇ ਅਬਦਾਲੀ ਅਬਦਾਲੀ ਨੇ ਸੁਲਾ ਕਰਨ ਵਾਸਤੇ ਕਿਹਾ ਪਰ ਸਿੱਖ ਨਾ ਮੰਨੇ ਉਹਨਾਂ ਨਾਲ ਲੜਨ ਤੋਂ ਘਬਰਾ ਰਿਹਾ ਸੀ। ਲੜਨ ਦੀ ਥਾਂ ਉਸ ਨੇ ਨੀਤੀ ਤੋਂ ਕੰਮ ਲੈਣਾ ਚਾਹਿਆ। ਉਹਨੇ ਪੰਥ ਨਾਲ ਸੁਲਾ ਕਰਨ ਵਾਸਤੇ ਆਪਣੇ ਰਾਜਦੂਤ ਅੰਮ੍ਰਿਤਸਰ ਭੇਜੇ ਸਿੰਘਾਂ ਨੇ ਉਹਨਾਂ ਨਾਲ ਸੁਲਾ ਦੀ ਗੱਲ ਬਾਤ ਕਰਨ ਦੀ ਥਾਂ, ਉਹਨਾਂ ਦਾ ਸਾਮਾਨ ਲੁੱਟ ਲਿਆ ਤੇ ਉਨਾਂ ਨੂੰ ਵਾਪਸ ਮੋੜ ਦਿੱਤਾ। ਹੁਣ ਅਬਦਾਲੀ ਵਾਸਤੇ ਲੜਾਈ ਬਿਨਾਂ ਹੋਰ ਕੋਈ ਰਾਹ ਨਹੀਂ ਸੀ ਰਹਿ ਗਿਆ। ਉਹ ਇਕ ਲੱਖ ਦੇ ਲਗਭਗ ਫ਼ੌਜ ਲੈ ਕੇ 16 ਅਕਤੂਬਰ ਦੀ ਸ਼ਾਮ ਨੂੰ ਅੰਮ੍ਰਿਤਸਰ ਦੇ ਨੇੜੇ ਆ ਉਤਰਿਆ। ਅਗਲੇ ਦਿਨ (17 ਅਕਤੂਬਰ, 1762 ਈ।) ਦੀਵਾਲੀ ਸੀ। ਉਸ ਦਿਨ ਪੂਰਾ ਸੂਰਜ-ਗ੍ਰਹਿਣ ਸੀ। ਦੀਵਾਲੀ ਵਾਲੇ ਦਿਨ ਸਵੇਰੇ ਹੀ ਸਿੰਘਾਂ ਨੇ ਚੌਫੇਰਿਓਂ ਅਬਦਾਲੀ ਦੀ ਫ਼ੌਜ ਉੱਤੇ ਹੱਲਾ ਬੋਲ ਦਿੱਤਾ।

### ਜੰਗ ਪਿਪਲੀ ਸਾਹਿਬ

ਪਿਪਲੀ ਸਾਹਿਬ ਕੋਲ ਸਾਰਾ ਦਿਨ ਬੜਾ ਘੋਰ ਯੁੱਧ ਹੋਇਆ। ਸ਼ਾਮ ਨੂੰ ਅਬਦਾਲੀ ਪੂਰੀ ਤਰਾਂ ਹਾਰ ਗਿਆ ਤੇ ਰਾਤ ਦੇ ਹਨੇਰੇ ਵਿਚ ਨੱਸ ਕੇ ਲਾਹੌਰ ਜਾ ਵੜਿਆ। ਏਸ ਲੜਾਈ ਵਿਚ ਕਈ ਹਜ਼ਾਰ ਦੁਰਾਨੀ ਸਿੰਘਾਂ ਨੇ ਕੈਦੀ ਬਣਾ ਲਏ। ਪੂਰੇ ਹੋਏ ਸਰੋਵਰ ਵਿਚੋਂ ਉਹਨਾਂ ਦੁਰਾਨੀਆਂ ਦੇ ਹੱਥੋਂ ਸਿੰਘਾਂ ਨੇ ਮਲਬਾ ਕਢਾਇਆ। ਇਹ ਕੰਮ ਮੁਕਾ ਕੇ ਸਿੰਘਾਂ ਨੇ ਕੈਦੀ ਛੱਡ ਦਿੱਤੇ ਤੇ ਆਪ ਲੱਖੀ ਜੰਗਲ ਵਿਚ ਜਾ ਵੜੇ।

### ਅਬਦਾਲੀ ਸਿੰਘਾਂ ਮਗਰ ਲੱਖੀ ਜੰਗਲ ਵਿਚ

ਨਵੰਬਰ ਵਿਚ ਕਸ਼ਮੀਰ ਵਾਲੀ ਫ਼ੌਜ ਵੀ ਵਾਪਸ ਆ ਗਈ ਤੇ ਪੰਜਾਬੀ ਮੁਸਲਮ ਹਾਕਮਾਂ ਦੀ ਫ਼ੌਜ ਵੀ ਅਬਦਾਲੀ ਨੇ ਕੱਠੀ ਕਰ ਲਈ। ਏਸ ਤਰਾਂ ਫ਼ੌਜ ਦੀ ਗਿਣਤੀ ਵਧਾਕੇਅਬਦਾਲੀਲੱਖੀ ਜੰਗਲ ਵਿਚ ਸਿੱਖਾਂ ਦੇ ਮਗਰ ਚੜਿਆ । (ਨਵੰਬਰ, ੧੭੬੨ ਈ।)ਏਥੇ ਸਿਧੀ ਲੜਾਈਲੜਨ ਦੀ ਥਾਂ ਸਿੰਘ ਛੋਟੇ-ਛੋਟੇ ਜੱਥੇ ਬਣਾ ਕੇ ਲੜਨ ਲਗੇ। ਇਕ ਜੱਥਾ ਇਕ ਪਾਸਿਓਂ ਹਮਲਾ ਕਰਦਾਫ਼ ਦੁਰਾਨੀਫ਼ੌਜ ਉਸ ਦੇ ਟਾਕਰੇ ਲਈ ਵਧਦੀ, ਤਾਂ ਸਿੰਘ ਭਜ ਕੇ ਜੰਗਲ ਵਿਚ ਜਾ ਵੜਦੇ। ਦੁਰਾਨੀ ਅਜੇ ਸੁਰਤ ਵੀ ਨਾ ਸੰਭਾਲਦੇ, ਜਾਂ ਓਨੇ ਚਿਰ ਨੂੰ ਸਿੰਘਾਂ ਦਾ ਹੋਰ ਜੱਥਾ ਦੂੱਜੇ ਪਾਸਿਓਂ ਆ ਧਾਵਾ ਬੋਲਦਾ। ਦੁਰਾਨੀ ਉਸ ਪਾਸੇ ਹੁੰਦੇ, ਤਾਂ ਉਹ ਵੀ ਪਹਿਲੇ ਜੱਥੇ ਵਾਂਗ ਜੰਗਲ ਵਿਚ ਜਾ ਲੁਕਦੇ ਤੇ ਤਿੱਜਾ ਜਥਾ ਹੋਰ ਪਾਸਿਓਂ ਹੱਲਾ ਬੋਲ ਦੇਂਦਾ। ਲੜਾਈ ਦੇ ਏਸ ਢੰਗ ਨੇ ਅਬਦਾਲੀ ਦਾ ਨੱਕ ਦਮ ਕਰ ਦਿੱਤਾ। ਇਕ ਦਿਨ ਅਬਦਾਲੀ ਨੂੰ ਵੇਖ ਕੇ ਇਕ ਸਿੰਘ (ਇਕੱਲਾ ਹੀ) ਘੋੜਾ ਭਜਾ ਕੇ ਉਸ ਉੱਤੇ ਆ ਪਿਆ। ਉਹ ਸਿੰਘ ਤਾਂ ਅਬਦਾਲੀ ਦੀ ਸਰੀਰ-ਰਖਿਯਕਫ਼ੌਜ ਹੱਥੋਂ ਮਾਰਿਆ ਗਿਆ, ਪਰ ਇਸ ਘਟਨਾ ਨੇ ਅਬਦਾਲੀ ਦੇ ਦਿਲ ਉੱਤੇ ਐਨਾ ਅਸਰ ਪਾਇਆ, ਕਿ ਉਹ ਸਣੇ ਫ਼ੌਜ ਵਾਪਸ ਲਾਹੌਰ ਆ ਬੈਠਾ। ਅਬਦਾਲੀ ਨੇ ਸਾਰੇ ਪੰਜਾਬ ਦਾਸੂਬੇਦਾਰ ਕਾਬਲੀ ਮੱਲ ਨੂੰ ਬਣਾਇਆ। ਉਸ ਦੇ ਮਾਤਹਿਤ ਮੁਰਾਦ ਖ਼ਾਂ ਬਾਰੀ ਦੁਆਬ ਦਾ, ਸਿੰਘਾ ਨੇ ਰਾਵੀ ਕੰਢੇ ਅਬਦਾਲੀ ਤੇ ਹਮਲਾ ਕੀਤਾ- ਜਹਾਨ ਖਾਂ ਰਾਵੀ ਤੋਂ ਅਟਕ ਤੱਕ ਦਾ ਸਆਦਤ ਯਾਰ ਖਾਂ ਜੰਲਧਰ ਦਾ ਤੇ ਜ਼ੈਨ ਖਾਂ ਸਰਹਿੰਦ ਦਾ ਹਾਕਮ ਬਣਿਆ। ੧੨ ਦਸੰਬਰ ੧੭੬੨ ਈ. ਨੂੰ ਅਬਦਾਲੀ ਲਾਹੌਰ ਕਾਬਲ ਵੱਲ ਤੁਰਿਆ । ਇਸ ਵੇਲੇ ਸਿੰਘ ਏਨੇ ਦਲੇਰ ਹੋ ਗਏ ਸਨ, ਕਿ ਉਹਨਾਂ ਰਾਵੀਓ ਟੱਪਦੀ ਉਤੇ ਹਮਲਾ ਕੀਤਾ ਅਬਦਾਲੀ ਪੱਤਣ ਉਤੇ ਖਲੋਤਾ ਵੇਖ ਰਿਹਾ ਸੀ। ਤੇ ਸਿੰਘ ਉਹਦੀ ਫ਼ੋਜ ਨੂੰ ਲੁੱਟ ਰਹੇ ਸਨ। ਅਬਦਾਲੀ ਦੇ ਜਾਣ ਦੀ ਦੇਰ ਸੀ ਜਾਂ ਸਿੰਘ ਫੇਰ ਅੰਮ੍ਰਿਤਸਰ ਕੱਠੇ ਆ ਹੋਏ ਸਰਬ ਸੰਮਤੀ ਨਾਲ ਏਥੇ ਪੰਥ ਦੇ ਦੋ ਜੱਥੇ ਬਣਾਏ ਗਏ ਬੁੱਢਾ ਦਲ ਤੇ ਤਰਨਾ ਦਲ। ਬੁੱਢੇ ਦਲ ਦਾ ਜੱਥੇਦਾਰ ਸ. ਜੱਸਾ ਸਿੰਘ ਆਹਲੂਵਾਲੀਆਂ ਦੀ ਸਿੰਘਪੁਰੀਆਂ ਦੀ ਨਸ਼ਾਨਾ ਵਾਲੀ ਤੇ ਸ਼ਹੀਦਾਂ ਦੀ।

### ਤਰਨ ਦਲ

ਇਸ ਦਲ ਨੂੰ ਮੁਲਕ ਵਿੱਚ ਲੁੱਟ ਮਾਰ ਕਰਨ ਤੇ ਵੈਰੀਆਂ ਨੂੰ ਸਜ਼ਾ ਦੇਣ ਦਾ ਕੰਮ ਸੌਂਪਿਆ ਗਿਆ । ਤਰਨਾ ਦਲ ਦਾ ਜੱਥੇਦਾਰ ਸ. ਹਰੀ ਸਿੰਘ ਭੰਗੀ ਬਣਿਆ। ਇਸ ਵਿੱਚ ਪੰਜ ਮਿਸਲਾਂ ਸ਼ਾਮਲ ਸਨ। ਭੰਗੀਆਂ ਵਾਲੀ ਰਾਮਗੜੀਆਂ ਦੀ ਕਨ੍ਈਆਂ ਦੀ ਸੁਕਰਚੱਕੀਆਂ ਦੀ ਤੇ ਨਕਈਆਂ ਦੀ। ਇਸ ਦਲ ਨੂੰ ਅੰਮ੍ਰਿਤਸਰ ਦੇ ਗੁਰਧਾਮਾਂ ਦੀ ਸੇਵਾ ਬਖ਼ਸ਼ੀ ਗਈ।

ਬੁੱਢਾ ਦਲ ਲਾਹੌਰ ਉਦਾਲੇ ਚੱਕਰ ਲਾ ਰਿਹਾ ਸੀ , ਜਾਂ ਦੁਰਾਨੀ ਫੌਜ਼ ਦਾ ਇਕ ਦਸਤਾ ਉਸ ਦੇ ਕਾਬੂ ਆ ਗਿਆ। ਦੁਰਾਨੀਆਂ ਹਥਿਆਰ ਸੁੱਟ ਦਿੱਤੇ । ਸਿੰਘ ਉਹਨਾਂ ਨੂੰਫੜ ਕੇ ਅੰਮ੍ਰਿਤਸਰ ਲੈ ਆਏ ਤੇ ਸਰੋਵਰ ਵਿਚੋਂ ਗਾਰ ਕਢਾ ਕੇ ਛੱਡ ਦਿੱਤੇ। 10 ਅਪ੍ਰੈਲ 1763 ਈ. ਨੂੰ ਵਿਸਾਖੀ ਉਤਚੇ ਤਰਨਾ ਦਲ ਦੇ ਸਿੰਘ ਅੰਮ੍ਰਿਤਸਰ ਕੱਠੇ ਹੋਏ। ਬੁੱਢਾ ਦਲ ਉਸ ਵੇਲੇ ਬਿਆਸ ਤੋਂ ਪਾਰ ਫਿਰ ਰਿਹਾ ਸੀ।

### ਕਸੂਰ ਦੇ ਪੰਡਤ ਦੀ ਫ਼ਰਿਯਾਦ

ਕਸਰ ਦੇ ਪੰਡਤ ਨੇ ਅਕਾਲ ਤਖ਼ਤ ਆ ਕੇ ਫ਼ਰਿਯਾਦ ਕੀਤੀ, ਕਿ ਉਸਮਾਨਖ਼ਾਂਕਸੂਰੀ ਨੇ ਮੇਰੀ ਪੰਡਤਾਣੀ ਖੋਹ ਲਈ ਹੈ। ਕਸੂਰ ਦੇ ਪਠਾਣਾਂ ਦੇ ਅਤਿਆਚਾਰ ਉਹਨੇ ਵਿਸਥਾਰ ਨਾਲ ਸਿੰਘਾਂ ਅੱਗੇ ਦੱਸੇ। ਕਸੂਰ ਵਿਚ ਪਠਾਣਾਂ ਦੇ ਬਾਰਾਂ ਕਿਲੇ ਸਨ। ਪਠਾਣ ਬਜ਼ਾਰਾਂ ਵਿਚ ਗਾਈਂ ਮਾਰਦੇ ਤੇ ਖੂਹਾਂ ਤੇ ਤਲਾਵਾਂ ਵਿਚ ਹੱਡੀਆਂ ਸੁੱਟਦੇ। ਜੇ ਕਿਸੇ ਹਿੰਦੂ ਦੀ ਗਾਂ ਬੀਮਾਰ ਹੋ ਜਾਂਦੀ, ਤਾਂ ਕਾਜ਼ੀ ਉਸ ਹਿੰਦੂ ਦੇ ਘਰ ਵਿਚ ਜਾ ਕੇ ਹਲਾਲ ਕਰਦਾ। ਜਿਹੜਾ ਹਿੰਦੂ ਆਪਣੇ ਮਰਦੇ ਪਸ਼ੂ ਦਾ ਪਤਾ ਨਾ ਦੇਂਦਾ, ਉਸ ਨੂੰ ਸਜ਼ਾ ਦਿੱਤੀ ਜਾਂਦੀ। ਕਸੂਰ ਵਿਚ ਪਠਾਣਾਂ ਦੀ ਬੜੀ ਭਾਰੀ ਫ਼ੌਜੀ ਤਾਕਤ ਸੀ। ਸੋ ਬਹੁਤੇ ਸਿੱਖ ਸਰਦਾਰ ਕਸੂਰ ਉੱਤੇ ਹਮਲਾ ਕਰਨ ਦੇ ਹੱਕ ਵਿਚ ਨਹੀਂ ਸਨ, ਕਿਉਂਕਿ ਬੁੱਢਾ ਦਲ ਉਸ ਵੇਲੇ ਨਾਲ ਨਹੀਂ ਸੀ। ਪਰ ਸ: ਹਰੀ ਸਿੰਘ ਭੰਗੀ ਨੇ ਕਿਹਾ, ਕਿ ਗੁਰੂ ਮਹਾਰਾਜ ਨੇ ਪੰਥ ਸਾਜਿਆ ਹੀ ਦੁਖੀਆਂ ਦੀ ਮਦਦ ਵਾਸਤੇ ਹੈ, ਸੋ ਪੰਥ ਦੀ ਸ਼ਰਨ ਆਏ ਪੰਡਤ ਨੂੰ ਨਿਰਾਸ ਨਹੀਂ ਮੋੜਿਆ ਜਾਵੇਗਾ। ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਲੈ ਕੇ ਸ: ਹਰੀ ਸਿੰਘ ਭੰਗੀ ਤਿਆਰ ਹੋ ਪਿਆ।

### ਕਸੂਰ ਉੱਤੇ ਚੜਾਈ

ਉਸ ਦੇ ਮਗਰ ਸ: ਚੜ੍ਤ ਸਿੰਘ ਸ਼ੁਕਰਚੱਕੀਆ ਆਪਣੀ ਮਿਸਲ ਸਣੇ ਲਗ ਤੁਰਿਆ। ਫੇਰ ਬਾਕੀ ਤਿੰਨੇ ਮਿਸਲਾਂ (ਰਾਮਗੜੀਏ, ਕਨ੍ਈਏ ਤੇ ਨਕਈ) ਵੀ ਸਾਥ ਹੋ ਪਈਆਂ। ਪੰਜ ਹਜ਼ਾਰ ਸਿਪਾਹੀ ਭੰਗੀ ਮਿਸਲ ਦੇ ਸਨ ਤੇ ਦਸ ਹਜ਼ਾਰ ਬਾਕੀ ਚੌਹਾਂ ਮਿਸਲਾਂ ਦੇ। ਇਹ ਪੰਦਰਾਂ ਹਜ਼ਾਰ ਸਿੰਘ ਅੰਮ੍ਰਿਤਸਰੋਂ ਤੁਰੇ, ਜੋ ਕਸੂਰ ਜਾਂਦਿਆਂ ਤਕ 24 ਹਜ਼ਾਰ ਹੋ ਗਏ। -ਚਲਦਾ

# ਅਸੀਂ ਸੱਚਮੁੱਚ ਚੜ੍ਹਦੀ ਕਲਾ ਵਿੱਚ ਹੁੰਦੇ ਹਾਂ ਜਾਂ ਸਿਰਫ ਵਿਖਾਵਾ ਕਰ ਰਹੇ ਹੁੰਦੇ ਹਾਂ ...

ਲੇਖਕ : ਡਾ. ਸੰਦੀਪ ਘੰਡ,
ਸੰਪਰਕ 94782 -31000



ਅਸੀਂ ਜਾਣਦੇ ਹਾਂ ਕਿ ਆਧੁਨਿਕ ਸਮਾਜ ਵਿੱਚ ਕਈ ਕਿਸਮ ਦੀਆਂ ਬਿਮਾਰੀਆਂ ਹਨ। ਇਨ੍ਹਾਂ ਵਿੱਚੋਂ ਇੱਕ ਬਿਮਾਰੀ ਦਿਮਾਗੀ ਤਣਾਅ ਵੀ ਹੈ। ਦਿਮਾਗੀ ਤਣਾਅ ਦੂਜੀਆਂ ਬਿਮਾਰੀਆਂ ਨਾਲੋਂ ਵੱਖਰੀ ਬਿਮਾਰੀ ਹੈ। ਇਹ ਬਿਮਾਰੀ ਕਿਸੇ ਕਿਟਾਣੂ ਜਾਂ ਵਾਇਰਸ ਨਾਲ ਨਹੀਂ ਹੁੰਦੀ, ਇਹ ਬਿਮਾਰੀ ਸਾਡੀ ਸੋਚ ਵਿੱਚੋਂ ਅਤੇ ਮਨ ਤੋਂ ਉਪਜਦੀ ਹੈ।

"ਬਾਈ ਜੀ, ਚੜ੍ਹਦੀ ਕਲਾ ਹਾਂ ... ਨਜ਼ਾਰੇ ਲੈਂਦੇ ... ਮੌਜਾਂ ਕਰਦੇ ਹਾਂ ..." ਇਹ ਅਜਿਹੇ ਸ਼ਬਦ ਹਨ, ਜੋ ਹਰ ਵਿਅਕਤੀ ਆਮ ਇਸਤੇਮਾਲ ਕਰਦਾ ਹੈ। ਸਭ ਦੇ ਚਿਹਰੇ ਦੇ ਹਾਵ-ਭਾਵ ਤਾਂ ਕੁਝ ਹੋਰ ਹੀ ਬਿਆਨ ਕਰਦੇ ਹੁੰਦੇ ਹਨ। ਕੁਝ ਸਮਾਂ ਪਹਿਲਾਂ ਜਿਹੜਾ ਵਿਅਕਤੀ ਤੁਹਾਡੇ ਲਈ ਅਣਜਾਣ ਹੁੰਦਾ ਹੈ, ਪੰਜ ਸੱਤ ਮਿੰਟ ਗੱਲਾਂ ਕਰਨ ਤੋਂ ਬਾਅਦ ਉਹ ਤੁਹਾਨੂੰ ਆਪਣੀਆਂ ਸਾਰੀਆਂ ਦੁੱਖ ਤਕਲੀਫਾਂ ਇਸ ਤਰ੍ਹਾਂ ਦੱਸਣ ਲੱਗ ਪੈਂਦਾ ਹੈ, ਜਿਵੇਂ ਤੁਸੀਂ ਉਸਦੇ ਸਭ ਤੋਂ ਨਜ਼ਦੀਕੀ ਅਤੇ ਹਮਦਰਦ ਹੋਵੋਂ।

ਅਸੀਂ ਵਾਰ ਵਾਰ ਲੋਕਾਂ ਨੂੰ ਸਕਾਰਾਤਮਕ ਰਹਿਣ ਦੀਆਂ ਗੱਲਾਂ ਕਰਦੇ ਹਾਂ ਪਰ ਕੀ ਅਸੀਂ ਕਦੇ ਸੋਚਿਆ ਹੈ ਕਿ ਅਸੀਂ ਆਪ ਹਮੇਸ਼ਾ ਸਕਾਰਾਤਮਕ ਰਹਿੰਦੇ ਹਾਂ? ਇਹ ਵੀ ਸੱਚ ਹੈ ਕਿ ਅੱਜਕਲ ਕੋਈ ਵਿਅਕਤੀ ਆਪਣੀਆਂ ਨਿੱਜੀ ਮੁਸ਼ਕਲਾਂ ਕਰਕੇ ਘੱਟ ਦੁਖੀ ਹੈ ਪਰ ਲੋਕਾਂ ਦੀਆਂ ਸਹੂਲਤਾਂ ਅਤੇ ਸਾਧਨਾਂ ਨੂੰ ਦੇਖ ਕੇ ਜ਼ਿਆਦਾ ਦੁਖੀ ਹੈ। ਇੱਕ ਪੁਰਣੀ ਸਾਖੀ ਸੁਣਾਈ ਜਾਂਦੀ ਹੈ ਕਿ ਕਿਸੇ ਬੰਦੇ ਦੇ ਪੂਜਾ ਪਾਠ ਅਤੇ ਤਪੱਸਿਆ 'ਤੇ ਖੁਸ਼ ਹੋ ਕੇ ਰੱਬ ਪ੍ਰਗਟ ਹੋਇਆ ਅਤੇ ਉਸਨੇ ਆਪਣੇ ਉਸ ਬੰਦੇ ਨੂੰ ਕੁਝ ਵੀ ਮੰਗਣ ਲਈ ਕਿਹਾ। ਪਰ ਨਾਲ ਹੀ ਸ਼ਰਤ ਰੱਖ ਦਿੱਤੀ ਕਿ ਜਿੰਨਾ ਕੁਝ ਤੈਨੂੰ ਮਿਲੇਗਾ, ਤੇਰੇ ਗੁਆਂਢੀ ਨੂੰ ਤੇਰੇ ਨਾਲੋਂ ਦੁੱਗਣਾ ਮਿਲੇਗਾ। ਪਰ ਬੰਦਾ ਨਹੀਂ ਸੀ ਚਾਹੁੰਦਾ ਕਿ ਉਸ ਦੇ ਗੁਆਂਡੀ ਨੂੰ ਦੁੱਗਣਾ ਮਿਲੇ, ਉਸ ਨੇ ਕਿਹਾ ਕਿ ਮੇਰੀ ਇੱਕ ਲੱਤ ਟੁੱਟ ਜਾਵੇ। ਉਸਦੀ ਸੋਚ ਸੀ ਕਿ ਇਸ ਤਰ੍ਹਾਂ ਉਸਦੇ ਗੁਆਂਢੀ ਦੀਆਂ ਦੋਵੇਂ ਲੱਤਾਂ ਟੁੱਟ ਜਾਣਗੀਆਂ। ਸੋ ਇਹ ਹੈ ਸਾਡੀ ਸੋਚ ਕਿ ਅਸੀਂ ਆਪਣੇ ਨੁਕਸਾਨ ਨਾਲੋਂ ਗੁਆਂਢੀ ਦਾ ਵਧੇਰੇ ਨੁਕਸਾਨ ਕਰਾਉਣ ਵਿੱਚੋਂ ਵੀ ਖੁਸ਼ੀ ਲੱਭਦੇ ਹਾਂ।

1980 ਦੇ ਦਾਹਕੇ ਜਾਂ ਇਸ ਤੋਂ ਪਹਿਲਾਂ ਬੱਚਿਆਂ ਨੂੰ ਅਧਿਆਪਕ ਵੱਲੋਂ ਦਿੱਤੀ ਜਾਂਦੀ ਕਿਤਾਬੀ ਸਿੱਖਿਆ ਦੇ ਨਾਲ ਨਾਲ ਨੈਤਿਕ ਸਿੱਖਿਆ ਅਤੇ ਸੰਸਕਾਰਾਂ ਦੀ ਸਿੱਖਿਆ ਵੀ ਦਿੱਤੀ ਜਾਂਦੀ ਸੀ। ਹਰੇਕ ਅਧਿਆਪਕ ਆਪਣੀ ਕਲਾਸ ਦੇ 15 ਮਿੰਟ ਨੈਤਿਕ ਸਿੱਖਿਆ ਅਤੇ ਸੰਸਕਾਰਾਂ ਬਾਰੇ ਗੱਲਬਾਤ ਕਰਦਾ।

ਸਵੇਰ ਦੀ ਪ੍ਰਾਥਨਾ ਸਭਾ ਵਿੱਚ ਵੀ ਰੋਜ਼ਾਨਾ ਇੱਕ ਅਧਿਆਪਕ ਦੀ ਡਿਊਟੀ ਲੱਗਦੀ ਸੀ, ਜਿਸ ਕਾਰਣ ਪੜ੍ਹਦੇ ਸਮੇਂ ਬੱਚੇ ਉੱਤੇ ਪੜ੍ਹਾਈ ਤੋਂ ਇਲਾਵਾ ਕੋਈ ਤਣਾਅ ਨਹੀਂ ਸੀ ਹੁੰਦਾ।

ਹਮੇਸ਼ਾ ਹਰ ਇੱਕ ਨੂੰ ਮੁਆਫ ਕਰਨ ਦੀ ਪ੍ਰਵਿਰਤੀ ਨਾ ਕੇਵਲ ਤਹਾਨੂੰ ਮਾਨਿਸਕ ਪ੍ਰੇਸ਼ਾਨੀਆਂ ਤੋਂ ਦੂਰ ਰੱਖਦੀ ਹੈ, ਸਮਾਜ ਵਿੱਚ ਵੀ ਤਹਾਡੇ ਕੱਦ ਨੂੰ ਵਧਾਉਂਦੀ ਹੈ। ਸਵਾਮੀ ਵਿਵੇਕਾਨੰਦ ਜੀ ਹਮੇਸ਼ਾ ਕਹਿੰਦੇ ਸਨ ਕਿ ਸ਼ਾਂਤ ਮਨ ਨਾਲ ਕੰਮ ਕਰਨ ਨਾਲ ਸਾਡੀਆਂ ਨਾੜੀਆਂ ਨੂੰ ਸ਼ਾਂਤੀ ਮਿਲਦੀ ਹੈ, ਅਸੀਂ ਸ਼ਾਂਤ ਰਹਿੰਦੇ ਹਾਂ। ਇਸੇ ਲਈ ਸਵਾਮੀ ਵਿਵੇਕਾਨੰਦ ਜੀ ਕਹਿੰਦੇ ਹਨ ਕਿ ਸਾਨੂੰ ਅਨੁਸ਼ਾਸਨ ਵਿੱਚ ਰਹਿ ਕੇ ਕੰਮ ਕਰਨਾ ਚਾਹੀਦਾ ਹੈ। ਇਸ ਨਾਲ ਮਾਨਿਸਕ ਸੰਤੁਲਨ ਬਣਿਆ ਰਹਿੰਦਾ ਹੈ।

ਅਸੀਂ ਸਾਰੇ ਜਾਣਦੇ ਹਾਂ ਕਿ ਅਸੀਂ ਕਿਵੇਂ ਕੰਮ ਕਰਨਾ ਪਰ ਇਹ ਨਹੀਂ ਜਾਣਦੇ ਕਿ ਅਰਾਮ ਕਿਵੇਂ ਕਰਨਾ ਹੈ। ਅਸੀਂ ਲਗਾਤਾਰ ਇਸ ਢੰਗ ਨਾਲ ਕੰਮ ਕਰਦੇ ਹਾਂ, ਜਿਸ ਨਾਲ ਮਾਨਿਸਕ ਪ੍ਰੇਸ਼ਾਨੀ ਵਧਦੀ ਜਾਂਦੀ ਹੈ। ਨਤੀਜਾ ਇਹ ਨਿਕਲਦਾ ਕਿ ਅਸੀਂ ਥਕਾਵਟ ਮਹਿਸੂਸ ਕਰਦੇ ਹਾਂ ਅਤੇ ਥੱਕੇ ਥੱਕੇ ਰਹਿੰਦੇ ਹਾਂ, ਜਿਸ ਨਾਲ ਅਸੀਂ ਅਕਸਰ ਪ੍ਰੇਸ਼ਾਨ ਰਹਿਣ ਲੱਗਦੇ ਹਾਂ। ਸਾਡੇ ਵਿੱਚ ਚਿੜਚਿੜਾਪਣ ਆ ਜਾਂਦਾ ਹੈ। ਸਵਾਮੀ ਵਿਵੇਕਾਨੰਦ ਜੀ ਦੱਸਦੇ ਹਨ ਕਿ ਜ਼ਿਆਦਾ ਲੋਕ ਇਸ ਕਾਰਣ ਦੁਖੀ ਹੁੰਦੇ ਹਨ ਕਿਉਂਕਿ ਉਹ ਆਪਣੀ ਸ਼ਕਤੀ ਨੂੰ ਨਕਾਰਾਤਾਮਕ ਕੰਮ ਵਿੱਚ ਲਾਉਂਦੇ ਹਨ।

ਕਾਰਲ ਗੁਸਟਵ ਜੰਗ ਜੋ ਕਿ ਇੱਕ ਆਧੁਨਿਕ ਮਨੋਵਿਗਿਆਨੀ ਹੈ, ਉਹ ਦਿਮਾਗੀ ਪ੍ਰੇਸ਼ਾਨੀ ਦੇ ਕਈ ਕਾਰਨ ਦੱਸਦਾ ਹੈ। ਜੰਗ ਅਨੁਸਾਰ ਦਿਮਾਗੀ ਪ੍ਰੇਸ਼ਾਨੀ ਵਿਅਕਤੀ ਦੇ ਦੋਹਰੇ ਮਾਪਦੰਡ ਕਾਰਨ ਹੁੰਦੀ ਹੈ। ਦੋਹਰੇ ਮਾਪਦੰਡ ਦਾ ਅਰਥ ਹੈ ਅੰਦਰੂਨੀ ਸੋਚ ਕੁਝ ਅਤੇ ਬਾਹਰੋਂ ਸਾਡੇ ਕਰਮ ਕੁਝ ਹੋਰ। ਅਸੀਂ ਦੇਖਦੇ ਹਾਂ ਕਿ ਕਈ ਵਾਰ ਅਸੀਂ ਮਨ ਵਿੱਚ ਹੋਰ ਸੋਚ ਰਹੇ ਹੁੰਦੇ ਹਾਂ ਪਰ ਬਾਹਰੀ ਤੌਰ 'ਤੇ ਉਹ ਕੁਝ ਨਹੀਂ ਕਰਦੇ ਜੋ ਅਸੀਂ ਅੰਦਰੋਂ ਕਰਨਾ ਚਾਹੁੰਦੇ ਹਾਂ। ਇਸ ਵਰਤਾਰੇ ਦਾ ਅਸਰ ਦਿਮਾਗ 'ਤੇ ਪੈਂਦਾ ਹੈ ਜਿਸ ਨਾਲ ਮਾਨਿਸਕ ਪ੍ਰੇਸ਼ਾਨੀ ਦਾ ਹੋਣਾ ਸੁਭਾਵਿਕ ਹੈ।

ਇਸ ਲਈ ਸਾਨੂੰ ਹਮੇਸ਼ਾ ਸਕਾਰਾਤਮਕ ਰਹਿੰਦੇ ਹੋਏ ਅਸਲੀਅਤ ਵਿੱਚ ਚੜ੍ਹਦੀ ਕਲਾ ਵਿੱਚ ਰਹਿਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

# ਹਰ ਦਿਨ ਸਾਨੂੰ ਕੁਝ ਨਵਾਂ ਸਿਖਾਉਂਦਾ ਹੈ

ਲੇਖਕ : ਅੰਮ੍ਰਿਤ ਕੌਰ ਬਡਰੁੱਖਾਂ,
ਸੰਪਰਕ : 98767 -14004



ਜ਼ਿੰਦਗੀ ਔਖਾਂ-ਸੌਖਾਂ, ਦੁੱਖਾਂ-ਸੁੱਖਾਂ, ਹਾਸਿਆਂ-ਉਦਾਸੀਆਂ ਦਾ ਮਿਸ਼ਰਣ ਹੈ। ਉਂਝ ਤਾਂ ਹਰ ਬੰਦੇ ਨੂੰ ਹਰ ਰੋਜ਼ ਕੁਝ ਨਾ ਕੁਝ ਨਵਾਂ ਸਿੱਖਣ ਨੂੰ ਮਿਲਦਾ ਹੈ ਬਸ਼ਰਤੇ ਕਿ ਬੰਦੇ ਨੂੰ ਸਿੱਖਣ ਦੀ ਭੁੱਖ ਪਿਆਸ ਹੋਵੇ। ਕਈ ਵਾਰ ਜਦੋਂ ਆਪਣੀ ਤੋਰ ਤੁਰਦੀ ਜ਼ਿੰਦਗੀ ਵਿੱਚ ਕੋਈ ਵਾਧ ਘਾਟ ਆ ਜਾਂਦੀ ਹੈ ਤਾਂ ਬੜਾ ਕੁਝ ਸੋਚਣ 'ਤੇ ਮਜਬੂਰ ਹੋ ਜਾਂਦੇ ਹਾਂ।

ਪਿਛਲੇ ਦਿਨੀਂ ਆਏ ਮੀਂਹ ਹਨੇਰੀ ਵਿੱਚ ਕਾਫ਼ੀ ਨੁਕਸਾਨ ਹੋਇਆ। ਕੁਦਰਤੀ ਗੱਲ ਹੈ ਤੇਜ਼ ਝੱਖੜ ਆਉਣ ਨਾਲ ਬਿਜਲੀ ਵੀ ਪ੍ਰਭਾਵਿਤ ਹੁੰਦੀ ਹੈ। ਜਦੋਂ ਬਿਜਲੀ ਦੇ ਖੰਭੇ ਟੁੱਟੇ ਹੋਣ, ਤਾਰਾਂ ਉੱਤੇ ਵੱਡੇ ਵੱਡੇ ਦ੍ਰਖਤ ਟੁੱਟ ਕੇ ਡਿਗੇ ਹੋਣ ਤਾਂ ਇਨ੍ਹਾਂ ਚੀਜ਼ਾਂ ਦੀ ਮੁਰੰਮਤ ਨੂੰ ਵੀ ਸਮਾਂ ਲੱਗ ਜਾਂਦਾ ਹੈ। ਜਿਸ ਦਿਨ ਮੀਂਹ ਹਨੇਰੀ ਝੱਖੜ ਆਇਆ ਤਾਂ ਸਾਡੇ ਸਵੇਰ ਤੋਂ ਬਿਜਲੀ ਦਾ ਕੱਟ ਚੱਲ ਰਿਹਾ ਸੀ। ਸ਼ਾਮ ਨੂੰ ਜਦੋਂ ਬਿਜਲੀ ਆਉਣੀ ਸੀ ਤਾਂ ਹਨੇਰੀ ਝੱਖੜ ਸ਼ੁਰੂ ਹੋ ਗਿਆ। ਰੁੱਖ ਪੂਰੇ ਦੇ ਪੂਰੇ, ਅੱਧ ਵਿਚਾਲਿਉਂ ਅਤੇ ਵੱਡੇ ਵੱਡੇ ਟਾਹਣੇ, ਬਿਜਲੀ ਦੇ ਖੰਭੇ ਟੁੱਟ ਗਏ ਫ਼ਸਲਾਂ ਦਾ ਨੁਕਸਾਨ ਵੀ ਹੋਇਆ। ਸਵੇਰ ਦੀ ਗਈ ਬਿਜਲੀ ਸ਼ਾਮ ਤਕ ਵੀ ਨਾ ਆਈ। ਨਾ ਹੀ ਕੋਈ ਉਮੀਦ ਸੀ। ਪਤਾ ਸੀ ਕਿ ਇਹ ਕੁਦਰਤ ਦੀ ਕਰੋਪੀ ਦਾ ਖਿਲਾਰਿਆ ਸਮੇਟਣ ਨੂੰ ਸਮਾਂ ਤਾਂ ਲੱਗੇਗਾ ਹੀ। ਸੰਭਲ ਕੇ ਚੱਲਣਾ ਸ਼ੁਰੂ ਕਰ ਦਿੱਤਾ। ਪਾਣੀ ਹਿਸਾਬ ਨਾਲ ਵਰਤਣ ਲੱਗੇ। ਬਲਬ ਲੋੜ ਸਮੇਂ ਹੀ ਜਗਦੇ। ਸਾਰੇ ਪਰਿਵਾਰ ਨੇ ਇੱਕ ਕਮਰੇ ਵਿੱਚ ਇੱਕ ਪੱਖੇ ਹੇਠ ਸੌਣ ਦੀਆਂ ਯੋਜਨਾਵਾਂ ਬਣਾਈਆਂ ਅਤੇ ਅਮਲ ਵੀ ਕੀਤਾ। ਅੱਧੀ ਕੁ ਰਾਤ ਨੂੰ ਖਿੜਕੀਆਂ ਖੋਲ੍ਹ ਪੱਖਾ ਵੀ ਬੰਦ ਕਰ ਦਿੱਤਾ। ਬੱਚਿਆਂ ਦੀ ਜ਼ਰੂਰਤ ਨੂੰ ਮੁੱਖ ਰੱਖ ਕੇ ਹੀ ਇਨਵਰਟਰ ਵਾਲੀ ਬਿਜਲੀ ਦੀ ਵਰਤੋਂ ਕੀਤੀ ਗਈ। ਸੰਭਲ ਕੇ ਵਰਤਣ ਨਾਲ ਵੀ ਦੂਸਰੇ ਦਿਨ ਦੁਪਹਿਰ ਤੋਂ ਪਹਿਲਾਂ ਹੀ ਇਨਵਰਟਰ ਆਪਣੀ ਟੀਂ ਸੁਣਾ ਕੇ ਹੱਥ ਖੜ੍ਹੇ ਕਰ ਗਿਆ। ਆਂਢ ਗੁਆਂਢ ਵਿੱਚ ਵੀ ਇਹੀ ਹਾਲ ਸੀ।

ਗਰਮੀ ਤਾਂ ਕੋਈ ਬਹੁਤੀ ਨਹੀਂ ਸੀ, ਹਵਾ ਵਧੀਆ ਚੱਲ ਰਹੀ ਸੀ, ਸਭ ਤੋਂ ਵੱਡਾ ਡਰ ਪਾਣੀ ਖ਼ਤਮ ਹੋਣ ਦਾ ਸੀ। ਕਈਆਂ ਨਹਾਉਣਾ ਅੱਗੇ ਪਾ ਦਿੱਤਾ। ਨਹਾਉਣ ਸਮੇਂ ਦੋ ਦੋ ਬਾਲਟੀਆਂ ਖਰਾਬ ਕਰਨ ਵਾਲੇ ਨਿਆਣਿਆਂ ਨੂੰ ਅੱਧੀ ਬਾਲਟੀ ਨਾਲ ਦੋ ਦੋ ਨਿਆਣਿਆਂ ਨੂੰ ਬੜੇ ਸੁਚੱਜੇ ਤਰੀਕੇ ਅਪਣਾਉਂਦਿਆਂ ਨੁਹਾ ਦਿੱਤਾ ਗਿਆ। ਘਰ ਵਿੱਚ ਪੋਚੇ ਲਾਉਣ ਦਾ ਕੰਮ ਜਾਂ ਤਾਂ ਕੈਂਸਲ ਕਰ ਦਿੱਤਾ ਗਿਆ ਜਾਂ ਫਿਰ ਅੱਧੀ ਕੁ ਬਾਲਟੀ ਨਾਲ ਹੀ ਸਾਰ ਲਿਆ ਗਿਆ। ਭਾਂਡੇ ਮਾਂਜਣ ਵੇਲੇ ਸਿੱਧੀ ਟੂਟੀ ਨਾ ਛੱਡ ਕੇ ਇੱਕ ਵੱਡੇ ਭਾਂਡੇ ਵਿੱਚ ਪਾਣੀ ਪਾ ਕੇ ਕੰਮ ਚਲਾ ਲਿਆ ਗਿਆ। ਮੁੱਕਦੀ ਗੱਲ, ਜਿੱਥੇ ਸੰਭਵ ਹੋ ਸਕਦਾ ਸੀ, ਸੰਜਮ ਵਰਤਿਆ।

ਐਨਾ ਸੰਭਲ ਸੰਭਲ ਚੱਲਣਾ ਸਭ ਨੂੰ ਔਖਾ ਤਾਂ ਲੱਗ ਰਿਹਾ ਸੀ। ਦੂਸਰੇ ਦਿਨ ਵੀ ਜਦੋਂ ਦੁਪਹਿਰ ਤਕ ਬਿਜਲੀ ਨਾ ਆਈ ਤਾਂ ਥੋੜ੍ਹੀ ਬੇਚੈਨੀ ਹੋਣ ਲੱਗੀ। ਬਿਜਲੀ ਦਫਤਰ ਵਾਲਿਆਂ ਨੂੰ ਫ਼ੋਨ ਕਰਨੇ ਸ਼ੁਰੂ ਕਰ ਦਿੱਤੇ। ਅਗਲਿਆਂ ਫ਼ੋਨ ਚੁੱਕੇ ਹੀ ਨਹੀਂ। ਪਹਿਲਾਂ ਵਿਅਸਤ ਆ ਰਹੇ ਸੀ, ਫਿਰ ਸਵਿੱਚ ਆਫ। ਟੱਕਰਾਂ ਮਾਰ ਕੇ ਹਟ ਗਏ। ਮੈਂ ਆਪਣੇ ਪਤੀ ਨੂੰ ਕਿਹਾ, "ਦੇਖ ਲੋ ... ... ਆਹ ਬਿਜਲੀ ਵਾਲੇ ਘੱਟੋ ਘੱਟ ਫ਼ੋਨ ਤਾਂ ਚੁੱਕ ਹੀ ਸਕਦੇ ਨੇ। ਬੰਦੇ ਨੂੰ ਪਤਾ ਲੱਗ ਜੇ ਬਈ ਐਨੇ ਟਾਈਮ ਬਾਅਦ ਬਿਜਲੀ ਆ ਜਾਊ।"

"ਇਹਨਾਂ ਕੋਲ ਬਥੇਰੇ ਤੇਰੇ ਵਰਗਿਆਂ ਦੇ ਫ਼ੋਨ ਆਉਂਦੇ ਹੋਣਗੇ। ਇਹ ਥੋੜੇ ਫ਼ੋਨ ਸੁਣਨ ਲੱਗਣ ਤਾਂ ਫਿਰ ਆਪਣਾ ਕੰਮ ਕਿਹੜੇ ਵੇਲੇ ਕਰਨਗੇ।" ਗੱਲ ਤਾਂ ਮੇਰੇ ਮਨ ਨੂੰ ਵੀ ਲੱਗ ਗਈ। ਮੈਂ ਉਸ ਤੋਂ ਬਾਅਦ ਫ਼ੋਨ ਨਹੀਂ ਲਾਇਆ।

ਫ਼ੋਨਾਂ ਦੀਆਂ ਬੈਟਰੀਆਂ ਵੀ ਆਪਣਾ ਕੰਮ ਛੱਡਣ ਨੂੰ ਤਿਆਰ ਸਨ। ਮੋਬਾਇਲ ਬੱਚਿਆਂ ਦੀ ਪਹੁੰਚ ਤੋਂ ਦੂਰ ਕਰ ਦਿੱਤੇ ਗਏ। ਨਿਆਣੇ ਵੀ ਘਰਾਂ ਤੋਂ ਬਾਹਰ ਭੱਜ ਭਜਾਈ ਖੇਡਣ ਲੱਗੇ। ਉਹ ਵੀ ਇਸ ਤਰ੍ਹਾਂ ਖੇਡ ਕੇ ਬੜੇ ਖੁਸ਼ ਹੋ ਰਹੇ ਸਨ। ਮੈਨੂੰ ਜਾਪਿਆ ਬੱਚਿਆਂ ਦੇ ਮੋਬਾਇਲ ਛਡਾਉਣ ਲਈ ਜੇ ਘਰ ਦੇ ਵੱਡੇ ਜੀਅ ਮਿਹਨਤ ਕਰਨ ਤਾਂ ਇਸ ਆਦਤ ਨੂੰ ਕਾਫ਼ੀ ਘਟਾਇਆ ਜਾ ਸਕਦਾ ਹੈ।

ਸ਼ਾਮ ਨੂੰ ਦਾਲ-ਰੋਟੀ ਬਣਾਉਣ ਦਾ ਕੰਮ ਵੀ ਸੂਰਜ ਛਿਪਣ ਤੋਂ ਪਹਿਲਾਂ ਹੀ ਕਰ ਲਿਆ ਗਿਆ। ਘਰਾਂ ਦੇ ਅੰਦਰ ਹਨੇਰਾ ਸ਼ੁਰੂ ਹੋਣ ਲੱਗਿਆ। ਮੋਬਾਈਲਾਂ ਤੋਂ ਟਾਰਚਾਂ ਦਾ ਕੰਮ ਲੈਣਾ ਸ਼ੁਰੂ ਕਰ ਦਿੱਤਾ। ਬਿਜਲੀ ਦਾ ਕੋਈ ਥਹੁ ਪਤਾ ਨਹੀਂ ਸੀ। ਬਾਕੀ ਤਾਂ ਔਖੇ ਸੌਖੇ ਸਾਰ ਲੈਣਾ ਸੀ ਪਰ ਪਾਣੀ ਬਿਨਾਂ ਬਹੁਤ ਔਖਾ ਸੀ। ਸਾਹਮਣੇ ਘਰ ਵਾਲਿਆਂ ਦਾ ਪੂਰਾ ਪਰਿਵਾਰ ਬੱਚਿਆਂ ਸਮੇਤ ਆਪਣੇ ਨਾਨਕਿਆਂ ਵੱਲ ਚੱਲ ਪਿਆ। ਇੱਕ ਤੀਰ ਨਾਲ ਦੋ ਤਿੰਨ ਨਿਸ਼ਾਨੇ ਲੱਗ ਜਾਣੇ ਸਨ। ਮਾਂ ਦਾ ਉਲਾਂਭਾ ਵੀ ਉੱਤਰ ਜਾਣਾ ਸੀ ਕਿ ਉਹਨੂੰ ਕੋਈ ਪੇਕੇ ਨਹੀਂ ਲੈ ਕੇ ਜਾਂਦਾ। ਨਾਨਕਿਆਂ ਨੂੰ ਮਿਲ ਵੀ ਆਉਣਾ ਸੀ, ਬਿਜਲੀ ਦਾ ਵੀ ਸਰ ਜਾਣਾ ਸੀ ਅਤੇ ਪੱਕੀਆਂ ਪਕਾਈਆਂ ਵੀ ਮਿਲ ਜਾਣੀਆਂ ਸੀ। ਕਈ ਕੰਮ ਬਣ ਜਾਣੇ ਸਨ। ਇਹ ਚੰਗੀ ਸਕੀਮ ਸੀ। ਸਾਡੇ ਘਰ ਬੱਚੇ ਆਏ ਸਨ, ਅਸੀਂ ਉਹਨਾਂ ਨੂੰ ਉਹਨਾਂ ਦੇ ਨਾਨਕੇ ਭੇਜ ਦਿੱਤਾ।

ਰਿਸ਼ਤੇਦਾਰੀ ਵਿੱਚ ਜਾਣ ਵਾਲੇ ਤਾਂ ਚਿੜੀ ਖੰਭ ਛੁਡਾ ਗਏ, ਜਿਹੜੇ ਜੀਅ ਪਿੱਛੇ ਰਹਿ ਗਏ, ਉਹਨਾਂ ਜਰਨੇਟਰ ਲਿਆਉਣ ਦੀ ਸਕੀਮ ਬਣਾਈ, ਘੱਟੋ ਘੱਟ ਪਾਣੀ ਵਾਲੀਆਂ ਟੈਂਕੀਆਂ ਤਾਂ ਭਰ ਲਈਏ। ਸ਼ਹਿਰ ਵਿੱਚੋਂ ਪਤਾ ਲੱਗਿਆ ਕਿ ਸ਼ਹਿਰ ਵਿੱਚ ਕੋਈ ਜਨਰੇਟਰ ਖਾਲੀ ਨਹੀਂ। ਨਾਲ ਦੇ ਪਿੰਡ ਪਤਾ ਕੀਤਾ ਤਾਂ ਕਿਸੇ ਦਾ ਖਰਾਬ ਹੋਇਆ ਜਨਰੇਟਰ ਠੀਕ ਕਰਾ ਕੇ ਲਿਆਂਦਾ। ਜਦੋਂ ਤਾਰਾਂ ਲਾ ਕੇ ਚਲਾਇਆ ਤਾਂ ਇੱਕ ਬੱਲਬ ਵੀ ਨਾ ਜਗਿਆ, ਮੋਟਰਾਂ ਤਾਂ ਕਿੱਥੋਂ ਚੱਲਣੀਆਂ ਸੀ। ਫਿਰ ਸਾਰੇ ਸੋਚੀਂ ਪੈ ਗਏ, ਕੀ ਕਰੀਏ? ਮਕੈਨਿਕ ਨੂੰ ਫ਼ੋਨ ਕਰ ਕੇ ਬੁਲਾਉਣ ਲਈ ਸੋਚਿਆ। ਉਸ ਦਾ ਫ਼ੋਨ ਵੀ ਵਿਅਸਤ ਆ ਰਿਹਾ ਸੀ। ਆਂਢ ਗੁਆਂਢ ਦੇ ਸਾਰੇ ਜਣੇ ਬਾਹਰ ਆ ਗਏ। ਬੀਬੀਆਂ ਗੱਲਾਂਬਾਤਾਂ ਵਿੱਚ ਮਸਤ, ਬੰਦੇ ਕੋਈ ਹੀਲਾ ਕਰਨ ਬਾਰੇ ਸੋਚਣ ਲੱਗੇ। ਸਾਰੇ ਜਣੇ ਗਲੀ ਵਿੱਚ ... ... ਮੱਛਰ ਨੇ ਵੀ ਆਪਣੇ ਪਰਿਵਾਰਾਂ ਸਮੇਤ ਆ ਕੇ ਪੂਰਾ ਲਹੂ ਪੀਤਾ। ਮੱਛਰਾਂ ਦਾ ਏਕਾ ਦੇਖਣ ਨੂੰ ਮਿਲਿਆ, ਪੂਰਾ ਪਰਿਵਾਰ ਇੱਕੋ ਸਮੇਂ ਹਮਲਾ ਕਰਦਾ। ਕਿਸੇ ਵੀ ਇਨਸਾਨ ਨੂੰ ਟਿਕ ਕੇ ਖੜ੍ਹਨ ਨਾ ਦਿੱਤਾ। ਅਖ਼ੀਰ ਸਾਰੇ ਜਣਿਆਂ ਬੇਵੱਸ ਹੋ ਕੇ ਸਵੇਰ 'ਤੇ ਗੱਲ ਸੁੱਟਣ ਦੀ ਸੋਚੀ।

ਅਸੀਂ ਅਜੇ ਬਾਹਰ ਹੀ ਖੜ੍ਹੇ ਸੀ, ਹਨੇਰੇ ਵਿੱਚ ਇੱਕ ਮੋਟਰ ਸਾਈਕਲ 'ਤੇ ਦੋ ਜਣੇ ਸਾਡੇ ਘਰਾਂ ਵੱਲ ਆ ਰਹੇ ਸਨ। ਸਾਰਿਆਂ ਸੋਚਿਆ , ਜਨਰੇਟਰ ਠੀਕ ਕਰਨ ਵਾਲੇ ਭਾਈ ਹੋਣਗੇ। ਜਦੋਂ ਉਹਨਾਂ ਦੇ ਕੋਲ ਜਾ ਕੇ ਪੁੱਛਿਆ ਤਾਂ ਉਹ ਬਿਜਲੀ ਵਾਲੇ ਸਨ। ਸਾਡੇ ਘਰਾਂ ਦੇ ਨੇੜਿਓਂ ਸਵਿੱਚ ਕੱਟੀ ਹੋਈ ਸੀ। ਆਮ ਜਿਹੀ ਸਥਿਤੀ ਵਿੱਚ ਵੀ ਨੁਕਸ ਜਿੱਥੇ ਮਰਜ਼ੀ ਹੋਵੇ ਪਰ ਸਾਡੇ ਘਰਾਂ ਦੀ ਬਿਜਲੀ ਨੂੰ ਰੂੰਗੇ ਵਾਲੇ ਕੱਟ ਲੱਗ ਜਾਂਦੇ ਹਨ। ਅੱਗੇ ਵਾਲੀਆਂ ਲਾਈਨਾਂ ਠੀਕ ਕਰਨ ਲਈ। ਉਹ ਕਹਿਣ ਲੱਗੇ ਕਿ ਪੰਦਰਾਂ ਕੁ ਮਿੰਟਾਂ ਤਕ ਲਾਈਟ ਆ ਜਾਣੀ ਹੈ। ਪਰ ਸਵੇਰੇ ਫਿਰ ਸਾਨੂੰ ਕੱਟਣੀ ਪੈਣੀ ਐ। ਉਸ ਵੇਲੇ ਤਾਂ ਮਨੋਸਥਿਤੀ ਇਸ ਤਰ੍ਹਾਂ ਦੀ ਬਣੀ ਹੋਈ ਸੀ, ਆਖਣ ਨੂੰ ਦਿਲ ਕਰਦਾ ਸੀ, ਇੱਕ ਵਾਰ ਪਾਣੀ ਭਰ ਲੈਣ ਦਿਓ, ਫਿਰ ਭਾਵੇਂ ਉਦੋਂ ਹੀ ਕੱਟ ਦੇਣਾ।

"ਬਾਈ ਪੀਣ ਲਈ ਪਾਣੀ ਲਿਆ ਦਿਓ ਸਾਨੂੰ।" ਉਹਨਾਂ ਵਿੱਚੋਂ ਇੱਕ ਜਣੇ ਨੇ ਕਿਹਾ। ਮੈਂ ਪਤਾ ਨਹੀਂ ਸੁਤੇ ਸਿੱਧ ਹੀ ਆਖਿਆ ਜਾਂ ਨਰਾਜ਼ਗੀ ਦਿਖਾਈ, "ਵੀਰੇ! ਪਹਿਲਾਂ ਮੋਟਰਾਂ ਤਾਂ ਚਲਦੀਆਂ ਕਰੋ।"

ਮੈਂ ਉਹਨਾਂ ਦਾ ਜਵਾਬ ਉਡੀਕੇ ਬਿਨਾਂ ਪਾਣੀ ਲੈਣ ਅੰਦਰ ਆ ਗਈ। ਪਾਣੀ ਠੰਢਾ ਤਾਂ ਨਹੀਂ ਸੀ ਪਰ ਪਿਆਸ ਬੁਝਾਉਣ ਜੋਗਾ ਹੈ ਸੀ। ਥੋੜ੍ਹੀ ਦੇਰ ਬਾਅਦ ਉਹਨਾਂ ਬਿਜਲੀ ਚਾਲੂ ਕਰ ਦਿੱਤੀ ਅਤੇ ਆਖਿਆ, "ਚਲਾ ਲੋ ਬਾਈ ਮੋਟਰ। ਪਾਣੀ ਭਰ ਲੋ।"

ਉਹਨਾਂ ਨੂੰ ਚਾਹ ਦੁੱਧ ਲਈ ਪੁੱਛਿਆ। ਉਹਨਾਂ ਨਾਂਹ ਕਰ ਦਿੱਤੀ ਅਤੇ ਪਾਣੀ ਪੀ ਕੇ ਚਲੇ ਗਏ। ਅਸੀਂ ਹਨੇਰੇ ਵਿੱਚ ਉਹਨਾਂ ਦੀਆਂ ਸ਼ਕਲਾਂ ਵੀ ਨਹੀਂ ਦੇਖੀਆਂ। ਜਦੋਂ ਨੂੰ ਬੱਲਬ ਲਾਏ, ਉਹ ਆਪਣਾ ਕੰਮ ਨਿਪਟਾ ਕੇ ਚਲਦੇ ਬਣੇ। ਜਿਹੜੇ ਬਿਜਲੀ ਵਾਲਿਆਂ 'ਤੇ ਫ਼ੋਨ ਨਾ ਚੁੱਕਣ ਕਾਰਨ ਨਰਾਜ਼ਗੀ ਸੀ, ਹੁਣ ਉਹਨਾਂ ਦੀਆਂ ਮਜਬੂਰੀਆਂ ਦਿਸਣ ਲੱਗ ਪਈਆਂ। ਅੰਦਰੋਂ ਦੁਆਵਾਂ ਵੀ ਨਿਕਲੀਆਂ। ਸਾਰੇ ਦਿਨ ਦੀਆਂ ਸੁਣੀਆਂ ਖ਼ਬਰਾਂ ਦਿਮਾਗ਼ ਵਿੱਚ ਘੁੰਮਣ ਲੱਗ ਪਈਆਂ। ਕਿਤੇ ਉਹ ਖੰਭਿਆਂ 'ਤੇ ਚੜ੍ਹੇ ਹੋਏ ਨੇ, ਕਿਤੇ ਟੁੱਟੇ ਖੰਭਿਆਂ ਨੂੰ ਹਟਾ ਰਹੇ ਨੇ, ਕਿਤੇ ਉਹ ਤਾਰਾਂ ਠੀਕ ਕਰ ਰਹੇ ਨੇ ਜਾਂ ਕਸ ਰਹੇ ਨੇ। ਕਿੰਨੇ ਸਾਰੇ ਕੰਮ ਇਨ੍ਹਾਂ ਨੂੰ ਕਰਨੇ ਪੈਂਦੇ ਹਨ। ਅਸੀਂ ਘਰੇ ਬੈਠੇ ਹੀ ਇਨ੍ਹਾਂ ਨਾਲ ਗੁੱਸੇ ਹੋਏ ਰਹਿੰਦੇ ਹਾਂ। ਮੈਂ ਤਾਂ ਕਈ ਬਜ਼ੁਰਗ ਬੀਬੀਆਂ ਨੂੰ ਇਹ ਕਹਿੰਦੇ ਵੀ ਸੁਣਿਆ, "ਇਹ ਤਾਂ ... ... ਜਾਣ ਕੇ ਸੁੱਚ ਬੰਦ ਕਰ ਦਿੰਦੇ ਨੇ ਬਈ ਲੋਕ ਆਪੇ ਤੜਫ਼ਦੇ ਫਿਰਨਗੇ।"

ਪਹਿਲਾਂ ਪਹਿਲਾਂ ਇਹੀ ਲਗਦਾ ਹੁੰਦਾ ਸੀ ਕਿ ਇਹ ਬਿਜਲੀ ਵਾਲੇ ਲੋਕਾਂ ਨੂੰ ਜਾਣ ਬੁੱਝ ਕੇ ਤੰਗ ਕਰਦੇ ਹਨ। ਬੇ-ਸਮਝ ਸ਼ਰੇਆਮ ਬੁਰਾ ਭਲਾ ਬੋਲ ਦਿੰਦੇ ਹਨ। ਜਦੋਂ ਇਸ ਮਹਿਕਮੇ ਵਿੱਚ ਭਰਤੀ ਹੋਏ ਕਿਸੇ ਆਪਣੇ ਤੋਂ ਇਨ੍ਹਾਂ ਦੇ ਖੇਤਰ ਦੀਆਂ ਗੱਲਾਂ ਸੁਣੀਏ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਦੀ ਡਿਊਟੀ ਕਿੰਨੀ ਸਖ਼ਤ ਹੁੰਦੀ ਹੈ। ਕੜਾਕੇ ਦੀ ਸਰਦੀ ਵਿੱਚ ਅਤੇ ਗਰਮੀਆਂ ਵਿੱਚ ਜਦੋਂ ਕਾਂ ਅੱਖ ਨਿਕਲਦੀ ਹੈ, ਇਹ ਦਿਨ ਰਾਤ ਆਪਣੀਆਂ ਸਖ਼ਤ ਡਿਊਟੀਆਂ ਨਿਭਾਉਂਦੇ ਹਨ। ਇਨ੍ਹਾਂ ਦੇ ਮਹਿਕਮੇ ਵਿੱਚ ਵੀ ਬੇਈਮਾਨ ਹੁੰਦੇ ਹਨ, ਜੋ ਭ੍ਰਿਸ਼ਟ ਨੇਤਾਵਾਂ ਦੇ ਕੰਮ ਕਰ ਕੇ ਖੁਸ਼ ਹੁੰਦੇ ਹਨ। ਇਮਾਨਦਾਰ ਅਫਸਰ ਵੀ ਇਹੋ ਜਿਹੇ, ਜਿਹੜੇ ਕੰਮ ਬਹੁਤਾ ਹੋਣ ਕਰਕੇ ਭੁੱਖੇ ਭਾਣੇ ਰਹਿ ਸਕਦੇ ਹਨ। ਪਰ ਇਨ੍ਹਾਂ ਦੀ ਇਮਾਨਦਾਰੀ ਤੋਂ ਡਰਦਿਆਂ ਇਨ੍ਹਾਂ ਨੂੰ ਟਿਕਣ ਨਹੀਂ ਦਿੱਤਾ ਜਾਂਦਾ। ਬਦਲੀ ਕਰਵਾਉਣ ਲਈ ਬੇਈਮਾਨਾਂ ਦਾ ਪੂਰਾ ਜ਼ੋਰ ਲੱਗਿਆ ਰਹਿੰਦਾ ਹੈ।

ਇੱਕ ਵਾਰ ਕਿਸੇ ਬਿਜਲੀ ਮੁਲਾਜ਼ਮ ਦੀ ਵਿਦਾਇਗੀ ਪਾਰਟੀ 'ਤੇ ਜਾਣ ਦਾ ਸਬੱਬ ਬਣਿਆ ਤਾਂ ਬਹੁਤ ਸਾਰੇ ਭੁਲੇਖੇ ਮਨ ਵਿੱਚੋਂ ਨਿਕਲ ਗਏ। ਵਿਦਾਇਗੀ ਭਾਸ਼ਣ ਵੇਲੇ ਜਦੋਂ ਕਿਸੇ ਨੇ ਆਖਿਆ, "... ... ਆਪਣੇ ਮਹਿਕਮੇ ਵਿੱਚ ਜੇ ਕੋਈ ਸੁੱਖੀ ਸਾਂਦੀ ਰਿਟਾਇਰਮੈਂਟ ਤਕ ਪਹੁੰਚ ਜਾਂਦਾ ਹੈ, ਇਹ ਵੀ ਬਹੁਤ ਵੱਡੀ ਗੱਲ ਹੈ।" ਇਸ ਗੱਲ ਨੇ ਦਿਮਾਗ਼ ਘੁਮਾ ਦਿੱਤਾ ਸੀ। ਬਹੁਤ ਸਾਰੀਆਂ ਇਹੋ ਜਿਹੀਆਂ ਗੱਲਾਂ ਚੇਤੇ ਆਈਆਂ, ਜਦੋਂ ਇਨ੍ਹਾਂ ਦੇ ਖੰਭਿਆਂ ਤੋਂ ਡਿਗ ਕੇ ਸੱਟਾਂ ਵੱਜ ਜਾਂਦੀਆਂ ਹਨ ਜਾਂ ਫਿਰ ਕਈ ਵਾਰ ਜਾਨ ਤੋਂ ਵੀ ਹੱਥ ਧੋਣੇ ਪਏ। ਜਿੰਨਾ ਕੁ ਮੈਂ ਦੇਖਿਆ ਸੁਣਿਆ, ਬਿਜਲੀ ਕਾਮਿਆਂ ਨੂੰ ਬਚਾ ਕਿੱਟਾਂ ਦੀ ਕਮੀ ਕਾਰਨ ਕਈ ਵਾਰ ਕੀਮਤੀ ਜਾਨਾਂ ਵੀ ਗਵਾਉਣੀਆਂ ਪੈਂਦੀਆਂ ਹਨ।

ਇਨ੍ਹਾਂ ਦੋ ਦਿਨਾਂ ਵਿੱਚ ਮਹਿਸੂਸ ਹੋਇਆ ਕਿ ਅਸੀਂ ਬਿਜਲੀ 'ਤੇ ਕਿੰਨਾ ਨਿਰਭਰ ਹੋ ਗਏ ਹਾਂ। ਕਈ ਵਾਰ ਤਾਂ ਜਾਪਦਾ ਹੈ ਕਿ ਮਸ਼ੀਨਾਂ ਹੀ ਨਹੀਂ, ਅਸੀਂ ਵੀ ਬਿਜਲੀ 'ਤੇ ਹੀ ਚਲਦੇ ਹੋਈਏ। ਅਸੀਂ ਉਸ ਦਿਨ ਘਰੋਂ ਬਾਹਰ ਖੜ੍ਹੇ ਪੁਰਾਣੇ ਸਮਿਆਂ ਨੂੰ ਯਾਦ ਕਰਦੇ ਰਹੇ। ਸੋਚਿਆ, ਜੇ ਕਿਤੇ ਸਾਰੇ ਘਰਾਂ ਵਿੱਚ ਇੱਕ ਨਲਕਾ ਲੱਗਿਆ ਹੁੰਦਾ, ਫਿਰ ਪਾਣੀ ਵਾਲੀ ਚਿੰਤਾ ਨਹੀਂ ਸੀ ਹੋਣੀ। ਪਾਣੀ ਵਾਲੇ ਨਲਕੇ ਤਾਂ ਹੁਣ ਸੁਪਨੇ ਹੀ ਬਣ ਗਏ। ਬੜਾ ਕੁਝ ਸੋਚਣ 'ਤੇ ਮਜਬੂਰ ਹੋ ਗਏ, ਜੇ ਬਿਜਲੀ ਨਾ ਹੋਵੇ, ਸਾਨੂੰ ਪੀਣ ਲਈ ਪਾਣੀ ਵੀ ਬੜਾ ਮੁਸ਼ਕਿਲ ਮਿਲਣਾ ਹੈ। ਬਿਜਲੀ ਦੀ ਬੱਚਤ ਬਾਰੇ ਗੱਲ ਹੋਈ ਤਾਂ ਯਾਦ ਆਇਆ ਕਿ ਸੜਕਾਂ ਦੇ ਕਿਨਾਰੇ ਖੰਭਿਆਂ 'ਤੇ ਲੱਗੀਆਂ ਲਾਈਟਾਂ ਸਾਰਾ ਸਾਰਾ ਦਿਨ ਚਲਦੀਆਂ ਰਹਿੰਦੀਆਂ ਹਨ। ਪਤਾ ਨਹੀਂ ਇਨ੍ਹਾਂ ਦਾ ਵਾਲੀ ਵਾਰਸ ਕੌਣ ਹੈ? ਬਿਜਲੀ ਵਾਲੇ ਕਹਿੰਦੇ ਇਹ ਸਾਡੇ ਮਹਿਕਮੇ ਅਧੀਨ ਨਹੀਂ ਆਉਂਦੀਆਂ। ਥੋੜ੍ਹੇ ਇਨਸਾਨੀਅਤ ਦਾ ਮਾਦਾ ਰੱਖਣ ਵਾਲਿਆਂ ਨੂੰ ਇਹ ਗੱਲਾਂ ਬੜੀਆਂ ਰੜਕਦੀਆਂ ਹਨ। ਹਰ ਬੰਦੇ ਨੂੰ ਸੰਭਲ ਕੇ ਚੱਲਣ ਦੀ ਲੋੜ ਹੈ। ਅਸਲ ਗੱਲ ਤਾਂ ਇਹ ਹੈ ਕਿ ਜੋ ਅਸੀਂ ਦੋ ਦਿਨ ਬਿਜਲੀ ਤੋਂ ਬਿਨਾਂ ਕੱਟੇ, ਕਈਆਂ ਨੇ ਸਾਡੇ ਤੋਂ ਵੱਧ ਘੱਟ ਦਿਨ ਵੀ ਕੱਟੇ ਹੋਣਗੇ। ਅਸੀਂ ਪਾਣੀ ਦੀ ਵਰਤੋਂ ਕਿੰਨਾ ਸੰਭਲ ਕੇ ਕੀਤੀ, ਇਨਵਰਟਰ ਵਾਲੀ ਬਿਜਲੀ ਦੀ ਵਰਤੋਂ ਵੀ ਬੜੇ ਸੰਜਮ ਨਾਲ ਕੀਤੀ। ਕੀ ਬਿਜਲੀ ਪਾਣੀ ਦੀ ਬੱਚਤ ਨੂੰ ਅਸੀਂ ਆਪਣੇ ਸੁਭਾਅ ਵਿੱਚ ਸ਼ਾਮਲ ਨਹੀਂ ਕਰ ਸਕਦੇ? ਹਰ ਬੰਦਾ ਇਸ ਬੱਚਤ ਨਾਲ ਆਪਣਾ ਬਣਦਾ ਯੋਗਦਾਨ ਪਾਵੇ ਤਾਂ ਬੂੰਦ ਬੂੰਦ ਨਾਲ ਹੀ ਤਲਾਬ ਭਰਦੇ ਹਨ।

# ਸਬਕ

ਲੇਖਕ : ਲਖਵਿੰਦਰ ਸਿੰਘ ਰਈਆ, ਸੰਪਰਕ: 61430204832

ਮੇਰੇ ਘਰ ਤੋਂ ਪੰਜ-ਛੇ ਕਿਲੋਮੀਟਰ ਦੂਰ ਹੀ ਮੇਰਾ ਸਕੂਲ ਸਥਿਤ ਸੀ ਜਿੱਥੇ ਮੈਂ ਅਧਿਆਪਕ ਵਜੋਂ ਸੇਵਾਵਾਂ ਨਿਭਾ ਰਿਹਾ ਸੀ। ਆਪਣੀ ਡਿਊਟੀ 'ਤੇ ਸਕੂਲ ਜਾਣ ਲਈ ਮੈਂ ਅਕਸਰ ਸ਼ੌਕੀਆਂ ਤੌਰ 'ਤੇ ਸਾਈਕਲ ਦੀ ਸਵਾਰੀ ਕਰ ਲਿਆ ਕਰਦਾ ਸੀ। ਸਾਈਕਲ ਵਰਤਣ ਕਰਕੇ 'ਕਜੂੰਸ ਮੱਖੀ ਚੂਸ/ ਏਨੇ ਪੈਸੇ ਜੋੜ ਕੇ ਕਿੱਥੇ ਲਿਜਾਣੇ ਆ?' ਵਰਗੇ ਸਖ਼ਤ ਤਨਜ਼ ਵੀ ਸੁਣਨ ਨੂੰ ਮਿਲਦੇ ਤੇ ਨਾਲ ਨਾਲ ਨਿਹੋਰੇ ਵੀ ਕੰਨੀਂ ਪੈਂਦੇ, 'ਆਪਣੇ ਸੁਹਰੇ ਪਿੰਡ ਪੜ੍ਹਾਉਣ ਜਾਨੈ...ਟੌਹਰ ਨਾਲ ਮੋਟਰਸਾਈਕਲ ਆਦਿ 'ਤੇ ਜਾਇਆ ਕਰ।' ਪਰ ਮੇਰੇ ਸ਼ੌਕ ਅੱਗੇ ਇਹ ਸਭ ਤਨਜ਼ ਤੇ ਨਿਹੋਰੇ ਤੁੱਛ ਜਿਹੇ ਹੋ ਕੇ ਰਹਿ ਜਾਂਦੇ ਜਦੋਂ ਮੇਰੇ ਜ਼ਿਹਨ ਵਿੱਚ ਇਹ ਸੋਚ ਵਿਚਾਰ ਉੱਭਰ ਕੇ ਸਾਹਮਣੇ ਆਉਂਦੇ 'ਨਾਲੇ ਪੁੰਨ ਨਾਲੇ ਫ਼ਲੀਆਂ' ਅਨੁਸਾਰ ਤੇਲ ਦਾ ਖ਼ਰਚਾ ਵੀ ਬਚਦਾ, ਤੇਲ ਬਾਲ ਕੇ ਪ੍ਰਦੂਸ਼ਣ ਵਿੱਚ ਵਾਧਾ ਕਰਨ ਦਾ ਭਾਗੀਦਾਰ ਹੋਣ ਤੋਂ ਵੀ ਕੁੱਝ ਹੱਦ ਤੱਕ ਬੱਚਤ ਤੇ ਕਸਰਤ ਮੁਫ਼ਤ ਹੀ ਰੂੰਗੇ ਦੇ ਰੂਪ ਵਿੱਚ ਹੋ ਜਾਂਦੀ ਐ। ਇਹੀ ਸੋਚ ਕੇ ਸਾਈਕਲ ਚਲਾਉਣ ਦੀ ਆਦਤ ਨੂੰ ਸ਼ੌਕੀਆਂ ਤੌਰ 'ਤੇ ਅੱਜ ਵੀ ਜਾਰੀ ਰੱਖਿਆ ਹੋਇਆ ਹੈ।

ਤਿੰਨ ਕੁ ਦਹਾਕਿਆਂ ਦੀ ਪੁਰਾਣੀ ਗੱਲ ਹੈ। ਮੈਂ ਆਪਣੀ ਆਦਤ ਅਨੁਸਾਰ ਸਾਈਕਲ 'ਤੇ ਸਕੂਲ ਨੂੰ ਜਾ ਰਿਹਾ ਸੀ। ਰਾਹ ਵਿੱਚ ਪੈਂਦੇ ਮੇਨ ਅੱਡੇ 'ਤੇ ਇੱਕ ਦਿਨ ਮੇਰੇ ਸਕੂਲ ਦੀ ਮੁੱਖ ਅਧਿਆਪਕ ਸਕੂਲ ਜਾਣ ਲਈ ਬੱਸ ਦੀ ਉਡੀਕ ਵਿੱਚ ਖੜ੍ਹੀ ਸੀ। ਜਦੋਂ ਮੈਂ ਉੱਥੋਂ ਦੀ ਲੰਘਣ ਲੱਗਾ ਤਾਂ ਉਨ੍ਹਾਂ ਮੈਨੂੰ ਰੋਕ ਲਿਆ ਤੇ ਇੱਕ ਭਰਿਆ ਹੋਇਆ ਥੈਲਾ ਮੇਰੇ ਹਵਾਲੇ ਕਰਕੇ ਆਖਣ ਲੱਗੇ, "ਇਹ ਥੈਲਾ ਆਪਣੇ ਨਾਲ ਲੈ ਜਾਇਓ" ਤੇ ਉਹ ਥੈਲਾ ਫੜਾਉਂਦੇ ਸਾਰ ਹੀ ਆਪ ਬੱਸ ਵਿਚ ਸਵਾਰ ਹੋ ਗਏ। ਉਨ੍ਹਾਂ ਵੀ ਮੈਨੂੰ ਥੈਲੇ ਵਿੱਚ ਪਏ ਸਾਮਾਨ ਬਾਰੇ ਕੁੱਝ ਨਾ ਦੱਸਿਆ ਤੇ ਮੈਂ ਵੀ ਪੁੱਛਣ ਦੀ ਕੋਈ ਲੋੜ ਨਾ ਸਮਝੀ ਅਤੇ ਨਾ ਹੀ ਗੰਢ ਬੱਝੀ ਉਸ ਥੈਲੇ ਅੰਦਰ ਵੇਖਣ/ ਝਾਕਣ ਦਾ ਕੋਈ ਯਤਨ ਕੀਤਾ। ਆਮ ਸਾਮਾਨ ਵਾਲਾ ਥੈਲਾ ਸਮਝ ਕੇ ਉਸ ਨੂੰ ਬੇਧਿਆਨੀ ਨਾਲ ਸਾਈਕਲ ਦੇ ਪਿਛਲੇ ਕੈਰੀਅਰ ਵਿੱਚ ਅੜਾ ਕੇ ਸਾਈਕਲ ਸਕੂਲ ਵੱਲ ਤੋਰ ਲਿਆ।

ਮੈਂ ਆਪਣੀ ਰੁਟੀਨ ਵਿੱਚ ਹੀ ਸਾਈਕਲ ਚਲਾ ਕੇ ਸਕੂਲ ਪਹੁੰਚਿਆ। ਸਕੂਲ ਪਹੁੰਚਣ 'ਤੇ ਮੁੱਖ ਅਧਿਆਪਕਾ ਨੇ ਮੈਨੂੰ ਤੇ ਮੇਰੇ ਸਾਈਕਲ ਨੂੰ ਬੜੀ ਉਤਸੁਕਤਾ ਨਾਲ ਇੰਜ ਵੇਖਿਆ ਜਿਵੇਂ ਉਹ ਮੇਰੇ ਠੀਕ ਠਾਕ ਪਹੁੰਚਣ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋਣ। ਸਾਈਕਲ ਦੇ ਅੱਗੇ ਹੈਂਡਲ ਨਾਲ ਟੰਗਿਆ ਥੈਲਾ ਜਦੋਂ ਉਨ੍ਹਾਂ ਦੇ ਨਜ਼ਰ ਨਾ ਪਿਆ ਤਾਂ ਥੋੜ੍ਹਾ ਜਿਹਾ ਘਬਰਾ ਕੇ ਉਨ੍ਹਾਂ ਮੈਥੋਂ ਥੈਲੇ ਬਾਰੇ ਪੁੱਛਿਆ ਤਾਂ ਮੈ ਸਾਈਕਲ ਦੇ ਪਿਛਲੇ ਕੈਰੀਅਰ ਵੱਲ ਇਸ਼ਾਰਾ ਕਰਦਿਆਂ ਆਖਿਆ "ਆਹ ਜੀ ਤੁਹਾਡਾ ਥੈਲਾ।" ਜਦ ਮੂੰਹ ਘੁੰਮਾ ਕੇ ਵੇਖਿਆ ਤਾਂ ਉਹ ਥੈਲਾ ਕਰੀਬ ਹੇਠਾਂ ਡਿੱਗਣ ਦੀ ਹਾਲਤ ਵਿੱਚ ਮੂਧੇ ਮੂੰਹ ਲਮਕਿਆ ਹੋਇਆ ਸੀ।

"ਓ ਤੁਹਾਡੀ ਭਲੀ ਹੋ ਜੇ।" ਥੈਲੇ ਦੀ ਡਿੱਗਣ ਵਾਲੀ ਹਾਲਤ ਵੇਖ ਕੇ ਮੁੱਖ ਅਧਿਆਪਕਾ ਦੇ ਮੂੰਹੋਂ ਅਚਾਨਕ ਨਿਕਲੇ ਹੈਰਾਨੀ ਭਰੇ ਬੋਲਾਂ ਨੂੰ ਸੁਣ ਕੇ ਮੈਂ ਵੀ ਅਵਾਕ ਹੀ ਰਹਿ ਗਿਆ। ਅਸਲ ਵਿੱਚ ਉਹ ਥੈਲਾ ਨੋਟਾਂ ਦੀਆਂ ਦੱਥੀਆਂ (ਬੰਡਲਾਂ) ਨਾਲ ਭਰਿਆ ਪਿਆ ਸੀ। ਸਾਡੇ ਆਪਣੇ ਹਾਈ ਸਕੂਲ ਤੇ ਨਾਲ ਅਟੈਚ ਦੋ ਹੋਰ ਮਿਡਲ ਸਕੂਲਾਂ ਦੇ ਸਟਾਫ ਦੀ ਤਨਖਾਹ ਲਈ ਕਰੀਬ ਪੌਣੇ ਦੋ ਲੱਖ ਰੁਪਏ ਦੀ ਨਕਦੀ ਉਸ ਥੈਲੇ ਵਿੱਚ ਸੀ। ਉਨ੍ਹਾਂ ਸਮਿਆਂ ਵਿੱਚ ਸਕੂਲ ਸਟਾਫ ਦੀਆਂ ਤਨਖਾਹਾਂ ਉਨ੍ਹਾਂ ਨੂੰ ਨਕਦ ਹੀ ਸਕੂਲਾਂ ਵਿੱਚ ਵੰਡੀਆਂ ਜਾਂਦੀਆਂ ਸਨ। ਥੈਲੇ ਵਿਚਲਾ ਪੈਸਾ ਸਕੂਲ ਸਟਾਫ ਨੂੰ ਤਨਖਾਹ ਵਜੋਂ ਵੰਡਿਆ ਜਾਣਾ ਸੀ। ਜਦੋਂ ਉਨ੍ਹਾਂ ਮੈਨੂੰ ਮੂਧੇ ਪਏ ਇਸ ਥੈਲੇ ਵਿੱਚ ਕੈਸ਼ ਹੋਣ ਬਾਰੇ ਦੱਸਿਆ ਤਾਂ ਮੇਰੇ ਪੈਰਾਂ ਹੇਠੋਂ ਜ਼ਮੀਨ ਹੀ ਖਿਸਕ ਗਈ।

"ਲੈ ਬਈ ਕੁੱਝ ਕੈਸ਼ ਜ਼ਰੂਰ ਰਾਹ ਵਿੱਚ ਖਿੱਲਰ ਗਿਆ ਹੋਵੇਗਾ।" ਇਹ ਸੋਚ ਕੇ ਮੇਰਾ ਉਤਲਾ ਸਾਹ ਉੱਤੇ ਤੇ ਹੇਠਲਾ ਸਾਹ ਹੇਠਾਂ ਹੀ ਰਹਿ ਗਿਆ, ਪਰ ਜਦੋਂ ਕੈਸ਼ ਗਿਣਿਆ ਗਿਆ ਤਾਂ ਪੂਰਾ ਹੀ ਨਿਕਲਿਆ। ਮੇਰੇ ਸਾਹਾਂ ਵਿੱਚ ਵੀ ਕੁੱਝ ਸਾਹ ਆਇਆ। ਹੁਣ ਵੀ ਜਦੋਂ ਉਸ ਕੌੜੀ ਯਾਦ ਦਾ ਚੇਤਾ ਆਉਂਦਾ ਹੈ ਤਾਂ ਪੂਰੀ ਕੰਬਣੀ ਛਿੜ ਜਾਂਦੀ ਹੈ ਕਿ ਜੇ ਕਿਤੇ ਥੈਲੇ ਦੀ ਗੰਢ ਢਿੱਲੀ ਹੋ ਜਾਂਦੀ ਤੇ ਕੁੱਝ ਕੈਸ਼ ਡਿੱਗ ਜਾਂਦਾ ਤਾਂ ਮੈਂ ਬੇਕਸੂਰ ਨੇ ਹੀ ਆਪਣੀ ਬੇਧਿਆਨੀ ਤੇ ਲਾਪਰਵਾਹੀ ਕਾਰਨ ਚੋਰ/ਬੇਈਮਾਨ ਬਣ ਜਾਣਾ ਸੀ। ਜੇ ਕੋਈ ਲੁੱਟ-ਖੋਹ ਹੋ ਜਾਂਦੀ ਤਾਂ ਵੀ ਸਾਰਾ ਕੈਸ਼ ਮੇਰੇ ਵੱਟੇ/ਖਾਤੇ ਹੀ ਪੈ ਜਾਣਾ ਸੀ। ਇਸ 'ਵੱਟੇ' ਨੇ ਮੇਰੀ ਬੇੜੀ ਵਿੱਚ ਵੱਟੇ ਪਾ ਦੇਣੇ ਸੀ। ਅਣਕਿਆਸੀ ਚੱਟੀ ਭਰਨੀ ਪੈ ਜਾਣੀ ਸੀ। ਇਹ ਚੱਟੀ ਭਰਨੀ ਮੇਰੇ ਵੱਸੋਂ ਬਾਹਰੀ ਸੀ ਕਿਉਂਕਿ ਉਦੋਂ ਅਜੇ ਮੈਂ ਨਵਾਂ ਨਵਾਂ ਹੀ ਅਧਿਆਪਕ ਲੱਗਾ ਸੀ ਤੇ ਉਸ ਸਮੇਂ ਦੇ ਨਵੇਂ ਅਧਿਆਪਕਾਂ ਦੀਆਂ ਤਨਖਾਹਾਂ ਵੀ ਬਹੁਤ ਥੋੜ੍ਹੀਆਂ ਹੀ ਹੁੰਦੀਆਂ ਸਨ ਅਤੇ ਚੋਰੀ/ਬੇਈਮਾਨੀ ਦਾਗ਼/ਧੱਬਾ ਵੀ ਵਾਧੂ ਹੀ ਲੱਗ ਜਾਣਾ ਸੀ। ਜੋ ਸਾਰੀ ਉਮਰ ਧੋਤਾ ਵੀ ਨਹੀਂ ਜਾਣਾ ਸੀ। ਸਕੂਲ ਸਟਾਫ ਵੱਲੋਂ ਕੀਤੀ ਕਿਰਤ ਕਮਾਈ ਦਾ ਮੁੱਲ (ਤਨਖਾਹ) ਦਾ ਮਸਲਾ ਬਣ ਕੇ ਖਿੱਚ ਧੂਹ ਵੀ ਹੋ ਸਕਦੀ ਸੀ। ਘਪਲੇਬਾਜ਼ ਦਾ ਠੱਪਾ ਲਾ ਕੇ ਲੁੱਟ ਖੋਹ ਦੀ ਬਹਾਨੇਬਾਜ਼ੀ ਦੇ ਦੋਸ਼ੀ ਵਜੋਂ ਪੁਲੀਸ/ਕਚਹਿਰੀ ਦੇ ਕੁੱਚਕਰ ਦੀ ਫਾਹੀ ਵੀ ਗ.ਲ ਪੈ ਸਕਦੀ ਸੀ। ਆਲੇ ਦੁਆਲੇ ਖ਼ਾਸ ਕਰਕੇ ਸਹੁਰੇ ਪਿੰਡ ਪੂਰੀ ਮਿੱਟੀ ਪਲੀਤ ਵੱਖਰੀ ਹੋਣੀ ਸੀ। ਉਦੋਂ ਤੋਂ ਹੀ ਮੈਂ ਇਕ ਗੱਲ ਪੱਲੇ ਬੰਨ੍ਹ ਕੇ ਤੌਬਾ ਕਰ ਲਈ ਸੀ ਕਿ ਕਿਸੇ ਤੋਂ ਕੋਈ ਝੋਲਾ/ਲਿਫ਼ਾਫ਼ਾ/ ਬੈਗ ਵਗੈਰਾ ਅਮਾਨਤ ਵਜੋਂ ਫੜਨ ਦੀ ਵਗਾਰ ਕਰਨੀ ਹੀ ਨਹੀਂ, ਪਰ ਜੇ ਕਿਤੇ ਫਿਰ ਵੀ ਮਜਬੂਰੀ ਵੱਸ ਅਜਿਹੀ ਵਗਾਰ (ਦੇਸ਼ ਵਿਦੇਸ਼ ਜਾਂਦਿਆਂ) ਕਰਨੀ ਪੈ ਹੀ ਜਾਵੇ ਤਾਂ ਪਹਿਲਾਂ ਸਾਮਾਨ ਆਦਿ ਬਾਰੇ ਪੁੱਛ-ਪੜਤਾਲ ਕਰਕੇ ਹੀ ਅਜਿਹੀ ਵਗਾਰੀ ਅਮਾਨਤ ਨੂੰ ਹੱਥ ਪਾਉਣਾ ਚਾਹੀਦਾ ਹੈ ਤਾਂ ਕਿ ਬਾਅਦ ਵਿੱਚ ਪੈਣ ਵਾਲੀ ਭਸੂੜੀ ਤੋਂ ਬਚਿਆ ਜਾ ਸਕੇ।

# ਬਹੁ-ਪੱਖੀ ਤੇ ਬਹੁ-ਪਰਤੀ ਸੰਕਟ ਵਿਚ ਘਿਰਿਆ ਪੰਜਾਬ

**ਲੇਖਕ : ਮੋਹਨ ਸ਼ਰਮਾ**

ਇਸ ਵੇਲੇ ਬਹੁ-ਪੱਖੀ ਤੇ ਬਹੁ-ਪਰਤੀ ਸੰਕਟ ਵਿਚ ਘਿਰਿਆ ਪੰਜਾਬ ਇੰਜ ਲੱਗਦਾ ਹੈ ਜਿਵੇਂ ਗੁਬਾਰਾ ਅਣਗਿਣਤ ਸੂਈਆਂ ਦੀ ਨੋਕ ’ਤੇ ਖੜ੍ਹਾ ਹੋਵੇ। ਕਿਸੇ ਪਾਸਿਓਂ ਸੁੱਖ ਦੀ ਖ਼ਬਰ ਨਹੀਂ ਆ ਰਹੀ। ਇਕ ਪਾਸੇ ਨਸ਼ਿਆਂ ਦੀ ਮਾਰ ਹੇਠ ਜਵਾਨੀ ਸਿਵਿਆਂ ਦੇ ਰਾਹ ਪਈ ਹੋਈ ਹੈ, ਦੂਜੇ ਪਾਸੇ ਜ਼ਮੀਨ ਗਹਿਣੇ ਰੱਖ ਕੇ, ਘਰ ਦਾ ਗਹਿਣਾ-ਗੱਟਾ ਵੇਚ ਕੇ ਅਤੇ ਮਾਪਿਆਂ ਨੂੰ ਹਰ ਪਾਸਿਓਂ ਨਪੀੜ ਕੇ ਅਮਰੀਕਾ ਵਿਚ ਡਾਲਰ ਕਮਾਉਣ ਵਾਲੇ ਨੌਜਵਾਨ ਮੌਤ ਨਾਲ ਖਹਿਣ ਉਪਰੰਤ ਹੱਥਕੜੀਆਂ ਵਿਚ ਜਕੜੇ ਵਤਨ ਵਾਪਸ ਪਰਤ ਰਹੇ ਹਨ।ਮਾਪਿਆਂ ਦੇ ਵੈਣ ਅਤੇ ਨੌਜਵਾਨਾਂ ਦੇ ਚਿਹਰਿਆਂ ’ਤੇ ਛਾਈ ਘੋਰ ਉਦਾਸੀ ਮਨ ਨੂੰ ਵਲੂੰਧਰਦੀ ਹੈ। ਲੁੱਟਾਂ-ਖੋਹਾਂ, ਕਤਲੋਗਾਰਤ ਅਤੇ ਫਿਰੌਤੀਆਂ ਨੇ ਪੰਜਾਬ ਦੇ ਲੋਕਾਂ ਨੂੰ ਕੰਬਣੀ ਛੇੜੀ ਹੋਈ ਹੈ। ਕਿਸੇ ਪਾਸਿਓਂ ਵੀ ਸੁੱਖ ਦਾ ਬੁੱਲਾ ਨਹੀਂ ਆ ਰਿਹਾ। ਆੜ੍ਹਤੀ, ਰਸੂਖ਼ਦਾਰ ਵਿਅਕਤੀ ਅਤੇ ਖਾਂਦੇ-ਪੀਂਦੇ ਘਰਾਂ ਦੇ ਮਾਲਕਾਂ ਨੂੰ ਵਿਦੇਸ਼ੀ ਨੰਬਰਾਂ ਤੋਂ ਫਿਰੌਤੀ ਲਈ ਫੋਨ ਕਾਲਾਂ ਆਉਂਦੀਆਂ ਹਨ। ਕੁਝ ਦਿਨਾਂ ਬਾਅਦ ਮਕਾਨ ’ਤੇ ਫਾਇਰਿੰਗ ਕਰ ਕੇ ਵਾਰਨਿੰਗ ਦਿੱਤੀ ਜਾਂਦੀ ਹੈ। ਕਈ ਥਾਵਾਂ ’ਤੇ ਮੰਗ ਦੀ ਪੂਰਤੀ ਲਈ ਬੱਚੇ ਵੀ ਅਗਵਾ ਕਰ ਲਏ ਜਾਂਦੇ ਹਨ। ਬਹੁਤ ਸਾਰੇ ਕੇਸਾਂ ਵਿਚ ਜਾਨ-ਮਾਲ ਦੀ ਰਾਖੀ ਅਤੇ ਭਵਿੱਖ ਦੇ ਗੰਭੀਰ ਖ਼ਤਰਿਆਂ ਨੂੰ ਭਾਂਪਦਿਆਂ ਲੋਕ ਅੰਦਰਖਾਤੇ ਗੈਂਗਸਟਰਾਂ ਨਾਲ ਸਮਝੌਤਾ ਕਰ ਕੇ ਉਨ੍ਹਾਂ ਦੀ ਮੰਗ ਪੂਰੀ ਵੀ ਕਰਦੇ ਹਨ। ਕਈ ਕੇਸਾਂ ਵਿਚ ਗੈਂਗਸਟਰਾਂ ਦੀਆਂ ਧਮਕੀਆਂ ਤੋਂ ਡਰਦਿਆਂ ਪੁਲਿਸ ਕੋਲ ਗੁਹਾਰ ਲਾਉਣ ਉਪਰੰਤ ਸਕਿਉਰਿਟੀ ਲਈ ਜਾਂਦੀ ਹੈ ਪਰ ਸਕਿਉਰਿਟੀ ਦੇ ਹੁੰਦਿਆਂ ਵੀ ਉਹ ਆਪਣੀ ਜਾਨ ਨਹੀਂ ਬਚਾ ਸਕੇ। ਅਜਿਹੇ ਕਿੰਨੇ ਹੀ ਮਾਮਲੇ ਤਰਨਤਾਰਨ, ਅੰਮ੍ਰਿਤਸਰ, ਲੁਧਿਆਣਾ, ਬਠਿੰਡਾ, ਫਰੀਦਕੋਟ ਤੇ ਕਪੂਰਥਲਾ ਦੇ ਇਲਾਕਿਆਂ ਵਿਚ ਸਾਹਮਣੇ ਆ ਚੁੱਕੇ ਹਨ। ਇਹ ਗੱਲ ਪ੍ਰਤੱਖ ਰੂਪ ਵਿਚ ਸਾਹਮਣੇ ਆਈ ਹੈ ਕਿ ਨਸ਼ੇ ਘਟੇ ਨਹੀਂ, ਸਗੋਂ ਨਸ਼ਿਆਂ ਦੇ ਰੇਟ ਵਧ ਗਏ ਹਨ। ਇਸ ਵੇਲੇ ਨਸ਼ਿਆਂ ਕਾਰਨ ਗੰਭੀਰ ਸਥਿਤੀ ਇਸ ਤਰ੍ਹਾਂ ਦੀ ਬਣੀ ਹੋਈ ਹੈ ਕਿ ਪੰਜਾਬ ਦੇ ਬਹੁਤ ਸਾਰੇ ਪੀੜਤ ਮਾਪੇ ਆਪਣੇ ਨਸ਼ੇੜੀ ਪੁੱਤਾਂ ਦੇ ਹੱਥੋਂ ਜਾਨ ਗੁਆ ਚੁੱਕੇ ਹਨ। ਬਹੁਤ ਸਾਰੇ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲੇ ਤਸਕਰਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਰਹੇ ਹਨ। ਇਹ ਆਮ ਚਰਚਾ ਵੀ ਹੈ ਕਿ ਇਕ ਪਾਸੇ ਦੇਸ਼ ਦੀ ਆਜ਼ਾਦੀ ਲਈ ਲੋਕ ਸ਼ਹੀਦ ਹੋਏ ਅਤੇ ਹੁਣ ‘ਚਿੱਟੇ’ ਦੀ ਰੋਕਥਾਮ ਲਈ ਸ਼ਹੀਦ ਹੋ ਰਹੇ ਹਨ। ਭੂਤਰੇ ਹੋਏ ਨਸ਼ਾ ਤਸਕਰਾਂ ਨੇ ਤਾਂ ਬਹੁਤੀਆਂ ਥਾਵਾਂ ’ਤੇ ਪੁਲਿਸ ਵਾਲਿਆਂ ਨਾਲ ਮੁਕਾਬਲਾ ਕਰ ਕੇ ਕਈ ਪੁਲਿਸ ਕਰਮਚਾਰੀਆਂ ਨੂੰ ਬੰਦੀ ਵੀ ਬਣਾਇਆ। ਕਈ ਥਾਣਿਆਂ ’ਤੇ ਗਰਨੇਡਾਂ ਨਾਲ ਹਮਲੇ ਕੀਤੇ ਅਤੇ ਕਈ ਥਾਵਾਂ ’ਤੇ ਤਸਕਰਾਂ ਦੇ ਪੁਲਿਸ ’ਤੇ ਜਾਨਲੇਵਾ ਹਮਲੇ ਲੋਕਾਂ ਅਤੇ ਪੁਲਿਸ ਦਾ ਮਨੋਬਲ ਤੋੜਨ ਦੀ ਡੂੰਘੀ ਸਾਜ਼ਿਸ਼ ਭਾਸਦੀ ਹੈ।

ਰਾਹ ਜਾਂਦੀ ਔਰਤ ਦਾ ਪਰਸ ਖੋਹ ਲੈਣਾ, ਕੰਨਾਂ ਦੀਆਂ ਵਾਲੀਆਂ ਝਪਟ ਲੈਣੀਆਂ, ਦਿਨ-ਦਿਹਾੜੇ ਘਰਾਂ ਵਿਚ ਲੁੱਟ-ਖੋਹ, ਰੌਲਾ ਪਾਉਣ ’ਤੇ ਮੌਤ ਦੇ ਘਾਟ ਉਤਾਰ ਦੇਣਾ, ਏਟੀਐੱਮਜ਼ ਦੀ ਭੰਨਤੋੜ, ਬੈਂਕ ਡਕੈਤੀਆਂ, ਮਾਰ-ਧਾੜ ਕਾਰਨ ਸਮਾਜਿਕ ਸਥਿਤੀ ਵਿਚ ਤਣਾਅ ਅਤੇ ਅਸੰਤੁਲਨ ਵਧਦਾ ਹੈ। ਭਲਾ ਅਜਿਹੀ ਡਾਵਾਂਡੋਲ ਸਥਿਤੀ ਵਿਚ ਮਾਨਸਿਕ, ਸਰੀਰਕ, ਬੌਧਿਕ ਅਤੇ ਆਰਥਿਕ ਵਿਕਾਸ ਕੀ ਹੋਵੇਗਾ? ਬਠਿੰਡਾ ਵਿਚ ਇਕ ਅੱਠ ਸਾਲ ਦਾ ਬੱਚਾ ਨਸ਼ੇ ਦੀ ਹਾਲਤ ਵਿਚ ਮਿਲਿਆ। ਇਸ ਤਰ੍ਹਾਂ ਹੀ ਪਟਿਆਲਾ ਵਿਚ 10 ਸਾਲਾਂ ਦੇ ਨਸ਼ੇੜੀ ਮੁੰਡੇ ਨੂੰ ਮਾਪਿਆਂ ਨੇ ਸੰਗਲ ਲਾ ਕੇ ਰੱਖਿਆ ਹੋਇਆ ਸੀ। ਜਿੱਥੇ ਮਾਸੂਮ ਬਚਪਨ ਨਸ਼ਿਆਂ ਦੀ ਦਲਦਲ ਵਿਚ ਧਸ ਜਾਵੇ, ਜਵਾਨੀ ਨਸ਼ਿਆਂ ਦੇ ਵੱਸ ਪੈ ਕੇ ਨਸ਼ਿਆਂ ਦੀ ਪੂਰਤੀ ਲਈ ਹਿੰਸਕ ਵਾਰਦਾਤਾਂ ਕਰੇ, ਉਸ ਸੂਬੇ ਦਾ ਭਵਿੱਖ ਕੀ ਹੋਵੇਗਾ? ਨੈਸ਼ਨਲ ਕਰਾਈਮ ਰਿਕਾਰਡਜ਼ ਬਿਊਰੋ ਦੀ ਰਿਪੋਰਟ ਸਾਨੂੰ ਸਭ ਨੂੰ ਝੰਜੋੜਨ ਵਾਲੀ ਹੈ।



ਪਿਛਲੇ ਕੁਝ ਸਮੇਂ ਅੰਦਰ ਨਸ਼ੇ ਦੀ ਓਵਰਡੋਜ਼ ਨਾਲ ਮਰਨ ਵਾਲਿਆਂ ਦੀ ਗਿਣਤੀ ਵਿਚ ਤਿੰਨ ਗੁਣਾ ਵਾਧਾ ਹੋਇਆ ਹੈ। ਇਹ ਅੰਕੜਾ ਪੰਜਾਬ ਦੀ ਆਬਾਦੀ ਦਾ 2.21% ਹੈ ਪਰ ਨਸ਼ਿਆਂ ਕਾਰਨ ਮਰਨ ਵਾਲਿਆਂ ਦੀ ਗਿਣਤੀ ਸਮੁੱਚੇ ਭਾਰਤ ਦਾ 21% ਹੈ ਜੋ ਸਭ ਸੂਬਿਆਂ ਨਾਲੋਂ ਵੱਧ ਹੈ। ਗੁਪਤ ਰਿਪੋਰਟਾਂ ਤੋਂ ਪ੍ਰਗਟਾਵਾ ਹੋਇਆ ਹੈ ਕਿ ਨਸ਼ਾ ਤਸਕਰ ਹਵਾਲਾ ਮਨੀ (ਮਨੀ ਲਾਂਡਰਿੰਗ) ਰਾਹੀਂ ਹਰ ਰੋਜ਼ 2 ਕਰੋੜ ਰੁਪਏ ਨਸ਼ਾ ਖ਼ਰੀਦਣ ਲਈ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਦੇ ਤਸਕਰਾਂ ਨੂੰ ਭੇਜਦੇ ਹਨ। ਪੰਜਾਬ ਵਿਚ ਹੀ ਤਿਆਰ ਹੋ ਰਿਹਾ ਸਿੰਥੈਟਿਕ ਡਰੱਗਜ਼ ਇਸ ਤੋਂ ਵੱਖਰਾ ਹੈ।

ਦੁਖਾਂਤਕ ਪੱਖ ਇਹ ਵੀ ਹੈ ਕਿ ਤਸਕਰਾਂ ਨੇ ਸਰਹੱਦ ’ਤੇ ਨੌਜਵਾਨਾਂ, ਪੜ੍ਹੇ-ਲਿਖੇ ਬੇਰੁਜ਼ਗਾਰਾਂ, ਨਸ਼ੇੜੀਆਂ, ਸਕੂਲੀ ਵਿਦਿਆਰਥੀਆਂ ਅਤੇ ਬਹੁਤ ਸਾਰੇ ਹੋਰ ਲੋਕਾਂ ਦੀ ਇਕ ਫ਼ੌਜ ਖੜ੍ਹੀ ਕਰ ਲਈ ਹੈ ਜਿਸ ਨੂੰ ਨਸ਼ੇ ਦੀ ਸਪਲਾਈ ਲਈ ਵਰਤਿਆ ਜਾ ਰਿਹਾ ਹੈ। ਵੱਡੀ ਗਿਣਤੀ ਵਿਚ ਤਸਕਰਾਂ ਦੇ ਹੱਥੀਂ ਚੜ੍ਹੇ ਇਹ ਨੌਜਵਾਨ ਕਿਸੇ ਸਮੇਂ ਵੀ ਅਮਨ-ਕਾਨੂੰਨ ਦੀ ਸਥਿਤੀ ਲਈ ਖ਼ਤਰਾ ਪੈਦਾ ਕਰ ਸਕਦੇ ਹਨ। ਦੁਖਾਂਤਕ ਪੱਖ ਇਹ ਵੀ ਹੈ ਕਿ ਪੰਜਾਬ ਦੇ ਬਹੁਤ ਸਾਰੇ ਥਾਵਾਂ ’ਤੇ ਪੁਲਿਸ, ਜੇਲ੍ਹ ਅਧਿਕਾਰੀਆਂ, ਉੱਚ ਅਫ਼ਸਰਾਂ ਅਤੇ ਸਿਆਸਤਦਾਨਾਂ ਦੀ ਨਸ਼ਿਆਂ ਸਬੰਧੀ ਮਿਲੀਭੁਗਤ ਵੀ ਸਾਹਮਣੇ ਆਈ ਹੈ। ਇਹ ਸੱਚਾਈ ਹੈ ਕਿ ਜਦੋਂ ਦਰਬਾਨ ਦੀ ਅੱਖ ਚੋਰ ਨਾਲ ਮਿਲ ਜਾਵੇ, ਮਾਲੀ ਦਗਾਬਾਜ਼ ਹੋ ਜਾਣ, ਜਾਨ-ਮਾਲ ਦੀ ਰਾਖੀ ਕਰਨ ਵਾਲੇ ਵੀ ਹਤਿਆਰਿਆਂ ਨਾਲ ਮਿਲ ਜਾਣ, ਫਿਰ ਦੇਸ਼ ਜਾਂ ਪ੍ਰਾਂਤ ਦੀ ਖ਼ੁਸ਼ਹਾਲੀ ’ਤੇ ਪ੍ਰਸ਼ਨ ਚਿੰਨ੍ਹ ਲੱਗਣਾ ਹੀ ਹੈ। ਭਲਾ, ਜਦੋਂ ਥਾਣਿਆਂ ਵਿੱਚੋਂ ਗੈਂਗਸਟਰਾਂ ਦੀ ਇੰਟਰਵਿਊ ਹੋਵੇ, ਫਿਰ ਅਮਨ-ਕਾਨੂੰਨ ਦੀ ਸਥਿਤੀ ਤਾਂ ਡਾਵਾਂਡੋਲ ਹੋਵੇਗੀ ਹੀ।

ਪੰਜਾਬ ਦੇ ਡੀਜੀਪੀ ਨੇ ਹਾਈ ਕੋਰਟ ਵਿਚ ਹਲਫ਼ਨਾਮਾ ਦਾਖ਼ਲ ਕਰਦਿਆਂ ਕਿਹਾ ਕਿ ਲਾਰੈਂਸ ਬਿਸ਼ਨੋਈ ਦੀ ਖਰੜ ਥਾਣੇ ਵਿਚ ਇੰਟਰਵਿਊ ਤੋਂ ਬਾਅਦ ਪੰਜਾਬ ਦੀਆਂ ਜੇਲ੍ਹਾਂ ’ਚੋਂ ਧਮਕੀਆਂ ਅਤੇ ਫਿਰੌਤੀਆਂ ਮੰਗਣ ਦੇ ਕੇਸ ਵਧੇ ਹਨ ਅਤੇ ਇਹ ਸਿਲਸਿਲਾ ਲਗਾਤਾਰ ਜਾਰੀ ਹੈ। ਹਲਫ਼ਨਾਮੇ ਵਿਚ ਇਹ ਵੀ ਪ੍ਰਗਟਾਵਾ ਕੀਤਾ ਗਿਆ ਕਿ ਇੰਟਰਵਿਊ ਤੋਂ ਪਹਿਲਾਂ 9 ਮਹੀਨਿਆਂ ਵਿਚ ਧਮਕਾਉਣ, ਫਿਰੌਤੀਆਂ ਅਤੇ ਅਗਵਾ ਦੇ 300 ਕੇਸ ਸਾਹਮਣੇ ਆਏ ਸਨ।

ਇੰਟਰਵਿਊ ਤੋਂ ਅਗਲੇ 9 ਮਹੀਨਿਆਂ ਵਿਚ ਇਹ ਗਿਣਤੀ ਵਧ ਕੇ 324 ਹੋ ਗਈ। ਅਜਿਹੀਆਂ ਦਿਲ ਕੰਬਾਊ ਘਟਨਾਵਾਂ ਵਿਚ ਵਾਧੇ ਲਈ ਕਿਸ ਨੂੰ ਕਸੂਰਵਾਰ ਠਹਿਰਾਇਆ ਜਾਵੇ? ਸੁਖਾਂਤਕ ਪਹਿਲੂ ਇਹ ਹੈ ਕਿ ਹਾਈ ਕੋਰਟ ਅਮਨ-ਕਾਨੂੰਨ ਦੀ ਸਥਿਤੀ ਪ੍ਰਤੀ ਬਹੁਤ ਗੰਭੀਰ ਹੈ ਅਤੇ ਇਸ ਸਬੰਧੀ ਉਸ ਵੱਲੋਂ ਪੁਲਿਸ ਅਧਿਕਾਰੀਆਂ ਅਤੇ ਸਰਕਾਰ ਨੂੰ ਕਈ ਵਾਰ ਕਟਹਿਰੇ ਵਿਚ ਖੜ੍ਹਾ ਕਰ ਕੇ ਚੇਤਾਵਨੀਆਂ ਵੀ ਦਿੱਤੀਆਂ ਗਈਆਂ ਹਨ। ਸੁਪਰੀਮ ਕੋਰਟ ਨੇ ਪੁਲਿਸ ਦੇ ਬਰਖ਼ਾਸਤ ਏਆਈਜੀ ਦੀ ਅੰਤਰਿਮ ਜ਼ਮਾਨਤ ਰੱਦ ਕਰਦਿਆਂ ਜਸਟਿਸ ਬੀਆਰ ਗਵਈ ਅਤੇ ਪੀਕੇ ਮਿਸ਼ਰਾ ਦੀ ਸਖ਼ਤ ਟਿੱਪਣੀ ਪੁਲਿਸ ਵਿਭਾਗ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਵਾਲੀ ਹੈ, “ਨਸ਼ਾ ਤਸਕਰੀ ਵਿਚ ਪੁਲਿਸ ਦੀ ਮਿਲੀਭੁਗਤ ਸ਼ਰਮਨਾਕ ਕਾਰਾ ਹੈ।” ਇਸੇ ਤਰ੍ਹਾਂ ਹੀ ਜਸਟਿਸ ਮੰਜਰੀ ਨਹਿਰੂ ਕੌਲ ਅਤੇ ਜਸਟਿਸ ਸ਼ੇਖਾਵਤ ਦੀਆਂ ਸਖ਼ਤ ਟਿੱਪਣੀਆਂ ਵੀ ਸਰਕਾਰ ਤੇ ਪੁਲਿਸ ਵਿਭਾਗ ਨੂੰ ਝੰਜੋੜਨ ਵਾਲੀਆਂ ਹਨ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਡਰੱਗ ਤਸਕਰੀ ਨੂੰ ਕਿਸੇ ਦੀ ਹੱਤਿਆ ਕਰਨ ਨਾਲੋਂ ਵੀ ਵੱਡਾ ਅਪਰਾਧ ਮੰਨਿਆ ਹੈ। ਇਹ ਵੀ ਕਿਹਾ ਕਿ ਆਵਾਜ਼ ਚੁੱਕਣ ਵਾਲਿਆਂ ਨੂੰ ਵੀ ਕਈ ਵਾਰ ਜਾਨ ਤੋਂ ਹੱਥ ਧੋਣੇ ਪੈਂਦੇ ਹਨ। ਅਦਾਲਤ ਨੇ ਇਹ ਵੀ ਕਿਹਾ ਕਿ ਅੱਕੇ ਹੋਏ ਲੋਕ ਹੁਣ ਆਪਣਾ ਬਚਾਅ ਆਪ ਕਰ ਰਹੇ ਹਨ।

ਇਹ ਸੱਚਾਈ ਹੈ ਕਿ ਬਹੁਤ ਸਾਰੇ ਪਿੰਡਾਂ ਦੇ ਲੋਕ ਨਸ਼ਿਆਂ ਵਿਰੁੱਧ ਇਕ ਪਲੇਟਫਾਰਮ ’ਤੇ ਇਕੱਠੇ ਹੋਏ ਹਨ। ਨਸ਼ਾ ਵੇਚਣ ਵਾਲਿਆਂ ਦੀ ਰੋਕਥਾਮ ਲਈ ਪਹਿਰੇਦਾਰੀ ਵੀ ਸ਼ੁਰੂ ਕੀਤੀ ਹੈ ਪਰ ਉਨ੍ਹਾਂ ਦਾ ਸ਼ਿਕਵਾ ਹੈ ਕਿ ਪੁਲਿਸ ਵਾਲਿਆਂ ਵੱਲੋਂ ਉਨ੍ਹਾਂ ਨੂੰ ਇਸ ਸਬੰਧ ਵਿਚ ਪੂਰਾ ਸਹਿਯੋਗ ਨਹੀਂ ਮਿਲ ਰਿਹਾ। ਇੱਥੇ ਵਰਣਨਯੋਗ ਹੈ ਕਿ ਪੰਜਾਬ ਵਿਚ ਪੁਲਿਸ ਕਰਮਚਾਰੀਆਂ/ਅਧਿਕਾਰੀਆਂ ਦੀ ਗਿਣਤੀ ਅੰਦਾਜ਼ਨ 81000 ਹੈ। ਇਨ੍ਹਾਂ ਵਿੱਚੋਂ 73% ਵੀਆਈਪੀਜ਼ ਨਾਲ ਨਿਯੁਕਤ ਹਨ, 10% ਧਰਨਿਆਂ, ਮੁਜ਼ਾਹਰਿਆਂ ’ਤੇ ਡਿਊਟੀ ਦੇ ਰਹੇ ਹਨ।

ਬਾਰਾਂ ਪ੍ਰਤੀਸ਼ਤ ਟਰੈਫਿਕ ਕੰਟਰੋਲ ਵਿਚ ਲੱਗੇ ਹੋਏ ਹਨ ਅਤੇ ਬਾਕੀ ਅੰਦਾਜ਼ਨ 5% ਥਾਣਿਆਂ ਵਿਚ ਡਿਊਟੀ ਦੇ ਰਹੇ ਹਨ। ਰਾਤ-ਬਰਾਤੇ ਨਸ਼ਾ ਵੇਚਣ ਵਾਲੇ ਜਾਂ ਫਿਰ ਹੋਰ ਗੁਨਾਹ ਕਰਨ ਵਾਲੇ ਜਦੋਂ ਲੋਕਾਂ ਦੇ ਧੱਕੇ ਚੜ੍ਹਦੇ ਹਨ ਤਾਂ ਲੋਕ ਨੇੜੇ ਦੇ ਥਾਣੇ ਵਿਚ ਸਹਾਇਤਾ ਲਈ ਫੋਨ ਕਰਦੇ ਹਨ ਅਤੇ ਅੱਗਿਓਂ ਜਵਾਬ ਮਿਲਦਾ ਹੈ, “ਸਾਡੇ ਕੋਲ ਨਫ਼ਰੀ ਘੱਟ ਹੈ। ਇਸ ਵੇਲੇ ਆਉਣਾ ਮੁਸ਼ਕਲ ਹੈ।” ਇੰਜ ਨਸ਼ਿਆਂ ਅਤੇ ਜੁਰਮਾਂ ਵਿਰੁੱਧ ਲੋਕਾਂ ਦੀ ਪਹਿਲਕਦਮੀ, ਹੌਸਲੇ ਅਤੇ ਦ੍ਰਿੜ੍ਹ ਸੰਕਲਪ ਨੂੰ ਖੋਰਾ ਲੱਗਦਾ ਹੈ। ਥਾਮਸ ਜੈਫਰਸਨ ਨੇ ਲਿਖਿਆ ਹੈ, “ਜਦ ਕਿਸੇ ਵਿਅਕਤੀ ਨੂੰ ਜਨਤਾ ਦਾ ਸਮਰਥਨ ਮਿਲਦਾ ਹੈ ਤਾਂ ਉਸ ਨੂੰ ਆਮ ਜਨਤਾ ਦੀ ਅਮਾਨਤ ਸਮਝਣਾ ਚਾਹੀਦਾ ਹੈ।” ਪੰਜਾਬ ਦੇ ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਰਾਜਨੀਤਕ ਲੋਕਾਂ ਨੂੰ ਸੱਤਾ ਦੀ ਚਾਬੀ ਸੌਂਪਣ ਲੱਗਿਆਂ ਪੰਜਾਹ ਵਾਰ ਸੋਚਣ।

# ਅਧੂਰੀ ਸਫਲਤਾ
## ਪੂਰੀ ਸਫਲਤਾ

**ਲੇਖਕ : ਗੁਰਦੀਪ ਢੁੱਡੀ, ਸੰਪਰਕ: 95010-20731**

ਫਰਵਰੀ 2010 ਵਿੱਚ ਪ੍ਰਿੰਸੀਪਲ ਵਜੋਂ ਮੇਰੀ ਵਿਭਾਗੀ ਤਰੱਕੀ ਹੋਈ ਅਤੇ ਮੇਰੀ ਤਾਇਨਾਤੀ ਮੁਕਤਸਰ ਸ਼ਹਿਰ ਦੀ ਵੱਖੀ ਵਿੱਚ ਵਸੇ ਪਿੰਡ ਗੋਨਿਆਣਾ ਵਿੱਚ ਹੋਈ। ਬੜੇ ਲੰਮੇ ਸਮੇਂ ਬਾਅਦ ਹੋਈਆਂ ਤਰੱਕੀਆਂ ਕਾਰਨ ਸਕੂਲਾਂ ਦੇ ਲੈਕਚਰਾਰ ਵਰਗ ਨੇ ਇਸ ਨੂੰ ਜਸ਼ਨ ਵਾਂਗ ਮਨਾਇਆ। ਗੌਰਮਿੰਟ ਸਕੂਲ ਲੈਕਚਰਾਰ ਯੂਨੀਅਨ ਨੇ ਜ਼ਿਲ੍ਹਿਆਂ ਅਨੁਸਾਰ ਜਿੱਥੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਉੱਥੇ ਤਰੱਕੀ ਵਾਲੇ ਲੈਕਚਰਾਰਾਂ ਨੂੰ ਸਨਮਾਨਿਤ ਕਰਨ ਦਾ ਪ੍ਰੋਗਰਾਮ ਬਣਾਇਆ। ਇਸ ਤਰ੍ਹਾਂ ਦਾ ਪ੍ਰੋਗਰਾਮ ਸ੍ਰੀ ਮੁਕਤਸਰ ਜ਼ਿਲ੍ਹੇ ਵਿੱਚ ਵੀ ਕੀਤਾ ਗਿਆ। ਯੂਨੀਅਨ ਦੇ ਮੈਂਬਰਾਂ ਨੇ ਸੰਘਰਸ਼ ਦੌਰਾਨ ਸਾਥ ਦੇਣ ਵਾਲੇ ਮੈਂਬਰਾਂ ਦਾ ਧੰਨਵਾਦ ਕੀਤਾ, ਨਾਲ ਹੀ ਆਪਣੀ ਜਿੱਤ ਦਾ ਸਿਹਰਾ ਵੀ ਸਾਥੀ ਮੈਂਬਰਾਂ ਦੇ ਸਿਰ ਬੰਨ੍ਹਿਆ।

ਸਨਮਾਨ ਚਿੰਨ੍ਹ ਲੈਣ ਵੇਲੇ ਮੇਰੇ ਮਨ ਵਿੱਚ ਬੜੀ ਉਥਲ-ਪੁਥਲ ਚੱਲ ਰਹੀ ਸੀ। ਇਸ ਤੋਂ ਪਹਿਲਾਂ ਮੇਰੀ ਤਾਇਨਾਤੀ ਸਰਕਾਰੀ ਇਨ-ਸਰਵਿਸ ਟ੍ਰੇਨਿੰਗ ਸੈਂਟਰ ਫ਼ਰੀਦਕੋਟ ਵਿੱਚ ਸੀ। ਇਸ ਸੰਸਥਾ ਵਿੱਚ ਪਹਿਲਾਂ ਹੀ ਅਧਿਆਪਨ ਕਾਰਜ ਵਿੱਚ ਲੱਗੇ ਹੋਏ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ ਦੇ ਸੈਮੀਨਾਰ ਕੀਤੇ ਜਾਂਦੇ ਸਨ। ਇੱਥੇ ਪੁਰਾਣੇ ਫ਼ਰੀਦਕੋਟ ਜ਼ਿਲ੍ਹੇ ਅਤੇ ਹੁਣ ਦੇ ਫ਼ਰੀਦਕੋਟ, ਮੋਗਾ, ਮੁਕਤਸਰ ਜ਼ਿਲ੍ਹਿਆਂ ਦੇ ਸਕੂਲਾਂ ਦੇ ਅਧਿਆਪਕ ਆਉਂਦੇ ਸਨ। ਵਿਸ਼ਿਆਂ ਦੇ ਅਧਿਆਪਨ ਤੋਂ ਇਲਾਵਾ ਆਦਰਸ਼ਾਂ ਦੇ ਲੜ ਲੱਗਣ ਦੇ ਗਿਆਨ ਦਾ ਸੰਚਾਰ ਵੀ ਹੁੰਦਾ ਸੀ। ਆਪਣੀ ਸੰਸਥਾ ਵਿੱਚ ਮੈਂ ਇਸ ਦੀ ਲੋੜੋਂ ਵੱਧ ਵਰਤੋਂ ਕਰਦਾ ਸੀ। ਤਰੱਕੀ ਤੋਂ ਬਾਅਦ ਜਦੋਂ ਮੁੜ ਸਕੂਲ ਵਿੱਚ ਆ ਗਿਆ ਤਾਂ ਮਨ ਵਿੱਚ ਪਿਛਲੇ ਦਸਾਂ ਸਾਲਾਂ ਵਿੱਚ ਕੀਤੀਆਂ ਗੱਲਾਂ ਮੁੜ-ਮੁੜ ਆ ਹਲੂਣਦੀਆਂ ਸਨ। ਆਪਣੀਆਂ ਥਿਊਰੀਆਂ ਨੂੰ ਅਮਲੀ ਜਾਮਾ ਪਹਿਨਾਉਣਾ ਮੇਰੀ ਵੱਡੀ ਜ਼ਿੰਮੇਵਾਰੀ ਬਣਨ ਦਾ ਸੁਨੇਹਾ ਦਿੰਦੀ ਸੀ।

ਥੋੜ੍ਹਾ-ਥੋੜ੍ਹਾ ਸਮਾਂ ਪਿੰਡਾਂ ਦੇ ਛੋਟੇ-ਛੋਟੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਲਾਉਣ ਤੋਂ ਬਾਅਦ ਮੇਰੀ ਤਾਇਨਾਤੀ ਫ਼ਰੀਦਕੋਟ ਦੇ ਲੜਕੀਆਂ ਦੇ ਸੀਨੀਅਰ ਸੈਕੰਡਰੀ ਸਕੂਲ ਵਿੱਚ ਹੋ ਗਈ। ਗਿਣਤੀ ਅਨੁਸਾਰ ਇਹ




ਵੱਡਾ ਸਕੂਲ ਸੀ। ਸਕੂਲ ਵਿੱਚ ਕੁਝ ‘ਵੱਡੇ ਅਧਿਆਪਕ’ ਵੀ ਤਾਇਨਾਤ ਸਨ ਪਰ ਪਹਿਲੀਆਂ ਵਿੱਚ ਮੈਨੂੰ ਭੁਲੇਖੇ ਵਰਗਾ ਅਹਿਸਾਸ ਹੋਇਆ ਕਿ ਸਾਰੇ ਜਣੇ ਮੇਰੇ ਇਰਾਦਿਆਂ ਨਾਲ ਸਹਿਮਤ ਹਨ। ਸਕੂਲ ਵਿੱਚ ਵਿਦਿਅਕ ਮਾਹੌਲ ਬਣਾਉਣ ਵਿੱਚ ਮੈਂ ਆਪਣੀ ਸਾਰੀ ਤਾਕਤ ਝੋਕਣ ਵਾਲਿਆਂ ਵਾਂਗ ਕੀਤੀ। ਪੂਰੀ ਯੋਗਤਾ ਵਾਲਾ ਅਧਿਆਪਕਾਂ ਦਾ ਕਾਫ਼ਲਾ ਮੇਰੇ ਨਾਲ ਜਾਪਦਾ ਸੀ। ਅਧਿਆਪਕਾਂ ਵਿੱਚ ਵੱਡੀ ਗਿਣਤੀ ਵਿੱਚ ਔਰਤ ਅਧਿਆਪਕ ਸਨ ਅਤੇ ਵਿਦਿਆਰਥੀ ਵੀ ਲੜਕੀਆਂ ਸਨ। ਪਹਿਲਾਂ ਤੋਂ ਹੀ ਮੇਰਾ ਇਹ ਮੰਨਣਾ ਹੈ ਕਿ ਲੜਕਿਆਂ ਅਤੇ ਮਰਦਾਂ ਦੇ ਮੁਕਾਬਲੇ ਔਰਤਾਂ ਅਤੇ ਲੜਕੀਆਂ ਵਧੇਰੇ ਅਨੁਸ਼ਾਸਤ ਅਤੇ ਮਿਹਨਤੀ ਹੁੰਦੀਆਂ ਹਨ। ਇਸ ਕਰ ਕੇ ਇੱਥੇ ਮੇਰੇ ਸੁਫਨੇ ਸਾਕਾਰ ਹੋ ਸਕਦੇ ਹਨ। ਬਹੁਤ ਸਾਰੇ ਅਧਿਆਪਕਾਂ ਨੇ ਮੇਰੇ ਮੋਢੇ ਨਾਲ ਮੋਢਾ ਜੋੜ ਲਿਆ ਪਰ ਮੇਰੇ ਰਾਹ ਦੇ ਰੋੜਿਆਂ ਨੇ ਵੀ ਇਸੇ ਸਮੇਂ ਕਮਰ ਕੱਸ ਲਈ।

ਤਕਰੀਬਨ ਛੇ ਕੁ ਮਹੀਨਿਆਂ ਦੇ ਵਕਫ਼ੇ ਵਿੱਚ ਮੈਨੂੰ ਇਕ ਅਧਿਆਪਕ ਨਾਲ ਉਸੇ ਦੀ ਗੱਡੀ ਵਿੱਚ ਸਫ਼ਰ ਕਰਨ ਦਾ ਸਬੱਬ ਬਣਿਆ। ਉਸ ਨੇ ਥੋੜ੍ਹੀ ਸ਼ਰਾਬ ਵੀ ਪੀਤੀ ਹੋਈ ਸੀ ਅਤੇ ਇਸੇ ਵਿੱਚ ਹੀ ਉਸ ਨੇ ਮੈਨੂੰ ਇਹ ਸੁਣਾ ਦਿੱਤਾ ਕਿ ਉਹ ਵਿਸ਼ੇਸ਼ ਬੰਦਾ ਹੈ, ਇਸ ਕਰ ਕੇ ਉਸ ਨੂੰ ਕੰਮ ਕਹਿਣ ਵੇਲੇ ਮੈਨੂੰ ਸੌ ਵਾਰੀ ਸੋਚਣਾ ਚਾਹੀਦਾ ਹੈ। ਮੈਨੂੰ ਇਹ ਮਹਿਸੂਸ ਤਾਂ ਹੋਇਆ ਪਰ ਮੈਂ ਇਸ ਨੂੰ ਇੰਨਾ ਕੁ ਹੀ ਦਿਲ ’ਤੇ ਲਾਇਆ ਕਿ ਉਸ ਨੂੰ ਬਹੁਤ ਸਾਰੇ ਕੰਮਾਂ ਵਿੱਚ ਨਕਾਰਦਿਆਂ ਬਾਕੀ ਦਾ ਆਪਣਾ ਸਫ਼ਰ ਬੇਰੋਕ ਜਾਰੀ ਰੱਖਿਆ।

ਦੋ ਕੁ ਸਾਲ ਦੇ ਵਕਫ਼ੇ ਬਾਅਦ ਵੱਡਾ ਧਮਾਕਾ ਹੋਇਆ। ਸਕੂਲ ਦੇ ਕਲਰਕ ਮਨਜੀਤ ਕੌਰ ਦਫ਼ਤਰੀ ਕੰਮ ਲਈ ਜ਼ਿਲ੍ਹਾ ਸਿੱਖਿਆ ਦਫ਼ਤਰ ਗਏ। ਵਾਪਸ ਆ ਕੇ ਉਨ੍ਹਾਂ ਦੇ ਚਿਹਰੇ ਦੀ ਰੰਗਤ ਅੰਤਾਂ ਦੀ ਪਿਲੱਤਣ ਵਾਲੀ ਸੀ। ਉਹ ਬੇਹੱਦ ਫ਼ਿਕਰਮੰਦ ਸਨ ਅਤੇ ਆਪਣਾ ਸਮਾਨ ਰੱਖ ਕੇ ਉਹ ਮੇਰੇ ਕੋਲ ਆਏ ਅਤੇ ਮੈਨੂੰ ਦਫ਼ਤਰ ਦੇ ਅੰਦਰ ਚੱਲਣ ਵਾਸਤੇ ਕਿਹਾ- “ਸਰ, ਕਿਸੇ ਨੇ ਤੁਹਾਡੀ ਸ਼ਿਕਾਇਤ ਕੀਤੀ ਹੈ। ਇਸ ਵਿੱਚ ਬੜਾ ਕੁਝ ਊਲ-ਜਲੂਲ ਲਿਖਿਆ ਹੈ। ਕਰੈਕਟਰ ਵੀ ਉਛਾਲਿਆ ਹੈ।” ਉਸ ਸ਼ਿਕਾਇਤ ਦੀ ਫੋਟੋ ਕਾਪੀ ਉਨ੍ਹਾਂ ਮੈਨੂੰ ਪੜ੍ਹਨ ਨੂੰ ਦਿੱਤੀ। ਇਕ ਵਾਰੀ ਤਾਂ ਮੇਰੇ ਵੀ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਜਾਪੀ ਪਰ ਹੌਲੀ-ਹੌਲੀ ਮੈਂ ਸੰਭਲ ਗਿਆ। ਜਦੋਂ ਇਸ ਸ਼ਿਕਾਇਤ ਨੂੰ ਸਹਿਜ ਭਾਅ ਦੇਖਿਆ ਤਾਂ ਇਹ ਗੁਮਨਾਮ ਸ਼ਿਕਾਇਤ ਸੀ ਅਤੇ ਇਸ ਉੱਤੇ ਜੋ ਪਤਾ ਦਿੱਤਾ ਗਿਆ ਸੀ, ਪੜਤਾਲ ਕਰਨ ’ਤੇ ਪਤਾ ਲੱਗਿਆ ਕਿ ਸ਼ਿਕਾਇਤ ਜਾਅਲੀ ਸੀ। ਇਸ ਤੋਂ ਬਾਅਦ ਸ਼ਿਕਾਇਤਾਂ ਦੀ ਝੜੀ ਲੱਗ ਗਈ। ਇਨ੍ਹਾਂ ਸਾਰੀਆਂ ਸ਼ਿਕਾਇਤਾਂ ਦਾ ਇਕ ਅਸਰ ਜ਼ਰੂਰ ਹੋਇਆ ਕਿ ਸਕੂਲ ਦੀ ਪ੍ਰਗਤੀ ਵਿੱਚ ਉਹ ਰਫ਼ਤਾਰ ਮੱਧਮ ਹੋ ਗਈ ਜਿਹੜੀ ਮੈਂ ਫੜੀ ਹੋਈ ਸੀ ਪਰ ਇਹ ਸ਼ਿਕਾਇਤਾਂ ਦਫ਼ਤਰੀ ਫਾਈਲਾਂ ਦਾ ਸ਼ਿੰਗਾਰ ਬਣਦੀਆਂ ਗਈਆਂ। ਹੁਣ ਜਦੋਂ ਮੈਨੂੰ ਸੇਵਾ ਮੁਕਤ ਹੋਏ ਨੂੰ ਕਰੀਬ ਅੱਠ ਸਾਲ ਬੀਤ ਚੁੱਕੇ ਹਨ ਤਾਂ ਜਦੋਂ ਸ਼ਿਕਾਇਤਾਂ ਕਰਨ ਵਾਲਿਆਂ ਦੁਆਰਾ ਆਪ ਤਰੱਕੀ ਕਰ ਕੇ ਮੇਰੇ ਵਾਲੇ ਪ੍ਰਬੰਧਕੀ ਫਾਰਮੂਲੇ ਵਰਤਣ ਦਾ ਪਤਾ ਲੱਗਿਆ ਤਾਂ ਮੈਨੂੰ ਆਪਣੀ ਅਧੂਰੀ ਸਫਲਤਾ ਵੀ ਪੂਰੀ ਵਰਗੀ ਜਾਪਦੀ ਹੈ।

# ਇਤਿਹਾਸ ਸਾਨੂੰ ਮੁਆਫ਼ ਨਹੀਂ ਕਰੇਗਾ

ਲੇਖਕ : ਵਿਜੈ ਬੰਬੇਲੀ
ਸੰਪਰਕ: 94634-39075



"ਅਸੀਂ ਜਾ ਰਹੇ ਹਾਂ, ਹੁਣ ਸਾਡੀਆਂ ਖ਼ਬਰਾਂ ਤੁਹਾਨੂੰ ਪਰੇਸ਼ਾਨ ਨਹੀਂ ਕਰਨਗੀਆਂ।" ਇਹ ਲਾਈਨ ਉਸ ਨੋਟ ਵਿੱਚੋਂ ਹੈ, ਜਿਹੜੀ ਗਾਜ਼ਾ (ਫ਼ਲਸਤੀਨ) ਦੀ ਇਕ ਬਾਲੜੀ ਨੇ ਦੁਨੀਆ ਨੂੰ ਵੰਗਾਰਦਿਆਂ ਲਿਖੀ ਕਿਉਂਕਿ ਉਸ ਨੂੰ ਪਤਾ ਕਿ ਇੰਨੇ ਵੱਡੇ ਅਤੇ ਲਗਾਤਾਰ ਹੋ ਰਹੇ ਕਤਲੇਆਮ 'ਤੇ ਵੀ ਅਸੀਂ-ਤੁਸੀਂ, ਸਾਰੇ ਚੁੱਪ ਸਾਂ/ਹਾਂ। ਹਾਂ, ਉਸ ਵਿਚਾਰੀ ਨੂੰ ਖ਼ੁਦ ਵੀ ਨਹੀਂ ਸੀ ਪਤਾ ਕਿ ਕਦ ਉਸ ਦੀ ਵਾਰੀ ਆ ਜਾਵੇ ਤੇ ਉਹ ਚੁੱਪ-ਗੜੁੱਪ ਇਸ ਦੁਨੀਆ ਨੂੰ ਸਦੀਵੀ ਅਲਵਿਦਾ ਆਖ ਜਾਵੇ। ਸੰਭਾਵੀ ਪਰ ਅਣਿਆਈ ਮੌਤ ਤੋਂ ਪਹਿਲਾਂ ਲਿਖਿਆ ਉਸ ਦਾ ਨੋਟ ਸਾਨੂੰ ਸਾਰਿਆਂ ਨੂੰ ਬਹੁਤ ਕੁਝ ਕਹਿ ਰਿਹਾ ਹੈ।

ਰਮਜ਼ਾਨ ਖ਼ਤਮ ਹੋਣ ਤੋਂ ਪਹਿਲਾਂ ਹੀ ਇਜ਼ਰਾਈਲ ਇੱਕ ਵਾਰ ਫਿਰ ਬੇਕਿਰਕ ਤਬਾਹੀ ਲਿਆਇਆ। ਅਠਾਰਾਂ ਹਜ਼ਾਰ ਤੋਂ ਵੀ ਵੱਧ ਨਿਰਦੋਸ਼ ਬੱਚੇ ਮਾਰੇ ਗਏ, ਉਹ ਵੀ ਜਿਹੜੇ ਅਜੇ ਆਪਣੀਆਂ ਮਾਵਾਂ ਦੀਆਂ ਗੋਦੀਆਂ ਵਿਚ ਸਨ। ਪੰਜਾਹ ਹਜ਼ਾਰ ਤੋਂ ਕਿਤੇ ਵੱਧ ਆਮ ਲੋਕ, ਦਾਨਿਸ਼ਵਰ ਅਤੇ ਮੀਡੀਆ ਕਾਮਿਆਂ ਦੀਆਂ ਮੌਤਾਂ ਵੀ ਦਿਲ ਦਹਿਲਾ ਦੇਣ ਵਾਲੀਆਂ ਸਨ/ਹਨ ਪਰ ਅਸੀਂ ਕੂਏ ਤੱਕ ਨਹੀਂ।

"ਉਫ! ਸੱਭਿਅਕ ਸਮਾਜ ਦੀ ਸਿਰਜਣਾ ਤਾਂ ਦੂਰ ਦੀ ਗੱਲ, ਅਸੀਂ ਖਰਾ ਮਨੁੱਖ ਵੀ ਨਹੀਂ ਬਣ ਸਕੇ।" ਇਹ ਹੈ ਉਹ ਗੱਲ ਜਿਹੜੀ ਨੇਕ ਦਿਲ ਇਨਸਾਨ ਅਤੇ ਜੰਗੀ ਪੱਤਰਕਾਰ ਨੀਲੋਤਪਾਲ ਉਜੈਨ ਨੇ ਕਹੀ ਜਦ ਉਸ ਨੇ ਸਹਿਕ ਰਹੀ ਉਸ ਕੁੜੀ ਦਾ ਨੋਟ ਉਸ ਦੇ ਧੁਆਂਖੇ ਬੋਝੇ ਵਿੱਚੋਂ ਕੱਢ ਕੇ ਪੜ੍ਹਿਆ। ਸ਼ਾਇਦ ਉਹ ਕੁੜੀ ਜਾਂਦੇ ਵਕਤ ਇਹ ਨਿਹੋਰਾ ਮਾਰ ਰਹੀ ਹੋਵੇ ਕਿ ਇੰਨੀ ਵੱਡੀ ਨਿਹੱਕ ਤ੍ਰਾਸਦੀ ਉੱਤੇ ਵੀ ਦੁਨੀਆ ਚੁੱਪ ਹੈ। ਆਖ਼ਿਰ ਕਿਉਂ?

ਉਂਝ ਤਾਂ ਆਪਣੇ ਮੁਲਕ ਦੀਆਂ ਵੀ ਕਈ ਕਰੂਰ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ ਪਰ ਸਿਰਫ਼ ਦੋ ਸਾਂਝੀਆਂ ਕਰਾਂਗਾ; ਪਹਿਲੀ- ਅਸ਼ੋਕਾ ਤੇ ਦਿੱਲੀ ਯੂਨੀਵਰਸਿਟੀ ਦੀ ਅਤੇ ਦੂਜੀ- ਕਾਂਚਾ ਗਾਚੀਬੋਵਲੀ ਜੰਗਲ, ਹੈਦਰਾਬਾਦ (ਤਿਲੰਗਾਨਾ) ਦੀ ਹੈ।

ਅਸ਼ੋਕਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਰਹੇ ਭਾਨੂੰ ਮਹਿਤਾ ਨੂੰ ਕੇਂਦਰੀ ਹਾਕਮਾਂ ਨੇ ਅਸਤੀਫਾ ਦੇਣ ਲਈ ਇਸ ਕਰ ਕੇ ਮਜ਼ਬੂਰ ਕਰ ਦਿੱਤਾ ਕਿਉਂਕਿ ਉਨ੍ਹਾਂ ਵਲੋਂ ਅਖ਼ਬਾਰਾਂ ਵਿੱਚ ਲਿਖੇ ਕੁਝ ਆਲੋਚਨਾਤਮਿਕ ਲੇਖ, ਜਿਹੜੇ ਲੋਕਾਂ ਅਤੇ ਮੁਲਕ ਦੇ ਪੱਖ ਵਿਚ ਲਿਖੇ ਗਏ ਸਨ, ਹਾਕਮਾਂ ਨੂੰ ਰਾਸ ਨਹੀਂ ਸੀ ਆਏ। ਇਹੀ ਨਹੀਂ, ਇਸੇ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਸਬਿਆਸਾਚੀ ਦਾਸ ਦੇ ਖੋਜ ਪੱਤਰ 'ਦੁਨੀਆ ਦੀ ਸਭ ਤੋਂ ਵੱਡੀ 'ਜਮਹੂਰੀਅਤ' ਵਿਚ ਜਮਹੂਰੀ ਪਤਨ' ਜਿਸ ਰਾਹੀਂ ਇਹ ਵੀ ਸਿੱਧ ਹੁੰਦਾ ਸੀ ਕਿ ਹੁਕਮਰਾਨ ਪਾਰਟੀ ਨੇ ਚੋਣਾਂ ਵਿਚ ਕਿੱਥੇ-ਕਿੱਥੇ ਧੋਖਾਧੜੀ ਕੀਤੀ ਸੀ, ਹਾਕਮਾਂ ਨੂੰ ਇਹ ਵੀ ਨਾਗਵਾਰ ਜਾਪਿਆ ਤੇ ਉਸ ਲੋਕ ਪੱਖੀ ਪ੍ਰੋਫੈਸਰ ਨੂੰ ਵੀ ਅਸਤੀਫਾ ਦੇਣ ਲਈ ਮਜਬੂਰ ਕਰ ਦਿੱਤਾ ਗਿਆ। ਯੂਨੀਵਰਸਿਟੀਆਂ, ਜਿਨ੍ਹਾਂ ਨੂੰ ਵਿਚਾਰ ਪ੍ਰਗਟਾਉਣ ਅਤੇ ਸਿਆਸਤ ਬਾਰੇ ਖੁੱਲ੍ਹ ਕੇ ਲਿਖਣ ਤੇ ਬੋਲਣ ਦੀ ਸੰਵਿਧਾਨਕ ਆਗਿਆ ਹੈ, ਦੇ ਪ੍ਰਬੰਧਕ ਹਾਕਮਾਂ ਮੂਹਰੇ ਲਿਫੇ ਹੀ ਨਹੀਂ, ਡੰਡੌਤ ਬੰਦਨਾ ਵੀ ਕਰਨ ਲੱਗ ਪਏ। ਹੁਣ ਬਹੁਤੇ ਵਾਈਸ ਚਾਂਸਲਰ ਹਾਕਮਾਂ ਦੇ ਆਪਣੇ ਹਨ। ਹਾਲ ਹੀ ਵਿਚ ਦਿੱਲੀ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਦਾ ਮੁਖੀ ਸੀਨੀਆਰਤਾ ਦੇ ਹਿਸਾਬ ਨਾਲ ਪ੍ਰੋਫੈਸਰ ਅਪੂਰਵਾਨੰਦ ਨੇ ਬਣਨਾ ਸੀ, ਪਰ ਨਹੀਂ ਬਣਾਇਆ ਗਿਆ। ਕਾਰਨ? ਕਿਉਂਕਿ ਪ੍ਰੋਫੈਸਰ ਅਪੂਰਵਾਨੰਦ ਆਮ ਲੋਕਾਂ ਤੇ ਘੱਟ ਗਿਣਤੀਆਂ ਦੇ ਸੰਵਿਧਾਨਕ ਹੱਕਾਂ ਦੇ ਸੰਘਰਸ਼ਾਂ ਵਿਚ ਵੀ ਮੂਹਰੇ ਹਨ ਅਤੇ ਵਿਦਿਅਕ ਅਦਾਰਿਆਂ ਦੀ ਖ਼ੁਦਮੁਖ਼ਤਾਰੀ ਦੇ ਵੀ ਝੰਡਾਬਰਦਾਰ ਹਨ ਪਰ ਕੀ ਇਨ੍ਹਾਂ ਧੱਕਿਆਂ ਖ਼ਿਲਾਫ਼ ਅਸੀਂ ਜਾਂ ਸਾਡੇ ਬੁੱਧੀਜੀਵੀ ਬੋਲੇ?... ਥੋੜ੍ਹਿਆਂ ਨੂੰ ਛੱਡ ਕੇ ਕੋਈ ਵੀ ਨਹੀਂ।

ਕੇਂਦਰ ਸਰਕਾਰ, ਜਿਹੜੀ 'ਸਭ ਕਾ ਸਾਥ, ਸਭ ਕਾ ਵਿਕਾਸ' ਦੀ ਢੰਡੋਰਾ ਪਿੱਟਣ ਤੋਂ ਨਹੀਂ ਅੱਕਦੀ-ਥੱਕਦੀ, ਦੇ ਏਜੰਡੇ ਵਿਚ 'ਜੰਗਲ ਅਤੇ ਜੰਗਲੀ ਜਨੌਰ' ਭਾਵ ਕੁਦਰਤਵਾਦ ਤਾਂ ਬਿਲਕੁਲ ਹੀ ਨਹੀਂ। ਇਹ 'ਜੰਗਲਾਂ' ਦੇ ਮੂਲ ਨਿਵਾਸੀਆਂ ਅਤੇ ਕੁਦਰਤੀ ਮਾਲਕ ਆਦਿਵਾਸੀਆਂ ਤੋਂ ਜਲ, ਜੰਗਲ ਅਤੇ ਜ਼ਮੀਨ (ਪਹਾੜ) ਹੀ ਨਹੀਂ ਖੋਂਹਦੀ, ਸਗੋਂ ਧੜਵੈਲ ਧਨ ਕੁਬੇਰਾਂ ਦੇ ਹਿੱਤਾਂ ਲਈ ਵਿਰੋਧ ਕਰਨ ਵਾਲਿਆਂ ਨੂੰ ਨਕਸਲੀ ਗਰਦਾਨ ਦਿੰਦੀ ਹੈ। ਇਸ ਬਾਬਤ ਬਸਤਰ ਦੀ ਉਦਾਹਰਨ ਦਿੱਤੀ ਜਾ ਸਕਦੀ ਹੈ। ਹਾਲ ਹੀ ਦੇ ਉੱਤਰਾਖੰਡ ਅਤੇ ਗੋਆ ਦੇ 'ਜੰਗਲ ਹਾਊਸਜ਼' ਅਤੇ ਅੰਬਾਨੀ ਦਾ ਜਾਮਨਗਰ/ਗੁਜਰਾਤ ਦਾ 'ਜੰਗਲੀ ਚਿੜੀਆਘਰ' ਜੰਗਲਾਂ ਅਤੇ ਕੁਦਰਤੀ ਨਿਆਂ ਦੀਆਂ ਘੋਰ ਉਲੰਘਣਾ ਦੀਆਂ ਠੋਸ ਮਿਸਾਲਾਂ ਹਨ ਪਰ ਕੀ ਸਿਰਫ ਕੇਂਦਰ ਸਰਕਾਰ ਹੀ ਸਾਡੀ ਸਾਹ-ਰਗ ਅਤੇ ਜਲ-ਰਗ, ਭਾਵ, ਜੰਗਲ ਉਜਾੜਦੀ ਹੈ? ਨਹੀਂ... ਇਸ ਮਾਮਲੇ ਵਿੱਚ ਰਾਜ ਸਰਕਾਰਾਂ ਵੀ ਅਪਵਾਦ ਨਹੀਂ। ਤਿਲੰਗਾਨਾ ਸਟੇਟ ਦੇ ਕਾਂਚਾ ਗਾਚੀਬੋਵਲੀ ਦੇ ਵਿਸ਼ਾਲ ਜੰਗਲ, ਜਿਹੜਾ ਹੈਦਰਾਬਾਦ ਦੀ ਸਾਹ-ਰਗ ਹੈ, ਦਾ ਬੇਕਿਰਕ ਉਜਾੜਾ ਇਸ ਦੀ ਮੂੰਹ ਬੋਲਦੀ ਉਦਾਹਰਨ ਹੈ।

ਆਓ ਹੁਣ ਫਿਰ ਫ਼ਲਸਤੀਨ ਵੱਲ ਪਰਤੀਏ।

ਫ਼ਲਸਤੀਨ 'ਤੇ ਟੁੱਟ ਰਹੇ ਕਹਿਰ 'ਤੇ ਹਰ ਸੰਜੀਦਾ ਸ਼ਖ਼ਸ ਸ਼ਰਮਿੰਦਾ ਹੈ। ਜੇ ਕੋਈ ਧਾੜਵੀਆਂ ਖ਼ਿਲਾਫ਼ ਮੈਦਾਨ-ਏ-ਜੰਗ ਅੰਦਰ ਜਾ ਕੇ ਲੜ ਨਹੀਂ ਸਕਦਾ ਤਾਂ ਘੱਟੋ-ਘੱਟ, ਜਿਥੇ ਵੀ ਹੈ ਜਾਂ ਕਿਸੇ ਵੀ ਸਥਿਤੀ 'ਚ ਹੈ, ਇਸ ਜਬਰ ਤੇ ਜ਼ੁਲਮ ਵਿਰੁੱਧ ਬਾਂਹ ਤਾਂ ਉਛਾਲ ਸਕਦਾ ਹੈ, ਆਵਾਜ਼ ਤਾਂ ਉਠਾ ਸਕਦਾ ਹੈ। ਇਜ਼ਰਾਈਲ ਆਪਣੇ ਆਕਾਵਾਂ, ਆਪਣੇ ਧਨ ਕੁਬੇਰਾਂ ਦੀ ਸ਼ਹਿ 'ਤੇ ਗਾਜ਼ਾ ਦਾ ਖੁਰਾ-ਖੋਜ ਮਿਟਾਉਣ ਅਤੇ ਫ਼ਲਸਤੀਨੀਆਂ ਦੀ ਨਸਲ ਖ਼ਤਮ ਕਰਨ 'ਤੇ ਤੁਲਿਆ ਹੋਇਆ ਹੈ ਅਤੇ ਅਸੀਂ ਤੁਸੀਂ ਤੇ ਦੁਨੀਆ ਭਰ ਦੇ ਨਿਜ਼ਾਮ ਚੁੱਪ ਧਾਰੀ ਬੈਠੇ ਹਨ।... ਇਤਿਹਾਸ ਸਾਨੂੰ ਮੁਆਫ਼ ਨਹੀਂ ਕਰੇਗਾ।

ਚੇਤੇ ਰੱਖੋ, ਇਤਿਹਾਸ ਸਿਰਫ਼ ਤਾਰੀਖ਼ਾਂ ਅਤੇ ਘਟਨਾਵਾਂ ਦੀ ਲੜੀ ਨਹੀਂ ਹੁੰਦਾ, ਇਤਿਹਾਸ ਇਨਸਾਨੀ ਜ਼ਮੀਰ ਦਾ ਸ਼ੀਸ਼ਾ ਵੀ ਹੁੰਦਾ ਹੈ। ਉਹ ਸਵਾਲ ਪੁੱਛਦਾ ਹੈ, ਟੋਂਹਦਾ ਹੈ ਅਤੇ ਲਲਕਾਰਦਾ ਹੈ। ਆਉਣ ਵਾਲੇ ਸਮੇਂ ਵਿਚ ਜਦੋਂ ਗਾਜ਼ਾ ਦੀ ਰਾਖ ਵਿੱਚੋਂ ਫ਼ਲਸਤੀਨੀ ਬੱਚੇ ਕੁਕਨਸ ਬਣ ਮੁੜ ਉਡਾਰੀ ਭਰਨਗੇ, ਜਦ ਕਿਸੇ ਮਾਂ ਦੇ ਦੀਦੇ ਆਪਣੇ ਮੋਏ ਬੱਚੇ ਦੀ ਤਸਵੀਰ ਤੱਕ ਕੇ ਹੁਬਕੀ ਰੋਣਗੇ, ਤਦ ਇਤਿਹਾਸ ਚੀਕ-ਚੀਕ ਕੇ ਪੁੱਛੇਗਾ- ਜਦੋਂ ਫ਼ਲਸਤੀਨ ਦੀ ਧਰਤੀ ਉੱਤੇ ਮੌਤ ਨੱਚ ਰਹੀ ਸੀ, ਤਦ ਤੁਸੀਂ ਕਿੱਥੇ ਸੀ ਅਤੇ ਚੁੱਪ ਕਿਉਂ ਸੀ?

ਜਦੋਂ ਕਦੇ ਵੀ ਇਤਿਹਾਸ ਦੀ ਅਦਾਲਤ ਲੱਗੇਗੀ ਅਤੇ ਗਵਾਹੀ ਵਿਚ ਫ਼ਲਸਤੀਨ ਦੇ ਥੇਹ ਕੀਤੇ ਘਰ ਅਤੇ ਸਿਸਕਦੀਆਂ ਜ਼ਿੰਦਗੀਆਂ ਪੇਸ਼ ਹੋਣਗੀਆਂ, ਜਦ ਕਦੇ ਵੀ ਇਤਿਹਾਸ ਦੀ ਅਦਾਲਤ ਵਿਚ ਕਾਂਚਾ ਗਾਚੀਬੋਵਲੀ ਦੇ ਜੰਗਲ ਦੇ ਜਨੌਰਾਂ ਦੀ ਮਿੱਝ ਅਤੇ ਛਤੀਸਗੜ੍ਹ/ਬਸਤਰ ਦੇ ਆਦਿਵਾਸੀਆਂ ਦਾ ਧਾਰਾਲ ਵਗਦਾ ਲਹੂ ਪੇਸ਼ ਹੋਵੇਗਾ, ਤਦ ਵਿਸ਼ਾਲ ਸਵਾਲ ਫਿਜ਼ਾ 'ਚ ਗੂੰਜੇਗਾ- 'ਤੁਸੀਂ ਵੀ ਉਨ੍ਹਾਂ ਵਿਚੋਂ ਹੀ ਹੋ, ਜਿਹੜੇ ਇਸ ਘੋਰ ਜ਼ੁਲਮ ਵੇਲੇ ਖਾਮੋਸ਼ ਰਹੇ।'

---

# ਕਿਰਤ ਦਾ ਕਤਲ

ਲੇਖਕ: ਸੁਖਜੀਤ ਸਿੰਘ ਵਿਰਕ
ਸੰਪਰਕ: 98158-97878

ਡੀਐੱਸਪੀ ਸ੍ਰੀ ਚਮਕੌਰ ਸਾਹਿਬ ਵਜੋਂ ਨਵੀਂ ਤਾਇਨਾਤੀ 'ਤੇ ਆਇਆਂ ਅਜੇ ਕੁਝ ਹੀ ਦਿਨ ਹੋਏ ਸਨ, ਹਰ ਰੋਜ਼ ਦਫ਼ਤਰ ਆਉਂਦਾ ਜਾਂਦਾ ਦੇਖਦਾ... ਸ਼ਹਿਰ ਦੇ ਬਾਹਰ ਝੁੱਗੀਆਂ ਪਾ ਕੇ ਬੈਠੇ ਸਿਕਲੀਗਰ ਵਣਜਾਰੇ... ਅਣਖੀ ਰਾਜਪੂਤ ... ਲੋਹਾ ਕੁੱਟ ਕੇ ਖੇਤੀ ਦੇ ਵੱਖ-ਵੱਖ ਔਜ਼ਾਰ ਦਾਤੀਆਂ, ਖੁਰਪੇ, ਤੱਕਲੇ, ਖੁਰਚਣੇ, ਬੱਠਲ ਆਦਿ ਬਣਾਉਣੇ, ਮੁਰੰਮਤ ਕਰਨੀ, ਨਾਲ-ਨਾਲ ਬਲਦਾਂ ਦਾ ਵਪਾਰ ਇਨ੍ਹਾਂ ਦਾ ਪੁਸ਼ਤੈਨੀ ਕਿੱਤਾ ਹੈ ਜੋ ਬਚਪਨ ਤੋਂ ਦੇਖ ਰਿਹਾ ਹਾਂ... ਪਰ ਅੱਜ ਕੱਲ੍ਹ ਇਨ੍ਹਾਂ ਦੀਆਂ ਝੁੱਗੀਆਂ ਵਿੱਚੋਂ ਲੋਹਾ ਕੁੱਟਣ ਦੀ ਆਵਾਜ਼ ਕਿਉਂ ਗਾਇਬ ਹੈ, ਭੱਠੀਆਂ ਠੰਢੀਆਂ ਅਤੇ ਹਥੌੜੇ ਛੈਣੀਆਂ ਬੇ-ਹਰਕਤ ਕਿਉਂ ਹਨ? ਇਨ੍ਹਾਂ ਦਾ ਹੱਥੀਂ ਬਣਾਇਆ ਸਮਾਨ ਪਿੰਡਾਂ ਵਿੱਚ ਜਾ ਕੇ ਵੇਚਣ ਵਾਲਾ ਹੋਕਾ ਕਿਉਂ ਗਾਇਬ ਹੈ?

ਇਨ੍ਹਾਂ ਕਿਆਸਾਂ ਵਿੱਚੋਂ ਉੱਤਰ ਤਲਾਸ਼ਦਾ ਹੋਇਆ ਅਕਸਰ ਹੀ ਆਪਣੇ ਦਫ਼ਤਰੀ ਕੰਮ ਵਿੱਚ ਮਸਰੂਫ ਹੋ ਜਾਂਦਾ। ਇੱਕ ਦਿਨ ਦਫ਼ਤਰ ਪਹੁੰਚਿਆ ਹੀ ਸਾਂ ਕਿ ਖਿੜਕੀ ਵਿੱਚੋਂ ਬਾਹਰ ਨਜ਼ਰ ਪਈ... ਗੱਡੀਆਂ ਵਾਲੀਆਂ ਵਣਜਾਰਨਾਂ ਨੂੰ ਮੇਰਾ ਰੀਡਰ ਘੂਰ ਕੇ ਮੋੜਦਾ ਹੋਇਆ ਕਹਿ ਰਿਹਾ ਸੀ- "ਸਾਬ੍ਹ ਨਵਾਂ ਆਇਐ, ਐਵੇਂ ਜ਼ਿਦ ਨਾ ਕਰੋ... ਤੁਸੀਂ ਮੁੜ-ਮੁੜ ਕੇ ਆ ਜਾਂਦੀਆਂ ਹੋ...।" "ਵੇ ਤੂੰ ਮਿਲ ਲੈਣ ਦੇ ਸਾਨੂੰ ਸਰਦਾਰ ਨੂੰ... ਨਵਾਂ ਆਇਆ ਤਾਂ ਕੀ ਹੋਇਆ, ਅਸਾਂ ਤੇ ਫਰਿਆਦ ਈ ਕਰਨੀ... ।" ਉਹ ਤਰਲੇ ਲੈ ਰਹੀਆਂ ਸਨ। ਮੈਂ ਹੈਰਾਨ ਹੋਇਆ ਅਤੇ ਬੇਚੈਨ ਵੀ ਕਿ ਰੀਡਰ ਕਿਉਂ ਮਿਲਣ ਤੋਂ ਰੋਕ ਰਿਹੈ। ਪੁੱਛਿਆ ਤਾਂ ਕਹਿਣ ਲੱਗਾ, "ਅੰਦਰ ਬੁਲਾ ਲੈਂਦਾ ਹਾਂ, ਤੁਸੀਂ ਆਪ ਹੀ ਸੁਣ ਲਵੋ... ਇਹ ਤਾਂ ਹਰ ਤੀਜੇ ਦਿਨ ਆ ਜਾਂਦੀਆਂ।"

"ਹਾਂ ਬੀਬਾ ਜੀ, ਤੁਸੀਂ ਤਾਂ ਬੜੇ ਹੁਨਰਮੰਦ ਕਿਰਤੀ ਲੋਕ ਹੋ, ਕੀ ਸਮੱਸਿਆ ਹੈ?" ਮੈਂ ਸਹਿਜ ਸੁਭਾਅ ਪੁੱਛਿਆ ਤਾਂ ਉਹ ਫਿੱਸ ਪਈਆਂ, "ਵੇ ਸਰਦਾਰਾ, ਅਸਾਡੀ ਤੇ ਜ਼ਿੰਦਗੀ ਹੀ ਅਸਾਡੀ ਸਮੱਸਿਆ ਏ... ਹੁਣ ਕਿਹੜਾ ਹੁਨਰ ਤੇ ਕਾਹਦੀ ਕਿਰਤ... ਬਲਦ ਬੇਲੋੜੇ ਕਰ ਦਿੱਤੇ ਮਸ਼ੀਨਰੀ ਨੇ ਤੇ ਹੁਨਰ ਹੱਥਾਂ ਦਾ ਖੋਹ ਲਿਆ ਪਲਾਸਟਿਕ ਨੇ... ਕੋਈ ਨ੍ਹੀਂ ਕੁਝ ਬਣਵਾਂਵਦਾ ਹੁਣ ਅਸਾਡੇ ਕੋਲੋਂ... ਕੁਝ ਬਣਾਂਵਦੇ ਵੀ ਆਂ ਤਾਂ ਮਿਹਨਤ ਘਣੀ ਲੱਗਦੀ ਤੇ ਮੁੱਲ ਕੋਈ ਪਾਂਵਦਾ ਨਾਂਹੀ... ਨਾ ਕੋਈ ਸਾਡਾ ਘਰ-ਘਾਟ, ਨਾ ਸਰਕਾਰੀ ਸਹੂਲਤ... ਅਸਾਂ ਤਾਂ ਹੁਣ ਤੇਰੇ ਵਰਗੇ ਲੋਕਾਂ ਤੋਂ ਮੰਗ ਖਾਂਵਦੇ ਆਂ... ਤੂੰ ਕੁਝ ਸੌਦਾ ਪੱਤਾ ਲੈ ਦੇ ਰੋਟੀ ਬਣਾਵਣੇ ਲਈ।"



ਹੋਰ ਬੜਾ ਕੁਝ ਕਹਿੰਦੀਆਂ ਪੱਲਾ ਅੱਡ ਕੇ ਖੜੋਤੀਆਂ ਅਣਖੀ ਕੌਮ ਦੀਆਂ ਸਮੇਂ ਹੱਥੋਂ ਲਾਚਾਰ ਔਰਤਾਂ ਇੱਕੋ ਸਾਹੇ ਆਪਣੀ ਜ਼ਿੰਦਗੀ ਦਾ ਪਹਾੜ ਜਿੱਡਾ ਦਰਦ ਬੋਲ ਗਈਆਂ ਸਨ... ਮੈਂ ਅਵਾਕ, ਝੰਜੋੜਿਆ ਗਿਆ ਸਾਂ। ਵਿਕਾਸ ਦੀ ਹਨੇਰੀ ਅੱਗੇ ਤੀਲ੍ਹਾ-ਤੀਲ੍ਹਾ ਹੋ ਕੇ ਤਿਲ-ਤਿਲ ਮਰ ਰਿਹਾ ਹੁਨਰ ਮਜਬੂਰੀ ਵੱਸ ਅਣਖ ਗੈਰਤ ਤਿਆਗ ਕੇ ਭੀਖ ਮੰਗ ਰਿਹਾ ਸੀ। ਇਨ੍ਹਾਂ ਦੀਆਂ ਠੰਢੀਆਂ ਪਈਆਂ ਭੱਠੀਆਂ ਅਤੇ ਖ਼ਾਮੋਸ਼ ਹੋ ਚੁੱਕੇ ਔਜ਼ਾਰਾਂ ਦੀਆਂ ਦਰਦਮਈ ਚੀਕਾਂ ਮੇਰੇ ਕੰਨਾਂ ਵਿੱਚ ਗੂੰਜ ਰਹੀਆਂ ਸਨ। ਚੁਫੇਰੇ ਨਜ਼ਰ ਮਾਰਦਾ ਹੋਇਆ ਪ੍ਰੇਸ਼ਾਨ ਸਾਂ। ਇੰਝ ਜਾਪਿਆ ਜਿਵੇਂ ਉਹ ਮੇਰੇ ਕੋਲੋਂ ਭੀਖ ਨਹੀਂ ਸਗੋਂ ਆਪਣੀ ਕਿਰਤ ਦੇ ਕਤਲ ਦੀ ਕਾਰਵਾਈ ਦੀ ਮੰਗ ਕਰ ਰਹੀਆਂ ਸਨ... ਅਜਿਹੇ ਕਤਲ ਦੀ ਕਾਰਵਾਈ... ਜੋ ਅਸੀਂ ਸਹਿਜੇ ਹੀ ਅਣਗੌਲਿਆ ਕਰ ਰਹੇ ਹਾਂ।...

---

# ਬਿਮਾਰੀ, ਦਵਾਈ ਅਤੇ ਸਾਵਧਾਨੀਆਂ

ਲੇਖਕ : ਵਿਜੈ ਗਰਗ

ਦੇਸੀ ਦਵਾਈਆਂ ਦੇ ਨਾਮ 'ਤੇ ਹੋ ਰਹੇ ਘੁਟਾਲਿਆਂ ਦੀਆਂ ਖ਼ਬਰਾਂ ਆਉਂਦੀਆਂ ਹਨ, ਪਰ ਸਾਡੇ ਕੋਲ ਵਟਸਐਪ ਕੋਲ ਇਸ ਬਾਰੇ ਜ਼ਿਆਦਾ ਸੋਚਣ ਲਈ ਸਮਾਂ ਨਹੀਂ ਹੈ। ਦੇਸੀ ਤੋਂ ਮੇਰਾ ਮਤਲਬ ਆਯੁਰਵੈਦਿਕ ਨਹੀਂ ਹੈ, ਇਹ ਇੱਕ ਮਹੱਤਵਪੂਰਨ ਭਾਰਤੀ ਦਵਾਈ ਪ੍ਰਣਾਲੀ ਹੈ। ਪਰ ਕੁਝ ਸਵਾਰਥੀ ਤੱਤ ਦੇਸੀ ਦੇ ਨਾਮ 'ਤੇ ਅਜਿਹੀਆਂ ਅਜੀਬ ਚੀਜ਼ਾਂ ਵੇਚਦੇ ਰਹਿੰਦੇ ਹਨ, ਜੋ ਕੋਈ ਲਾਭ ਦੇਣ ਦੀ ਬਜਾਏ, ਨੁਕਸਾਨ ਜ਼ਰੂਰ ਪਹੁੰਚਾਉਂਦੀਆਂ ਹਨ। ਤੀਹ-ਚਾਲੀ ਸਾਲ ਪਹਿਲਾਂ, ਅਸੀਂ ਸੁਣਦੇ ਸੀ ਕਿ ਗੋਡਿਆਂ ਦੇ ਦਰਦ ਦਾ ਗਾਰੰਟੀਸ਼ੁਦਾ ਇਲਾਜ ਦੇਣ ਦਾ ਦਾਅਵਾ ਕਰਨ ਵਾਲੇ ਉਦੋਂ ਬੇਨਕਾਬ ਹੋ ਜਾਂਦੇ ਸਨ ਜਦੋਂ ਇਹ ਪਤਾ ਲੱਗਦਾ ਸੀ ਕਿ ਇਸ ਵਿੱਚ ਸਟੀਰੌਇਡ ਨਾਮਕ ਦਵਾਈ ਮਿਲਾਈ ਗਈ ਹੈ। ਇਹ ਸਿਰਫ਼ ਇੱਕ ਉਦਾਹਰਣ ਹੈ, ਪਰ ਕੋਈ ਨਹੀਂ ਕਹਿ ਸਕਦਾ ਕਿ ਇਸ ਤਰ੍ਹਾਂ ਹੋਰ ਕੀ ਹੋ ਰਿਹਾ ਹੈ ਅਤੇ ਕਿੱਥੇ ਹੋਰ ਹੋ ਰਿਹਾ ਹੈ।

ਅੱਜ, ਬਹੁਤ ਸਮੇਂ ਬਾਅਦ, ਮੈਨੂੰ ਸਟੀਰੌਇਡ ਦੀ ਇਹ ਗੱਲ ਯਾਦ ਆਈ ਕਿਉਂਕਿ ਸਾਡੇ ਇੱਕ ਸਾਥੀ ਡਾਕਟਰ ਨੇ ਇੱਕ ਅਖ਼ਬਾਰ ਦੀ ਕਲਿੱਪਿੰਗ ਸਾਂਝੀ ਕੀਤੀ ਸੀ, ਜਿਸਨੂੰ ਪੜ੍ਹਨ ਤੋਂ ਬਾਅਦ ਕੋਈ ਵੀ ਹੈਰਾਨ ਹੋ ਸਕਦਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸ਼ੂਗਰ ਲਈ ਵੇਚੀਆਂ ਜਾ ਰਹੀਆਂ ਦੇਸੀ



ਦਵਾਈਆਂ ਵਿੱਚ ਐਲੋਪੈਥਿਕ ਸ਼ੂਗਰ ਦੀਆਂ ਦਵਾਈਆਂ ਨਾਲੋਂ ਦਸ ਗੁਣਾ ਜ਼ਿਆਦਾ ਮਾਤਰਾ ਹੁੰਦੀ ਹੈ। ਇਸ ਘੁਟਾਲੇ ਦਾ ਪਰਦਾਫਾਸ਼ ਉਦੋਂ ਹੋਇਆ ਜਦੋਂ ਇੱਕ ਵੀਆਈਪੀ ਨੂੰ ਅਜਿਹੀ ਦਵਾਈ ਲੈਂਦੇ ਹੋਏ ਪਾਇਆ ਗਿਆ। ਸਿਰਫ਼ ਤਿੰਨ ਦਿਨਾਂ ਬਾਅਦ, ਉਸਦਾ ਬਲੱਡ ਸ਼ੂਗਰ ਲੈਵਲ ਇੰਨਾ ਕੰਟਰੋਲ ਵਿੱਚ ਸੀ ਕਿ ਉਸਨੂੰ ਹੁਣ ਇਨਸੁਲਿਨ ਲੈਣ ਦੀ ਲੋੜ ਨਹੀਂ ਰਹੀ। ਉਸਨੇ ਆਯੁਰਵੈਦਿਕ ਮਾਹਿਰਾਂ ਨਾਲ ਗੱਲ ਕੀਤੀ। ਉਹ ਵੀ ਇਸ ਚਮਤਕਾਰ ਤੇ ਹੈਰਾਨ ਰਹਿ ਗਏ। ਉਸਨੇ ਦਵਾਈ ਦੀ ਜਾਂਚ ਕਰਨ ਦੀ ਸਲਾਹ ਦਿੱਤੀ।

ਫਿਰ ਮਾਮਲਾ ਸਾਹਮਣੇ ਆਇਆ। ਸੋਚਣ ਵਾਲੀ ਗੱਲ ਇਹ ਹੈ ਕਿ ਐਲੋਪੈਥਿਕ ਡਾਕਟਰ ਅਜਿਹੀਆਂ ਦਵਾਈਆਂ ਲਿਖਦੇ ਸਮੇਂ ਬਹੁਤ ਸਾਰੇ ਹਿਸਾਬ-ਕਿਤਾਬ ਕਰਦੇ ਹਨ। ਉਹ ਮਰੀਜ਼ ਦੀ ਉਮਰ, ਭਾਰ ਅਤੇ ਹੋਰ ਸਬੰਧਤ ਮਾਪਦੰਡਾਂ ਦੀ ਜਾਂਚ ਕਰਨ ਤੋਂ ਬਾਅਦ ਸ਼ੂਗਰ ਦੀ ਦਵਾਈ ਦੀ ਖੁਰਾਕ ਦਾ ਫੈਸਲਾ ਕਰਦੇ ਹਨ, ਪਰ ਦੇਖੋ ਕਿ ਦੇਸੀ ਦਵਾਈ ਦੇ ਨਾਮ 'ਤੇ ਉਨ੍ਹਾਂ ਨੂੰ ਦਸ ਗੁਣਾ ਖੁਰਾਕ ਕਿਵੇਂ ਦਿੱਤੀ ਜਾ ਰਹੀ ਸੀ।

ਇਹ ਮਾਮਲਾ ਸਾਹਮਣੇ ਆ ਗਿਆ ਹੈ, ਕੌਣ ਜਾਣਦਾ ਹੈ ਕਿ ਇਹ ਕਿੰਨੀਆਂ ਥਾਵਾਂ 'ਤੇ ਹੋ ਰਿਹਾ ਹੋਵੇਗਾ। ਤੁਹਾਡੇ ਖ਼ਿਆਲ ਵਿੱਚ ਉਨ੍ਹਾਂ ਨੂੰ ਕੀ ਸਜ਼ਾ ਮਿਲਣੀ ਚਾਹੀਦੀ ਹੈ? 1974 ਵਿੱਚ ਰਿਲੀਜ਼ ਹੋਈ ਫਿਲਮ 'ਰੋਟੀ' ਦਾ ਇੱਕ ਗੀਤ ਸੀ। ਉਸਦਾ ਗੀਤ 'ਯੇ ਜੋ ਪਬਲਿਕ ਹੈ, ਸਭ ਜਾਉਂਤੀ ਹੈ' ਰੋਮਾਂਚ ਕਰਦਾ ਸੀ। ਪਰ ਅੱਜ, ਪੰਜਾਹ ਸਾਲਾਂ ਬਾਅਦ, ਅਜਿਹਾ ਲੱਗਦਾ ਹੈ ਕਿ ਜਨਤਾ ਕੁਝ ਨਹੀਂ ਜਾਣਦੀ; ਵੱਡੀਆਂ ਸ਼ਕਤੀਆਂ, ਰਾਜਨੀਤਿਕ, ਵਪਾਰਕ ਅਤੇ ਧਾਰਮਿਕ, ਜਨਤਾ ਨੂੰ ਕਿਵੇਂ ਵਰਤਣਾ ਹੈ, ਇਸ ਬਾਰੇ ਸਭ ਕੁਝ ਜਾਣਦੀਆਂ ਹਨ। ਹੋਰ ਕੁਝ ਨਹੀਂ, ਬਸ ਆਰਾਮ ਨਾਲ ਗਾਣਾ ਸੁਣੋ। ਚੌਕਸ ਰਹੋ।

**ਸੇਵਾਮੁਕਤ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਵੀਸ਼ ਮਲੋਟ ਪੰਜਾਬ**



# ਸਿੱਲੀਆਂ ਅੱਖਾਂ ’ਚ ਤੈਰਦੇ ਸਵਾਲ...

ਲੇਖਕ : ਸੁਖਜੀਤ ਕੌਰ,
ਸੰਪਰਕ: 94787-57567

ਜੰਮੂ ਕਸ਼ਮੀਰ ਦੇ ਪਹਿਲਗਾਮ ’ਚ ਹੋਏ ਦਹਿਸ਼ਤੀ ਹਮਲੇ ਪਿੱਛੋਂ ਮਨ ’ਤੇ ਅਜੀਬ ਜਿਹੀ ਉਦਾਸੀ ਭਾਰੀ ਹੋ ਗਈ, ਇਉਂ ਲੱਗ ਰਿਹਾ ਸੀ, ਜਿਵੇਂ ਹਉਕਿਆਂ ਅਤੇ ਹੰਝੂਆਂ ਨੇ ਫਿਜ਼ਾ ਸੋਗਮਈ ਕਰ ਦਿੱਤੀ ਹੋਵੇ। ਖ਼ੁਸ਼ੀਆਂ ਦੇ ਪਲ ਮਾਣਨ ਵਾਸਤੇ ਖ਼ੂਬਸੂਰਤ ਵਾਦੀਆਂ ’ਚ ਜਾਣ ਵਾਲੇ ਪਲਾਂ ਵਿੱਚ ਹੀ ਮਿੱਟੀ ਦੇ ਢੇਰ ਹੋ ਗਏ ਅਤੇ ਜੋ ਬਚ ਗਏ ਉਹ ਬੇਜਾਨ ਬੁੱਤ ਹੋ ਗਏ। ਟੀ.ਵੀ. ਚੈਨਲਾਂ ਅਤੇ ਸੋਸ਼ਲ ਮੀਡੀਆ ’ਤੇ ਵਾਰ-ਵਾਰ ਇਸ ਹਮਲੇ ਸਬੰਧੀ ਵੀਡੀਓ ਦਿਖਾਏ ਜਾ ਰਹੇ ਸਨ, ਜਿਨ੍ਹਾਂ ਨੇ ਉਦਾਸੀ ਦੇ ਤੰਦ ਹੋਰ ਲੰਮੇ ਕਰ ਦਿੱਤੇ। ਆਪਣੇ ਨੇਵੀ ਅਫਸਰ ਪਤੀ ਦੀ ਲਾਸ਼ ਕੋਲ ਬੈਠੀ ਮੁਟਿਆਰ ਦਾ ਵਿਰਲਾਪ ਝੱਲਿਆ ਨਹੀਂ ਸੀ ਜਾ ਰਿਹਾ। ਕੁਝ ਹੀ ਦਿਨਾਂ ’ਚ ਉਸ ਦੀ ਦੁਨੀਆ ਵੱਸ ਕੇ ਉੱਜੜ ਗਈ। ਉਨ੍ਹਾਂ ਦੇ ਵਿਆਹ ਨੂੰ ਹਾਲੇ ਹਫ਼ਤਾ ਵੀ ਨਹੀਂ ਸੀ ਹੋਇਆ ਕਿ ਇਹ ਭਾਣਾ ਵਾਪਰ ਗਿਆ। ਉਸ ਦੇ ਚੂੜੇ ਦਾ ਰੰਗ ਵੀ ਨਹੀਂ ਸੀ ਬਦਲਿਆ ਕਿ ਉਸ ਦੀ ਦੁਨੀਆ ਹਨੇਰੀ ਹੋ ਗਈ। ਵਿਆਹ ਤੋਂ ਬਾਅਦ ਚੰਗੀਆਂ ਯਾਦਾਂ ਨੂੰ ਸਮੇਟਦੇ ਹੋਏ ਇਸ ਜੋੜੇ ਦੀਆਂ ਖ਼ੁਸ਼ੀਆਂ ਦਹਿਸ਼ਤਗਰਦਾਂ ਨੇ ਪਲਾਂ ’ਚ ਢੇਰ ਕਰ ਦਿੱਤੀਆਂ। ਮੇਰਾ ਨਿੱਤ ਦੇ ਘਰੇਲੂ ਰੁਝੇਵਿਆਂ ਵੱਲ ਵੀ ਧਿਆਨ ਨਹੀਂ ਸੀ ਲੱਗ ਰਿਹਾ। ਦਫ਼ਤਰੋਂ ਛੁੱਟੀ ਹੋਣ ਦੇ ਬਾਵਜੂਦ ਘਰ ਦਾ ਕੰਮ ਖਿੱਲਰਿਆ ਪਿਆ ਸੀ। ਰਹਿ-ਰਹਿ ਕੇ ਉਹੀ ਦ੍ਰਿਸ਼ ਅੱਖਾਂ ਅੱਗੇ ਆ ਰਹੇ ਸਨ। ਪਲਾਂ ਛਿਣਾਂ ’ਚ ਹੀ ਕਈ ਹੱਸਦੇ-ਵੱਸਦੇ ਪਰਿਵਾਰ ਉੱਜੜ ਗਏ ਸਨ। ਵਾਦੀਆਂ ਦੇ ਨਜ਼ਾਰਿਆਂ ’ਚ ਖ਼ੂਬਸੂਰਤ ਯਾਦਾਂ ਸਮੇਟਣ ਲਈ ਗਏ ਲੋਕ ਉਮਰ ਭਰ ਦੇ ਰੋਣੇ ਲੈ ਕੇ ਆ ਗਏ ਹਨ ਤੇ ਪਲਾਂ ’ਚ ਹੀ ਆਪਣਿਆਂ ਨੂੰ ਗੁਆ ਕੇ ਪਰਤੇ ਲੋਕਾਂ ਦਾ ਦੁੱਖ ਬਿਆਨ ਨਹੀਂ ਹੋ ਸਕਦਾ। ਬੱਚਿਆਂ ਨੂੰ ਸਕੂਲ ਭੇਜਣ ਅਤੇ ਪਤੀ ਦੇ ਦਫ਼ਤਰ ਜਾਣ ਤੋਂ ਬਾਅਦ ਮੇਰਾ ਜੇਰਾ ਨਹੀਂ ਸੀ ਪਿਆ ਕਿ ਮੈਂ ਕੋਈ ਨਿਊਜ਼ ਚੈਨਲ ਲਗਾ ਸਕਾਂ ਜਾਂ ਸੋਸ਼ਲ ਮੀਡੀਆ ਵੇਖ ਸਕਾਂ ਕਿਉਂਕਿ ਹਰ ਪਾਸੇ ਪਹਿਲਗਾਮ ’ਚ ਵਾਪਰੇ ਹਮਲੇ ਨੇ ਦਹਿਸ਼ਤ ਫੈਲਾਈ ਹੋਈ ਸੀ। ਮਨ ’ਚ ਕਈ ਸਵਾਲ ਉੱਠ ਰਹੇ ਸਨ ਕਿ ਆਖ਼ਰ ਕਿਉਂ ਲੋਕ ਆਪਣੇ ਹੀ ਦੇਸ਼ ’ਚ ਸੁਰੱਖਿਅਤ ਨਹੀਂ? ਕੁਝ ਸਕਿੰਟਾਂ ਦੀ ਕਾਰਵਾਈ ਨੇ ਕਿਵੇਂ ਇੱਕ ਸਜ ਵਿਆਹੀ ਨੂੰ ਵਿਧਵਾ ਬਣਾ ਦਿੱਤਾ ਅਤੇ ਉਸ ਦੀ ਦੁਨੀਆ ਉਜਾੜ ਦਿੱਤੀ। ਇਹ ਬੇਵਸੀ ਤੇ ਦੁੱਖ ਦਾ ਸਿਖਰ ਸੀ ਕਿ ਆਪਣੇ ਪਤੀ ਅਤੇ ਪੁੱਤਰ ਦੇ ਮਾਰੇ ਜਾਣ ਪਿੱਛੋਂ ਇੱਕ ਪੀੜਤਾ ਹੱਥ ਜੋੜ ਜੋੜ ਕੇ ਮੌਤ ਲਈ ਫਰਿਆਦ ਕਰ ਰਹੀ ਸੀ। ਉਸ ਦੀ ਦੁਨੀਆ ਹਨੇਰੀ ਹੋ ਗਈ ਸੀ ਤੇ ਉਸ ਵਿੱਚ ਜਿਊਣ ਦੀ ਕੋਈ ਇੱਛਾ ਨਹੀਂ ਸੀ। ਇਉਂ ਲੱਗਦਾ ਸੀ ਜਿਵੇਂ ਮੌਤ ਦੇ ਖ਼ੌਫ਼ ਅੱਗੇ ਜ਼ਿੰਦਗੀ ਨੇ ਹਾਰ ਮੰਨ ਲਈ ਹੋਵੇ। ਮਨ ਇੰਨਾ ਪ੍ਰੇਸ਼ਾਨ ਸੀ ਕਿ ਹੌਸਲਾ ਹੀ ਨਹੀਂ ਪਿਆ ਕਿ ਹੋਰ ਵੀਡੀਓਜ਼ ਵੇਖ ਸਕਾਂ। ਮੇਰਾ ਇਹ ਹੌਸਲਾ ਵੀ ਨਹੀਂ ਪਿਆ ਕਿ ਅੱਜ ਆਪਣੀ ਮਾਤਾ ਨਾਲ ਫੋਨ ’ਤੇ ਗੱਲ ਕਰ ਸਕਾਂ, ਕਿਉਂਕਿ ਪੁੱਤਰ ਅਤੇ ਜਵਾਈ ਦੇ ਫ਼ੌਜ ’ਚ ਹੋਣ ਕਾਰਨ ਉਹ ਅਜਿਹੀਆਂ ਘਟਨਾਵਾਂ ਨਾਲ ਛੇਤੀ ਪ੍ਰੇਸ਼ਾਨ ਹੋ ਜਾਂਦੇ ਹਨ। ਮੈਨੂੰ ਸਮਝ ਨਾ ਆਵੇ ਕਿ ਮੈਂ ਧਿਆਨ ਕਿੱਧਰ ਲਾਵਾਂ? ਮੈਂ ਆਪਣੀ ਭੂਆ ਦੀ ਨੂੰਹ ਨੂੰ ਫੋਨ ਕੀਤਾ ਤੇ ਇਧਰ-ਉੱਧਰ ਦੀਆਂ ਗੱਲਾਂ ਸ਼ੁਰੂ ਕੀਤੀਆਂ। ਉਸ ਨੂੰ ਕਦੇ ਮੈਂ ਤੂੜੀ-ਤੰਦ ਸਾਂਭਣ ਬਾਰੇ ਪੁੱਛਾਂ ਤੇ ਹੋਰ ਘਰ ਦੀ ਸੁੱਖ-ਸਾਂਦ ਬਾਰੇ ਪੁੱਛਣ ਲੱਗੀ ਪਰ ਉਸ ਦੇ ਸਵਾਲ ਤੇ ਜਵਾਬ ਪਹਿਲਾਗਾਮ ’ਚ ਹੋਈਆਂ ਮੌਤਾਂ ਦੇ ਦੁਆਲੇ ਹੀ ਘੁੰਮ ਰਹੇ ਸਨ। ਮੈਂ ਜ਼ਿਆਦਾ ਦੇਰ ਗੱਲ ਨਾ ਕਰ ਸਕੀ। ਕਾਫ਼ੀ ਸਮਾਂ ਸੋਸ਼ਲ ਮੀਡੀਆ ਦੀ ਵਧੀ ਪਹੁੰਚ ਕਾਰਨ ਪੈਣ ਵਾਲੇ ਪ੍ਰਭਾਵਾਂ ਬਾਰੇ ਸੋਚਦੀ ਰਹੀ। ਏਨੇ ਨੂੰ ਆਪਣੀ ਨਨਾਣ ਜਿਸਦਾ ਪਤੀ ਸੀਆਰਪੀਐਫ ’ਚ ਹੈ, ਉਸ ਦਾ ਬੀਤੀ ਰਾਤ ਆਇਆ ਸੁਨੇਹਾ ਪੜ੍ਹਿਆ। ਮੈਂ ਤੇ ਭੈਣ ਜੀ ਅਕਸਰ ਇੱਕ ਦੂਜੇ ਨੂੰ ਮਜ਼ਾਕ ਕਰਦੇ ਰਹਿੰਦੇ ਹਾਂ। ਅੱਜ ਮੈਂ ਜਦੋਂ ਫੋਨ ਕੀਤਾ ਤਾਂ ਦੂਜੇ ਪਾਸਿਓਂ ਬੜੀ ਸੁਸਤ ਜਿਹੀ ਆਵਾਜ਼ ਆਈ। ਦੂਜੀ ਵਾਰ ਹੈਲੋ ਕਿਹਾ ਤਾਂ ਮੇਰੀ ਨਨਾਣ ਤਾਂ ਰੋਣ ਲੱਗ ਪਈ। ਮੈਂ ਇਕਦਮ ਉੱਠ ਕੇ ਬੈਠ ਗਈ ਤੇ ਬੜੀ ਚਿੰਤਾ ’ਚ ਪੁੱਛਿਆ ਕਿ ਕੀ ਹੋਇਆ ਹੈ? ਤਾਂ ਉਸ ਨੇ ਨਿਊਜ਼ ਚੈਨਲ ’ਤੇ ਕਰਨਾਲ ਦੇ ਨੇਵੀ ਅਫਸਰ ਦੀ ਦੇਹ ਪੁੱਜਣ ਦੀ ਖ਼ਬਰ ਬਾਰੇ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਵੱਲੋਂ ਕੀਤੇ ਜਾ ਰਹੇ ਵਿਰਲਾਪ ਦੀ ਦੇਖੀ ਖ਼ਬਰ ਬਾਰੇ ਦੱਸਿਆ ਤੇ ਹੋਰ ਉੱਚੀ-ਉੱਚੀ ਰੋਣ ਲੱਗ ਪਈ। ਮੇਰੇ ਕੋਲ ਕੋਈ ਜਵਾਬ ਨਹੀਂ ਸੀ। ਏਨੇ ਨੂੰ ਡੋਰ ਬੈੱਲ ਵੱਜੀ ਤੇ ਮੈਂ ਦਰਵਾਜ਼ਾ ਖੋਲ੍ਹਿਆ ਮੇਰੇ ਪਤੀ ਦਫ਼ਤਰੋਂ ਪਰਤੇ ਸਨ। ਉਨ੍ਹਾਂ ਵੀ ਕੱਪੜੇ ਬਦਲ ਕੇ ਰੋਜ਼ ਦੀ ਤਰ੍ਹਾਂ ਆਉਂਦੇ ਸਾਰ ਨਿਊਜ਼ ਚੈਨਲ ਲਗਾ ਲਿਆ। ਹਮਲੇ ਦੇ ਉਹ ਦ੍ਰਿਸ਼ ਫਿਰ ਅੱਖਾਂ ਸਾਹਮਣੇ ਆ ਗਏ ਤੇ ਮੇਰੇ ਸਬਰ ਦਾ ਬੰਨ੍ਹ ਟੁੱਟ ਗਿਆ ਤੇ ਅੱਖਾਂ ’ਚੋਂ ਹੰਝੂ ਵਹਿਣ ਲੱਗੇ। ਪੂਰੇ ਦਿਨ ’ਚ ਸਮੇਟ ਕੇ ਰੱਖੀਆਂ ਭਾਵਨਾਵਾਂ ਬੇਕਾਬੂ ਹੋ ਗਈਆਂ ਤੇ ਮੈਂ ਰੋਣ ਲੱਗੀ। ਮੈਨੂੰ ਰੋਂਦੀ ਨੂੰ ਦੇਖ ਮੇਰੀ ਗਿਆਰਾਂ ਸਾਲ ਦੀ ਧੀ ਨੇ ਪੁੱਛਿਆ ਕਿ ਮੰਮਾ ਕੀ ਹੋਇਆ? ਮੈਂ ਉਸ ਨੂੰ ਹਾਦਸੇ ਦੇ ਸੰਖੇਪ ਵੇਰਵਾ ਦਿੱਤਾ ਤੇ ਉਸ ਦੀਆਂ ਵੀ ਅੱਖਾਂ ਨਮ ਹੋ ਗਈਆਂ।



# ਪਹਿਲਗਾਮ ਹਮਲਾ

## ਸੁਰੱਖਿਆ ਤੰਤਰ ਦੀਆਂ ਖ਼ਾਮੀਆਂ

ਲੇਖਕ : ਸੀ. ਉਦੈ ਭਾਸਕਰ

ਇੱਕ ਦੁਰਲੱਭ ਜਿਹੀ ਪਰ ਸਵਾਗਤਯੋਗ ਘਟਨਾ ਦੇ ਰੂਪ ਵਿੱਚ, ਪਹਿਲਗਾਮ ਦਹਿਸ਼ਤਗਰਦ ਹਮਲੇ ਤੋਂ ਦੋ ਦਿਨਾਂ ਬਾਅਦ ਕੇਂਦਰ ਸਰਕਾਰ ਨੇ ਇੱਕ ਗੁਪਤ ਸਰਬ ਪਾਰਟੀ ਮੀਟਿੰਗ ਬੁਲਾਈ ਜਿਸ ਦੀ ਪ੍ਰਧਾਨਗੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕੀਤੀ। ਮੀਟਿੰਗ ਵਿੱਚ ਹੋਈ ਚਰਚਾ ਦੇ ਕੁਝ ਮੂਲ ਨੁਕਤਿਆਂ ਬਾਰੇ ਮੀਡੀਆ ਰਿਪੋਰਟਾਂ ਛਪੀਆਂ ਹਨ। ਇਹ ਪਹਿਲੀ ਵਾਰ ਸੀ ਕਿ ਸਾਰੀਆਂ ਸਿਆਸੀ ਪਾਰਟੀਆਂ ਇਸ ਗੱਲ ਲਈ ਸਹਿਮਤ ਸਨ ਕਿ ਭਾਰਤ ਨੂੰ ਦਹਿਸ਼ਤਗਰਦੀ ਖ਼ਿਲਾਫ਼ ਇਕਜੁੱਟ ਹੋ ਕੇ ਲੜਨਾ ਚਾਹੀਦਾ ਹੈ। ਮੀਟਿੰਗ ਤੋਂ ਬਾਅਦ ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਮੀਡੀਆ ਨੂੰ ਦੱਸਿਆ, ‘‘ਸਾਰੀਆਂ ਪਾਰਟੀਆਂ ਦੇ ਆਗੂਆਂ ਨੇ ਇੱਕ ਆਵਾਜ਼ ਵਿੱਚ ਆਖਿਆ ਕਿ ਸਰਕਾਰ ਜੋ ਵੀ ਕਦਮ ਉਠਾਏਗੀ, ਅਸੀਂ ਉਨ੍ਹਾਂ ਦੀ ਹਮਾਇਤ ਕਰਾਂਗੇ।’’

ਇਸ ਆਮ ਸਹਿਮਤੀ ਦਾ ਸਾਵਧਾਨੀ ਨਾਲ ਸਵਾਗਤ ਕਰਨਾ ਪਵੇਗਾ ਕਿਉਂਕਿ ਬਹੁਤ ਸਾਰੇ ਆਗੂਆਂ ਨੇ ਆਪਣੀਆਂ ਜਨਤਕ ਟਿੱਪਣੀਆਂ ਵਿੱਚ ਹਮਲੇ ਤੋਂ ਬਾਅਦ ਕੌਮੀ ਏਕਤਾ ਉੱਪਰ ਕੇਂਦਰਿਤ ਹੁੰਦਿਆਂ ਫੁੱਟ ਪਾਉਣ ਵਾਲੀਆਂ ਗੱਲਾਂ ਤੋਂ ਬਚਣ ਦੀ ਕੋਸ਼ਿਸ਼ ਕੀਤੀ ਹੈ। ਆਮ ਤੌਰ ’ਤੇ ਉਨ੍ਹਾਂ ਫ਼ਿਰਕੂ-ਧਾਰਮਿਕ ਜਨੂੰਨ ਭੜਕਾਉਣ ਤੋਂ ਗੁਰੇਜ਼ ਕੀਤਾ ਹੈ ਜੋ ਕਿ ਪਿਛਲੇ ਇੱਕ ਦਹਾਕੇ ਤੋਂ ਸਾਡੇ ਘਰੇਲੂ ਸਿਆਸੀ ਬਿਰਤਾਂਤ ਦੀ ਘਟੀਆ ਪਛਾਣ ਬਣਿਆ ਹੋਇਆ ਹੈ। ਇਸ ਰੁਝਾਨ ਨੇ ਭਾਰਤ ਦੀ ਸਮਾਜਿਕ ਇਕਸੁਰਤਾ ਨੂੰ ਕਮਜ਼ੋਰ ਕਰ ਦਿੱਤਾ ਹੈ ਜਿਸ ਦਾ ਨਾਂਹ-ਮੁਖੀ ਅਸਰ ਅੰਦਰੂਨੀ ਸੁਰੱਖਿਆ ਉੱਪਰ ਵੀ ਦੇਖਣ ਨੂੰ ਮਿਲ ਰਿਹਾ ਹੈ।

ਇਹ ਤੱਥ, ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਰਬ ਪਾਰਟੀ ਮੀਟਿੰਗ ਵਿੱਚ ਹਿੱਸਾ ਨਹੀਂ ਲਿਆ ਤੇ ਇਸ ਦੀ ਬਜਾਇ ਉਹ ਬਿਹਾਰ ਵਿੱਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਨ ਲਈ ਚਲੇ ਗਏ, ਦੀ ਵਿਰੋਧੀ ਪਾਰਟੀਆਂ ਨੇ ਆਲੋਚਨਾ ਕੀਤੀ ਹੈ; ਉਨ੍ਹਾਂ ਦੀ ਗ਼ੈਰ-ਹਾਜ਼ਰੀ ਨਾਲ ਇਸ ਮੀਟਿੰਗ ਦੀ ਅਹਿਮੀਅਤ ਘਟ ਗਈ। ਸਵਾਲ ਪੈਦਾ ਹੁੰਦਾ ਹੈ: ਜੇ ਪਹਿਲਗਾਮ ਹਮਲੇ ਕਰ ਕੇ ਉਹ ਆਪਣਾ ਸਾਊਦੀ ਅਰਬ ਦਾ ਦੌਰਾ ਅੱਧ ਵਿਚਾਲੇ ਛੱਡ ਕੇ ਦੇਸ਼ ਪਰਤ ਆਏ ਸਨ ਤਾਂ ਕੀ ਕਿਸੇ ਸੂਬੇ ਦੀ ਚੋਣ ਰੈਲੀ ਨੂੰ ਉਚੇਰੀ ਤਰਜੀਹ ਦਿੱਤੀ ਜਾਣੀ ਚਾਹੀਦੀ ਸੀ?

ਇਸੇ ਮੀਟਿੰਗ ਵਿੱਚ ਇੱਕ ਹੋਰ ਦੁਰਲੱਭ ਘਟਨਾ ਹੋਈ ਜਦੋਂ ਸਰਕਾਰ ਨੇ ਮੰਨਿਆ ਕਿ ਕੁਝ ਖ਼ਾਮੀਆਂ ਰਹੀਆਂ ਸਨ ਜਿਨ੍ਹਾਂ ਕਰ ਕੇ ਪਹਿਲਗਾਮ ਵਿੱਚ ਇਹ ਦੁਖਾਂਤ ਵਾਪਰਿਆ ਹੈ। ਸੱਤਾਧਾਰੀ ਗੱਠਜੋੜ ਦੇ ਇੱਕ ਆਗੂ ਨੇ ਕਲਾਤਮਿਕ ਢੰਗ ਇਸ ਦਾ ਖ਼ੁਲਾਸਾ ਕਰਦਿਆਂ ਆਖਿਆ, ‘‘ਜੇ ਕੁਝ ਵੀ ਗ਼ਲਤ ਨਾ ਹੋਇਆ ਹੁੰਦਾ ਤਾਂ ਅਸੀਂ ਇੱਥੇ ਕਿਉਂ ਬੈਠੇ ਹੁੰਦੇ? ਕਿਤੇ ਨਾ ਕਿਤੇ ਕੋਈ ਗੜਬੜ ਹੋਈ ਸੀ ਜਿਸ ਦਾ ਸਾਨੂੰ ਪਤਾ ਲਾਉਣਾ ਪਵੇਗਾ।’’ ਇਹ ਰਵੱਈਆ 2020 ਵਿੱਚ ਗਲਵਾਨ ਵਾਦੀ ਵਿੱਚ ਹੋਈ ਝੜਪ ਨਾਲੋਂ ਥੋੜ੍ਹਾ ਜਿਹਾ ਹਟ ਕੇ ਹੈ। ਸਰਕਾਰ ਦੀ ਆਪਣੀ ਜ਼ੁਬਾਨੀ ਜੇ ਕੋਈ ਖ਼ਾਮੀ ਰਹੀ ਹੈ ਤਾਂ ਉਸ ਦਾ ਲੇਖਾ-ਜੋਖਾ ਕੀਤਾ ਜਾਣਾ ਬਣਦਾ ਹੈ।

ਵਿਰੋਧੀ ਧਿਰ ਦੀਆਂ ਪਾਰਟੀਆਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ, ਸਰਕਾਰ ਨੇ ਦੱਸਿਆ ਕਿ ਮੁਕਾਮੀ ਅਧਿਕਾਰੀਆਂ ਨੇ ਬੈਸਰਨ ਵਾਦੀ ਦਾ ਮਾਰਗ ਜੋ ਜੂਨ ਵਿੱਚ ਸ਼ੁਰੂ ਹੋਣ ਵਾਲੀ ਅਮਰਨਾਥ ਯਾਤਰਾ ਤੱਕ ਬੰਦ ਰੱਖਿਆ ਜਾਂਦਾ ਹੈ, ਖੋਲ੍ਹਣ ਬਾਬਤ ਸੁਰੱਖਿਆ ਏਜੰਸੀਆਂ ਨੂੰ ਇਤਲਾਹ ਨਹੀਂ ਦਿੱਤੀ ਸੀ। ਪਹਿਲੀ ਨਜ਼ਰੇ, ਜਦੋਂ 2019 ਵਿੱਚ ਸਾਂਝੀ ਜੰਮੂ ਕਸ਼ਮੀਰ ਰਿਆਸਤ ਦੀ ਦੋ ਹਿੱਸਿਆਂ ਵਿੱਚ ਵੰਡ ਕਰਨ ਤੋਂ ਬਾਅਦ ਸੈਰ-ਸਪਾਟੇ ਨੂੰ ਹੁਲਾਰਾ ਦੇਣ ਲਈ ਇੰਨਾ ਨਿਵੇਸ਼ ਕੀਤਾ ਗਿਆ ਹੈ ਤਾਂ ਇਹ ਗੱਲ ਅਜੀਬ ਜਿਹੀ ਜਾਪਦੀ ਹੈ। ਮੀਟਿੰਗ ਵਿੱਚ ਇਹ ਖੁਲਾਸਾ ਵੀ ਹੋਇਆ ਕਿ ਜਿਸ ਜਗ੍ਹਾ ’ਤੇ ਚਾਰ ਦਹਿਸ਼ਤਗਰਦਾਂ ਵੱਲੋਂ ਹਮਲਾ ਕੀਤਾ ਗਿਆ ਸੀ, ਉੱਥੇ ਪਹੁੰਚਣ ਲਈ 45 ਮਿੰਟ ਲੰਮੀ ਚੜ੍ਹਾਈ ਚੜ੍ਹ ਕੇ ਜਾਣਾ ਪੈਂਦਾ ਹੈ ਅਤੇ ਇਸ ਤਰ੍ਹਾਂ ਦੀਆਂ ਹੰਗਾਮੀ ਹਾਲਤਾਂ ਨੂੰ ਤੇਜ਼ੀ ਨਾਲ ਸਿੱਝਣ ਲਈ ਕੋਈ ਦਿਸ਼ਾ ਮਾਰਗ (ਸਟੈਂਡਰਡ ਅਪਰੇਟਿੰਗ ਪ੍ਰੋਸੀਜਰ) ਮੌਜੂਦ ਨਹੀਂ ਹੈ।

ਕਸ਼ਮੀਰ ਵਿੱਚ ਸੁਰੱਖਿਆ ਅਤੇ ਖ਼ੁਫ਼ੀਆ ਤੰਤਰ ਦੀ ਜਿੰਨੀ ਸੰਘਣੀ ਮੌਜੂਦਗੀ ਹੈ, ਉਸ ਦੇ ਮੱਦੇਨਜ਼ਰ ਇਨ੍ਹਾਂ ਬੱਜਰ ਖ਼ਾਮੀਆਂ ਦੀ ਕੋਈ ਤੁੱਕ ਸਮਝ ਨਹੀਂ ਆਉਂਦੀ। ਇੱਥੋਂ ਤੱਕ ਕਿ ਜਿਹੜੀ ਵਾਦੀ ਹਜ਼ਾਰਾਂ ਦੀ ਤਾਦਾਦ ਵਿੱਚ ਸੈਲਾਨੀਆਂ ਨੂੰ ਆਕਰਸ਼ਿਤ ਕਰਦੀ ਹੋਵੇ, ਉੱਥੇ ਤਾਂ ਸਰਕਾਰ ਨੂੰ ਮੈਡੀਕਲ ਐਮਰਜੈਂਸੀ ਵਿੱਚ ਬੁਨਿਆਦੀ ਸੈਲਾਨੀਆਂ ਨੂੰ ਹੰਗਾਮੀ ਸਥਿਤੀ ਵਿੱਚ ਬਾਹਰ ਕੱਢਣ ਦੇ ਪ੍ਰੋਟੋਕੋਲ ਦਾ ਬੰਦੋਬਸਤ ਕਰਨ ਦੀ ਲੋੜ ਸੀ। ਕੀ ਨਿਰਦੋਸ਼ ਸੈਲਾਨੀਆਂ ਦੇ ਕਤਲੇਆਮ ਦੀ ਵਜ੍ਹਾ ਬਣੀਆਂ ਇਨ੍ਹਾਂ ਖ਼ਾਮੀਆਂ ਦੀ ਨਿਰਪੱਖਤਾ ਅਤੇ ਤੇਜ਼ੀ ਨਾਲ ਨਿਸ਼ਾਨਦੇਹੀ ਕੀਤੀ ਜਾਵੇਗੀ? ਇਸ ਦੀ ਬਹੁਤੀ ਸੰਭਾਵਨਾ ਨਹੀਂ ਪਰ ਮੈਂ ਸ਼ਿੱਦਤ ਨਾਲ ਆਸ ਕਰਦਾ ਹਾਂ ਕਿ ਮੈਂ ਗ਼ਲਤ ਸਾਬਿਤ ਹੋ ਜਾਵਾਂ।

ਪਿਛਲੇ ਰਿਕਾਰਡ ’ਤੇ ਝਾਤ ਮਾਰੀ ਜਾਵੇ ਤਾਂ ਬਹੁਤਾ ਹੌਸਲਾ ਨਹੀਂ ਮਿਲਦਾ। ਭਾਰਤ ਨੂੰ ਖ਼ਰਾਬ ਜਾਂ ਨਾਕਾਫ਼ੀ ਖ਼ੁਫ਼ੀਆ ਜਾਣਕਾਰੀਆਂ ਜੋ ਬਹੁਤੀਆਂ ਸਟੀਕ ਨਾ ਹੋਣ, ਕਰ ਕੇ ਰਵਾਇਤੀ ਤੌਰ ’ਤੇ ਗੰਭੀਰ ਸੁਰੱਖਿਆ ਝਟਕੇ ਸਹਿਣੇ ਪਏ ਹਨ। ਅਕਤੂਬਰ, 1947 ਵਿੱਚ ਜਦੋਂ ਕਸ਼ਮੀਰ ਉੱਪਰ ਪਹਿਲੀ ਲੜਾਈ ਲੜੀ ਗਈ ਸੀ, ਤੋਂ ਲੈ ਕੇ ਅਕਤੂਬਰ 1962 (ਜਦੋਂ ਚੀਨ ਨੇ ਅਚਾਨਕ ਹਮਲਾ ਬੋਲ ਕੇ ਭਾਰਤ ਨੂੰ ਹੈਰਾਨ ਕਰ ਦਿੱਤਾ ਸੀ) ਅਤੇ ਕਾਰਗਿਲ ਵਿੱਚ 1999 ਦੀਆਂ ਗਰਮੀਆਂ ਤੱਕ, ਖ਼ੁਫ਼ੀਆ ਜਾਣਕਾਰੀਆਂ ਵਿੱਚ ਖ਼ਾਮੀਆਂ ਭਾਰਤੀ ਸੁਰੱਖਿਆ ਤੰਤਰੀ ਬਿਰਤਾਂਤ ਦਾ ਨੇਮ ਹੀ ਬਣੀਆਂ ਰਹੀਆਂ ਹਨ।

ਕਾਰਗਿਲ ਯੁੱਧ ਤੋਂ ਬਾਅਦ ਤਤਕਾਲੀ ਪ੍ਰਧਾਨ ਮੰਤਰੀ ਵਾਜਪਾਈ ਨੇ ਕੇ. ਸੁਬਰਾਮਣੀਅਮ (ਮਰਹੂਮ) ਦੀ ਅਗਵਾਈ ਹੇਠ ਕਾਰਗਿਲ ਮੁਤਾਲਿਆ ਕਮੇਟੀ (ਕੇਆਰਸੀ) ਦਾ ਗਠਨ ਕੀਤਾ ਸੀ। ਖ਼ੁਫ਼ੀਆ ਤਾਣੇ ਨਾਲ ਜੁੜੀਆਂ ਲੱਭਤਾਂ ਦਾ ਮੁੜ ਚੇਤਾ ਕਰਨਾ ਜ਼ਰੂਰੀ ਹੈ। ਕਮੇਟੀ ਦੀ ਰਿਪੋਰਟ ਵਿੱਚ ਦਰਜ ਕੀਤਾ ਗਿਆ ਹੈ: ‘‘ਵੱਖ-ਵੱਖ ਏਜੰਸੀਆਂ ਅਤੇ ਵੱਖੋ-ਵੱਖਰੇ ਪੱਧਰਾਂ ’ਤੇ (ਖ਼ੁਫ਼ੀਆ ਜਾਣਕਾਰੀਆਂ ਦੀ) ਵਰਤੋਂ ਕਰਨ ਵਾਲੀਆਂ ਏਜੰਸੀਆਂ ਦਰਮਿਆਨ ਬੇਲਾਗ ਤਾਲਮੇਲ ਦਾ ਕੋਈ ਬੱਝਵਾਂ ਪ੍ਰਬੰਧ ਨਹੀਂ ਹੈ। ਇਸੇ ਤਰ੍ਹਾਂ, ਏਜੰਸੀਆਂ ਨੂੰ ਕੰਮ ਸੌਂਪਣ, ਉਨ੍ਹਾਂ ਦੀ ਕਾਰਕਰਦਗੀ ’ਤੇ ਨਿਗਰਾਨੀ ਰੱਖਣ ਅਤੇ ਉਨ੍ਹਾਂ ਦੀ ਗੁਣਵੱਤਾ ਦਾ ਮੁਲਾਂਕਣ ਕਰਨ ਲਈ ਉਨ੍ਹਾਂ ਦੇ ਰਿਕਾਰਡ ਦਾ ਜਾਇਜ਼ਾ ਲੈਣ ਦਾ ਕੋਈ ਪ੍ਰਾਵਧਾਨ ਨਹੀਂ ਹੈ। ਨਾ ਹੀ ਏਜੰਸੀਆਂ ਦੇ ਸਮੁੱਚੇ ਕੰਮਕਾਜ ’ਤੇ ਨਜ਼ਰ ਰੱਖਣ ਦਾ ਕੋਈ ਪ੍ਰਬੰਧ ਹੈ।’’


ਇਸ ਤਰ੍ਹਾਂ ਦੇ ਸਪੱਸ਼ਟ ਲੇਖੇ-ਜੋਖੇ ਤੋਂ ਪੌਣੀ ਸਦੀ ਬਾਅਦ ਵੀ ਐਸਾ ਕੋਈ ਠੋਸ ਸਬੂਤ ਨਹੀਂ ਮਿਲਦਾ ਕਿ ਭੰਬਲਭੂਸੇ ਵਾਲੇ ਸੂਹੀਆ ਤਾਣੇ-ਬਾਣੇ ਵਿੱਚ ਕੀਤੀਆਂ ਜਾਣ ਵਾਲੀਆਂ ਨੀਤੀਗਤ ਦਰੁਸਤੀਆਂ ਬਾਬਤ ਢੁਕਵੇਂ ਕਦਮ ਚੁੱਕੇ ਗਏ ਸਨ। ਬਿਨਾਂ ਸ਼ੱਕ, ਇੰਟੈਲੀਜੈਂਸ ਬਿਊਰੋ (ਆਈਬੀ) ਅਤੇ ਰਿਸਰਚ ਐਂਡ ਅਨੈਲਸਿਸ ਵਿੰਗ (ਰਾਅ) ਦੀ ਮਦਦ ਲਈ ਹੋਰ ਏਜੰਸੀਆਂ ਜਿਵੇਂ ਕਿ ਨੈਸ਼ਨਲ ਟੈਕਨੀਕਲ ਰਿਸਰਚ ਆਰਗੇਨਾਈਜ਼ੇਸ਼ਨ (ਐੱਨਟੀਆਰਓ) ਕਾਇਮ ਕਰ ਦਿੱਤੀਆਂ ਗਈਆਂ ਹਨ ਪਰ ਖ਼ਾਮੀਆਂ ਦੂਰ ਨਹੀਂ ਹੋ ਸਕੀਆਂ। ਸੰਸਦ ਹਮਲਾ (ਦਸੰਬਰ, 2001), ਮੁੰਬਈ ਦਹਿਸ਼ਤਗਰਦ ਹਮਲੇ (ਨਵੰਬਰ, 2008), ਪੁਲਵਾਮਾ ਆਤਮਘਾਤੀ ਹਮਲਾ (ਫਰਵਰੀ, 2019) ਅਤੇ ਹੁਣ ਪਹਿਲਗਾਮ ਕਤਲੇਆਮ ਇਸੇ ਮੁਹਾਰਨੀ ਦਾ ਹਿੱਸਾ ਹਨ।

ਭਾਰਤੀ ਪੁਲੀਸ ਸੇਵਾ (ਆਈਪੀਐੱਸ) ਦੁਆਰਾ ਸੰਚਾਲਿਤ ਰਾਸ਼ਟਰੀ ਖ਼ੁਫ਼ੀਆ ਤੰਤਰ ਦੀ ਇੱਕ ਬਲੂ-ਰਿਬਨ ਕਮੇਟੀ ਵੱਲੋਂ ਡੂੰਘੀ ਸਮੀਖਿਆ ਦੀ ਲੋੜ ਹੈ ਜੋ ਕੇਆਰਸੀ ਦੀਆਂ ਟਿੱਪਣੀਆਂ/ਸਿਫਾਰਸ਼ਾਂ ਉੱਪਰ ਕੰਮ ਕਰੇ ਅਤੇ ਵਿਸ਼ਵ ਪੱਧਰੀ ਮਿਆਰਾਂ ਮੁਤਾਬਿਕ ਇਸ ਵਿੱਚ ਬਹੁ-ਪੱਖੀ ਸੁਧਾਰ ਲਿਆਵੇ। ਸਰਕਾਰ ਕੋਲ ਕਈ ਬੇਸ਼ਕੀਮਤੀ ਰਿਪੋਰਟਾਂ ਤੇ ਸਿਫਾਰਸ਼ਾਂ ਮੌਜੂਦ ਹਨ ਅਤੇ ਇਨ੍ਹਾਂ ਉੱਪਰ ਨਵੇਂ ਸਿਰੇ ਤੋਂ ਵਿਚਾਰ ਕਰਨ ਦੀ ਲੋੜ ਹੈ।

ਖ਼ੁਫ਼ੀਆ ਏਜੰਸੀਆਂ ਵਿੱਚ ਕੰਮ ਕਰਨ ਵਾਲੇ ਮਾਹਿਰਾਂ ਨੇ ਸੁਧਾਰਾਂ ਅਤੇ ਕਾਇਆਕਲਪ ਦੇ ਮੂਲ ਢਾਂਚਿਆਂ ਦੀ ਨਿਸ਼ਾਨਦੇਹੀ ਕੀਤੀ ਹੈ। ਇਨ੍ਹਾਂ ਢਾਂਚਿਆਂ ਵਿੱਚ ਪਾਰਲੀਮਾਨੀ ਨਿਗਰਾਨੀ, ਢੁਕਵੇਂ ਕਾਨੂੰਨੀ ਦਰਜੇ, ਕੰਮਕਾਜੀ ਜਵਾਬਦੇਹੀ ਅਤੇ ਸੁਤੰਤਰ ਪੇਸ਼ੇਵਰਾਂ ਵੱਲੋਂ ਸਮੇਂ ਸਮੇਂ ’ਤੇ ਕੀਤੇ ਜਾਣ ਵਾਲੇ ਲੇਖੇ ਜੋਖਿਆਂ ਦੀ ਸ਼ਾਮਿਲ ਹੈ। ਇਨ੍ਹਾਂ ਦੇ ਨਾਲ ਹੀ ਮੈਰਿਟ ਆਧਾਰਿਤ ਭਰਤੀ, ਬਿਹਤਰ ਸਿਖਲਾਈ ਅਤੇ ਬਿਹਤਰ ਤਾਲਮੇਲ ਅਤੇ ਮੌਜੂਦਾ ਖ਼ੁਫ਼ੀਆ ਜਾਣਕਾਰੀਆਂ ਦੇ ਵਿਸ਼ਲੇਸ਼ਣ ਅਤੇ ਤਕਨੀਕੀ ਇੰਟੈਲੀਜੈਂਸ ਅਤੇ ਮਾਨਵੀ ਇੰਟੈਲੀਜੈਂਸ (ਹਿਊਮਿੰਟ) ਦੇ ਚਲੰਤ ਪੱਧਰਾਂ ਨੂੰ ਵਧਾਉਣ ਲਈ ਬੱਝਵੀਂ ਫੰਡਿੰਗ ਦਾ ਵੀ ਖਿਆਲ ਰੱਖਿਆ ਜਾਵੇ। ਪੁਲੀਸ ਨੂੰ ਵਾਰਾ ਖਾਂਦੀ ਅਤੇ ਟੇਢੇ ਢੰਗ ਨਾਲ ਸਿਆਸੀ ਨਿਜ਼ਾਮ ਨੂੰ ਪ੍ਰਵਾਨਿਤ ਮੌਜੂਦਾ ਸਮੇਂ ਬਣੀ ਸੂਰਤੇਹਾਲ ਨੂੰ ਨਵੀਂ ਸਿਰਿਓਂ ਵਿਉਂਤਣਾ ਪਵੇਗਾ। ਆਸ ਕੀਤੀ ਜਾਣੀ ਚਾਹੀਦੀ ਹੈ ਕਿ ਪਹਿਲਗਾਮ ਹਮਲੇ ਇਸ ਤਬਦੀਲੀ ਦਾ ਮੁੱਢ ਬੱਝ ਸਕੇਗਾ।

# ਦੇਸੀ ਤੜਕਾ

## ਇੰਞ ਬਣਾਓ ਹੈਲਦੀ ਅਤੇ ਕ੍ਰੰਚੀ ਆਲੂ ਬਰੋਕਲੀ ਸਲਾਦ



**ਸਮੱਗਰੀ**

- 1/2 ਕਟੋਰੀ ਬਲਾਂਚਡ ਬ੍ਰੋਕਲੀ
- 1/4 ਬਾਊਲ ਉਬਲੇ ਆਲੂ
- 2 ਚਮਚ ਰੋਸਟੇਡ ਮੂੰਗਫਲੀ
- 2 ਚਮਚ ਚੀਜ਼
- 1/4 ਚਮਚ ਕਾਲੀ ਮਿਰਚ
- 1 ਚਮਚ ਪਦੀਨੇ ਦੀਆਂ ਪੱਤੀਆਂ
- 1 ਚਮਚ ਹਰਾ ਧਨੀਆ
- 2 ਚਮਚ ਨਿੰਬੂ ਦਾ ਰਸ
- 1-2 ਲੇਟਯੂਸ ਨਿੰਬੂ ਦੀਆਂ ਪੱਤੀਆਂ
- 1 ਚਮਚ ਮੇਯੋਨੀਜ਼
- ਨਮਕ ਸੁਆਦ ਅਨੁਸਾਰ

ਜੇਕਰ ਤੁਸੀਂ ਹਰ ਰੋਜ਼ ਸਵੇਰੇ ਇਕ ਹੀ ਤਰ੍ਹਾਂ ਦਾ ਨਾਸ਼ਤਾ ਬਣਾ ਕੇ ਥੱਕ ਗਏ ਹੋ ਤਾਂ ਇਸ ਵਾਰ ਤੁਸੀਂ ਕੁਝ ਨਵਾਂ ਟ੍ਰਾਈ ਕਰੋ। ਇਸ ਲਈ ਤੁਸੀਂ ਘਰ 'ਚ ਹੀ ਮੌਜੂਦ ਸਬਜ਼ੀਆਂ ਦੀ ਮਦਦ ਨਾਲ ਸੈਲਡ ਬਣਾ ਸਕਦੇ ਹੋ। ਨਾਸ਼ਤੇ 'ਚ ਪਰਿਵਾਰ ਨੂੰ ਕੁਝ ਹੈਲਦੀ ਖਿਲਾਓ ਤਾਂ ਕਿ ਪੂਰੇ ਦਿਨ ਉਨ੍ਹਾਂ ਦੀ ਸਿਹਤ ਤੰਦਰੁਸਤ ਰਹੇ। ਬ੍ਰੇਕਫਾਸਟ 'ਚ ਆਪਣੇ ਪਰਿਵਾਰ ਨੂੰ ਕ੍ਰੰਚੀ ਪੋਟੈਟੋ ਬ੍ਰੋਕਲੀ ਸੈਲੇਡ ਬਣਾ ਕੇ ਖਿਲਾਓ। ਆਓ ਦੱਸਦੇ ਹਾਂ ਇਸ ਨੂੰ ਬਣਾਉਣ ਦੀ ਆਸਾਨ ਵਿਧੀ ਦੇ ਬਾਰੇ 'ਚ।

ਵਿਧੀ : ਕ੍ਰੰਚੀ ਪੋਟੈਟੋ ਬ੍ਰੋਕਲੀ ਸੈਲੇਡ ਬਣਾਉਣ ਲਈ ਸਭ ਤੋਂ ਪਹਿਲਾਂ ਮਿਕਸਿੰਗ ਬਾਊਲ 'ਚ ਬ੍ਰੋਕਲੀ ਪਾਓ। ਹੁਣ ਇਸ 'ਚ ਉਬਲੇ ਆਲੂ, ਰੋਸਟੇਡ ਮੂੰਗਫਲੀ, ਚੀਜ਼, ਕਾਲੀ ਮਿਰਚ, ਪਦੀਨੇ ਦੀਆਂ ਪੱਤੀਆਂ, ਹਰਾ ਧਨੀਆ, ਨਿੰਬੂ ਦਾ ਰਸ, ਲੇਟਯੂਸ ਦੀਆਂ ਪੱਤੀਆਂ ਅਤੇ ਮੇਯੋਨੀਜ਼ ਪਾ ਕੇ ਚੰਗੀ ਤਰ੍ਹਾਂ ਮਿਲਾਓ, ਇਕ ਮਿੰਟ ਬਾਅਦ ਗੈਸ ਬੰਦ ਕਰ ਦਿਓ। ਹੁਣ ਤੁਹਾਡਾ ਸੈਲੇਡ ਤਿਆਰ ਹੈ। ਹੁਣ ਤੁਸੀਂ ਇਸ ਨੂੰ ਠੰਢਾ-ਠੰਢਾ ਖਾ ਸਕਦੇ ਹੋ।

## ਸ਼ਕਰਕੰਦੀ ਦੀ ਹੁਣ ਇੰਝ ਬਣਾਓ ਸਬਜ਼ੀ



**ਸਮੱਗਰੀ**

- ਸ਼ਕਰਕੰਦੀ-2
- ਪਿਆਜ਼-1 ਬਾਰੀਕ ਕੱਟਿਆ
- ਟਮਾਟਰ-1 ਬਾਰੀਕ ਕੱਟਿਆ
- ਹਰੀ ਮਿਰਚ-2 ਬਾਰੀਕ ਕੱਟੀ
- ਲਸਣ ਦਾ ਪੇਸਟ-1 ਟੀਸਪੂਨ
- ਅਦਰਕ ਦਾ ਪੇਸਟ-1 ਟੀਸਪੂਨ
- ਜੀਰਾ-1 ਟੀਸਪੂਨ
- ਹਲਦੀ ਪਾਊਡਰ-1/4 ਟੀਸਪੂਨ
- ਧਨੀਆ ਪਾਊਡਰ-1 ਟੀਸਪੂਨ
- ਜੀਰਾ ਪਾਊਡਰ-1 ਟੀਸਪੂਨ
- ਅਮਚੂਰ ਪਾਊਡਰ-1 ਟੀਸਪੂਨ
- ਤੇਲ-1 ਟੇਬਲਸਪੂਨ
- ਨਮਕ - ਸੁਆਦ ਅਨੁਸਾਰ

ਸ਼ਕਰਕੰਦੀ 'ਚ ਬਹੁਤ ਸਾਰੇ ਐਂਟੀ-ਆਕਸੀਡੈਂਟ ਤੱਤ ਅਤੇ ਵਿਟਾਮਿਨ-ਸੀ ਪਾਇਆ ਜਾਂਦਾ ਹੈ, ਜੋ ਤੁਹਾਡੇ ਵਜ਼ਨ ਨੂੰ ਬੈਲੇਂਸ ਰੱਖਣ 'ਚ ਮਦਦਗਾਰ ਹੈ। ਇਸ ਦੇ ਸੇਵਨ ਨਾਲ ਤੁਹਾਡਾ ਪੇਟ ਕਾਫੀ ਦੇਰ ਤੱਕ ਭਰਿਆ ਰਹਿੰਦਾ ਹੈ, ਜਿਸ ਵਜ੍ਹਾ ਕਾਰਨ ਬੇ-ਸਮੇਂ ਤੁਹਾਨੂੰ ਭੁੱਖ ਮਹਿਸੂਸ ਨਹੀਂ ਹੁੰਦੀ। ਆਓ ਜਾਣਦੇ ਹਾਂ ਸ਼ਕਰਕੰਦੀ ਦੀ ਸਬਜ਼ੀ ਬਣਾਉਣ ਦੀ ਵਿਧੀ ...

ਵਿਧੀ : ਸ਼ਕਰਕੰਦੀ ਨੂੰ ਸਾਫ ਕਰਕੇ ਗੋਲਾਕਾਰ ਜਾਂ ਫਿਰ ਚਕੌਰ ਟੁਕੜਿਆਂ 'ਚ ਕੱਟ ਲਓ। ਇਕ ਪੈਨ 'ਚ ਤੇਲ ਗਰਮ ਕਰੋ, ਉਸ 'ਚ ਜੀਰਾ, ਅਦਰਕ ਅਤੇ ਲਸਣ ਦਾ ਪੇਸਟ ਪਾਓ, ਹਲਕਾ ਭੁੰਨਣ ਤੋਂ ਬਾਅਦ ਉਸ 'ਚ ਪਿਆਜ਼ ਅਤੇ ਟਮਾਟਰ ਪਾ ਦਿਓ। ਪਿਆਜ਼ ਅਤੇ ਟਮਾਟਰ ਜਦੋਂ ਬਣ ਜਾਣ ਤਾਂ ਉਸ 'ਚ ਪਾਣੀ ਪਾਓ ਅਤੇ ਗੈਸ ਨੂੰ ਘੱਟ ਕਰ ਦਿਓ ਅਤੇ ਮਸਾਲੇ ਨੂੰ ਚੰਗੀ ਤਰ੍ਹਾਂ ਪਕਾਓ। ਉਸ ਤੋਂ ਬਾਅਦ ਸ਼ਕਰਕੰਦੀ ਦੇ ਟੁਕੜੇ ਪਾ ਦਿਓ ਅਤੇ 1/4 ਕੱਪ ਪਾਣੀ ਮਿਲਾਓ। ਸ਼ਕਰਕੰਦੀ ਉਦੋਂ ਤੱਕ ਪਕਾਓ ਜਦੋਂ ਤੱਕ ਪੂਰੀ ਤਰ੍ਹਾਂ ਉਹ ਗਲ ਨਾ ਜਾਵੇ। ਪਾਣੀ ਪਾਉਣ ਤੋਂ ਪਹਿਲਾਂ ਸਾਰੇ ਮਸਾਲੇ ਪਾਓ। ਹੁਣ ਤੁਹਾਡੀ ਸ਼ਕਰਕੰਦੀ ਦੀ ਚਟਪਟੀ ਸਬਜ਼ੀ ਬਣ ਕੇ ਤਿਆਰ ਹੈ, ਇਸ ਨੂੰ ਚੌਲਾਂ ਜਾਂ ਫਿਰ ਰੋਟੀ ਨਾਲ ਖਾਓ।

# ਤਕਨਾਲੋਜੀ ਟਾਈਮਜ਼

## ਵੱਟਸਐਪ ਮੈਸਜ਼ ਹੋ ਇਸ ਤਰੀਕੇ ਨਾਲ ਕਰ ਸਕਦੇ ਹੋ ਰਿਕਵਰ

ਅਸੀਂ ਸਾਰੇ ਦਿਨ-ਰਾਤ ਆਪਣੇ ਦੋਸਤਾਂ ਨਾਲ WhatsApp 'ਤੇ ਚੈਟਿੰਗ ਕਰਦੇ ਰਹਿੰਦੇ ਹਾਂ। ਸਾਡੀਆਂ ਬਹੁਤ ਸਾਰੀਆਂ ਨਿੱਜੀ ਅਤੇ ਮਹੱਤਵਪੂਰਨ ਚੈਟਾਂ ਇਸ 'ਤੇ ਸੇਵ ਹੁੰਦੀਆਂ ਹਨ ਪਰ ਜ਼ਰਾ ਸੋਚੋ ਕਿ ਜੇਕਰ ਤੁਹਾਡੀ 'ਹਓਟਸਅਪਪ ਚੈਟ ਡਿਲੀਟ ਹੋ ਜਾਂਦੀ ਹੈ ਤਾਂ ਤੁਸੀਂ ਕੀ ਕਰੋਗੇ। ਪਤਾ ਨਹੀਂ? ਕੋਈ ਗੱਲ ਨਹੀਂ, ਕਿਉਂਕਿ ਅੱਜ ਅਸੀਂ ਤੁਹਾਨੂੰ ਦੱਸਾਂਗੇ ਕਿ ਜੇਕਰ ਤੁਹਾਡੀ 'ਹਓਟਸਅਪਪ ਚੈਟ ਗਲਤੀ ਨਾਲ ਡਿਲੀਟ ਹੋ ਜਾਂਦੀ ਹੈ ਤਾਂ ਤੁਸੀਂ ਇਸਨੂੰ ਕਿਵੇਂ ਪ੍ਰਾਪਤ ਕਰ ਸਕਦੇ ਹੋ।




**ਚੈਟ ਨੂੰ ਇੰਝ ਕਰੋ ਰੀਸਟੋਰ :-**

ਜੇਕਰ ਤੁਸੀਂ ਡਿਲੀਟ ਕੀਤੇ 'ਹਓਟਸਅਪਪ ਸੁਨੇਹਿਆਂ ਨੂੰ ਰਿਕਵਰ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਪਹਿਲਾਂ ਇਕ ਕੰਮ ਕਰਨਾ ਹੋਵੇਗਾ। ਤੁਹਾਨੂੰ ਹਮੇਸ਼ਾ WhatsApp ਡੇਟਾ ਦਾ ਬੈਕਅੱਪ ਰੱਖਣਾ ਚਾਹੀਦਾ ਹੈ। ਤੁਸੀਂ Google Drive 'ਤੇ WhatsApp ਮੈਸੇਜਿਸ ਦਾ ਬੈਕਅੱਪ ਲੈ ਸਕਦੇ ਹੋ। ਜੇਕਰ ਤੁਸੀਂ ਅਜਿਹਾ ਕੀਤਾ ਹੈ, ਤਾਂ ਤੁਸੀਂ ਡਿਲੀਟ ਕੀਤੇ WhatsApp ਮੈਸੇਜਿਸ ਨੂੰ ਰਿਕਵਰ ਕਰਨ ਦੇ ਯੋਗ ਹੋਵੋਗੇ।

**WhatsApp ਮੈਸੇਜਿਸ ਨੂੰ ਕਿਵੇਂ ਕਰੀਏ ਰਿਕਵਰ :-**

- ਸਭ ਤੋਂ ਪਹਿਲਾਂ ਤੁਹਾਨੂੰ ਆਪਣੇ ਫੋਨ ਤੋਂ 'ਹਓਟਸਅਪਪ ਨੂੰ ਡਿਲੀਟ ਕਰਨਾ ਹੋਵੇਗਾ।
- ਇਸ ਤੋਂ ਬਾਅਦ ਤੁਹਾਨੂੰ WhatsApp ਦੁਬਾਰਾ ਇੰਸਟਾਲ ਕਰਨਾ ਹੋਵੇਗਾ।
- ਫਿਰ ਤੁਹਾਨੂੰ ਆਪਣਾ ਰਜਿਸਟਰਡ ਮੋਬਾਈਲ ਨੰਬਰ ਦਰਜ ਕਰਨਾ ਹੋਵੇਗਾ।
- ਇਕ OTP ਆਵੇਗਾ, ਇਸ ਨੂੰ ਦਰਜ ਕਰੋ।
- ਫਿਰ ਤੁਹਾਨੂੰ ਬੈਕਅੱਪ ਰੀਸਟੋਰ ਦੇ ਵਿਕਲਪ 'ਤੇ ਟੈਪ ਕਰਨਾ ਹੋਵੇਗਾ।
- ਅਜਿਹਾ ਕਰਨ ਤੋਂ ਬਾਅਦ, ਤੁਹਾਡੇ ਡੇਟਾ ਦਾ ਬੈਕਅੱਪ ਹੋਣਾ ਸ਼ੁਰੂ ਹੋ ਜਾਵੇਗਾ। ਇਸ ਤੋਂ ਬਾਅਦ, ਤੁਸੀਂ ਆਪਣੇ ਡਿਲੀਟ ਕੀਤੇ ਮੈਸੇਜ ਵੀ ਦੇਖੋਗੇ।
- ਪਰ ਇਹ ਉਦੋਂ ਹੀ ਹੋਵੇਗਾ ਜੇਕਰ ਤੁਸੀਂ ਪਹਿਲਾਂ ਹੀ WhatsApp 'ਤੇ ਆਪਣਾ ਚੈਟ ਬੈਕਅੱਪ ਲੈ ਲਿਆ ਹੈ।

**WhatsApp ਚੈਟਾਂ ਦਾ ਬੈਕਅੱਪ ਲੈਣ ਦਾ ਤਰੀਕਾ :-**

- ਸਭ ਤੋਂ ਪਹਿਲਾਂ ਤੁਹਾਨੂੰ WhatsApp 'ਤੇ ਜਾਣਾ ਪਵੇਗਾ। ਫਿਰ ਤੁਹਾਨੂੰ More options ਚੁਣਨੇ ਪੈਣਗੇ।
- ਇਸ ਤੋਂ ਬਾਅਦ ਤੁਹਾਨੂੰ Settings 'ਤੇ ਕਲਿੱਕ ਕਰਨਾ ਪਵੇਗਾ ਅਤੇ ਫਿਰ Chats 'ਤੇ ਟੈਪ ਕਰਨਾ ਪਵੇਗਾ।
- ਇਸ ਤੋਂ ਬਾਅਦ Chat Back up 'ਤੇ ਜਾਓ ਅਤੇ Back up to Google Drive 'ਤੇ ਟੈਪ ਕਰੋ।
- ਫਿਰ ਤੁਹਾਨੂੰ ਇਕ ਨਵੇਂ ਪੰਨੇ 'ਤੇ ਰੀਡਾਇਰੈਕਟ ਕੀਤਾ ਜਾਵੇਗਾ।
- ਇੱਥੇ ਤੁਹਾਨੂੰ ਉਹ Google ਖਾਤਾ ਚੁਣਨਾ ਪਵੇਗਾ ਜਿਸ 'ਚ ਤੁਹਾਡਾ ਬੈਕਅੱਪ ਸੇਵ ਕੀਤਾ ਗਿਆ ਹੈ।
- ਜੇਕਰ ਤੁਹਾਡਾ ਖਾਤਾ ਫੋਨ 'ਚ ਸੇਵ ਨਹੀਂ ਹੈ ਤਾਂ ਤੁਹਾਨੂੰ ਅਦਦ ਓਚਚੋਂਟ 'ਤੇ ਟੈਪ ਕਰਨਾ ਪਵੇਗਾ ਅਤੇ ਆਪਣੇ ਵੇਰਵੇ ਦਰਜ ਕਰਕੇ ਲਾਗਇਨ ਕਰਨਾ ਪਵੇਗਾ।
- ਇਸ ਤੋਂ ਬਾਅਦ ਤੁਹਾਡੀ 'ਹਓਟਸਅਪਪ ਚੈਟ ਦਾ ਬੈਕਅੱਪ ਲਿਆ ਜਾਵੇਗਾ।

## ਮੈਟਾ ਨੇ ਵੀ ਲਾਂਚ ਕੀਤਾ ਏਆਈ ਚੈਟਬੋਟ ਐਪ

ਪਿਛਲੇ ਕੁਝ ਦਿਨਾਂ ਤੋਂ ਖਬਰਾਂ ਆ ਰਹੀਆਂ ਸਨ ਕਿ ਮੈਟਾ ਜਲਦੀ ਹੀ ਆਪਣਾ ਇਕ ਨਵਾਂ ਸ਼ਾਨਦਾਰ ਫੀਚਰ ਲਾਂਚ ਕਰਨ ਵਾਲਾ ਹੈ ਜੋ ਕਿ ਹੁਣ ਹੋ ਵੀ ਚੁੱਕਾ ਹੈ। ਜੀ ਹਾਂ ਬਿਲਕੁਲ। ਮੈਟਾ ਨੇ ਆਪਣਾ ਨਵਾਂ ਏਆਈ ਚੈਟਬੋਟ ਐਪ, ਮੇਟਾ ਏਆਈ ਲਾਂਚ ਕਰ ਦਿੱਤਾ ਹੈ। ਦੱਸ ਦਈਏ ਕਿ ਹੁਣ ਇਹ ਐਪ ਓਪਨਏਆਈ ਦੇ ਮਸ਼ਹੂਰ ਏਆਈ ਚੈਟਬੋਟ ਚੈਟਜੀਪੀਟੀ ਨਾਲ ਸਿੱਧਾ ਮੁਕਾਬਲਾ ਕਰੇਗੀ ਪਰ ਇਸ ਦੀ ਖਾਸ ਗੱਲ ਇਹ ਹੈ ਕਿ ਮੇਟਾ ਨੇ ਇਸਨੂੰ ਸਿਰਫ਼ ਏਆਈ ਚੈਟਬੋਟ ਵਜੋਂ ਨਹੀਂ, ਸਗੋਂ ਇਕ ਸਮਾਜਿਕ ਛੋਹ ਦੇ ਨਾਲ ਲਾਂਚ ਕੀਤਾ ਹੈ।

ਇਸ ਦੀ ਖਾਸੀਅਤ ਦੀ ਗੱਲ ਕੀਤੀ ਜਾਵੇ ਤਾਂ ਇਟਓ ਅੀ ਇਕ ਸਮਾਰਟ ਚੈਟਬੋਟ ਐਪ ਹੈ ਜੋ ਤੁਹਾਡੀ ਗੱਲ ਨੂੰ ਸਮਝਦਾ ਹੈ ਅਤੇ ਉਸ ਅਨੁਸਾਰ ਜਵਾਬ ਦਿੰਦਾ ਹੈ। ਤੁਸੀਂ ਇਸ 'ਚ ਟੈਕਸਟ ਮੈਸੇਜ ਦੇ ਨਾਲ-ਨਾਲ ਆਵਾਜ਼ 'ਚ ਵੀ ਗੱਲ ਕਰ ਸਕਦੇ ਹੋ। ਸੌਖਾ ਸ਼ਬਦਾਂ 'ਚ ਕਿਹਾ ਜਾਵੇ ਤਾਂ ਆਉਣ ਵਾਲੇ ਸਮੇਂ 'ਚ ਇਹ ਤੁਹਾਡੇ ਇਕ ਅਸਿਸਟੈਂਟ ਵਾਂਗ ਵਾਂਗ ਕੰਮ ਕਰੇਗਾ, ਜੋ ਨਾ ਸਿਰਫ਼ ਤੁਹਾਨੂੰ ਜਵਾਬ ਦਿੰਦਾ ਹੈ, ਸਗੋਂ ਹੌਲੀ-ਹੌਲੀ ਤੁਹਾਨੂੰ ਸਮਝਣਾ ਅਤੇ ਬਿਹਤਰ ਜਵਾਬ ਦੇਣਾ ਸ਼ੁਰੂ ਕਰ ਦਿੰਦਾ ਹੈ। ਇਸ ਦੌਰਾਨ ਮੈਟਾ ਨੇ ਇਸ ਗੱਲ ਦਾ ਖੁਲਾਸਾ ਕੀਤਾ ਹੈ ਕਿ ਇਹ ਐਪ ਤੁਹਾਡੇ ਨਾਲ ਉਸ ਢੰਗ ਨਾਲ ਗੱਲ ਕਰੇਗਾ ਜਿਸ ਤਰ੍ਹਾਂ ਕਿ ਤੁਸੀਂ ਆਪਣੇ ਦੋਸਤ ਨਾਲ ਗੱਲ ਕਰ ਰਹੇ ਹੋਵੋ।

ਇਸ ਦੌਰਾਨ ਮੈਟਾ ਏਆਈ ਬਾਰੇ ਸਭ ਤੋਂ ਦਿਲਚਸਪ ਗੱਲ ਇਸ ਦਾ 'ਡਿਸਕਵਰ ਫੀਡ' ਫੀਚਰ ਹੈ ਜੋ ਕਿ ਤੁਸੀਂ ਇਸ 'ਚ ਦੇਖ ਸਕਦੇ ਹੋ ਕਿ ਤੁਹਾਡੇ ਦੋਸਤ ਏਆਈ ਤੋਂ ਕੀ ਪੁੱਛ ਰਹੇ ਹਨ ਅਤੇ ਉਨ੍ਹਾਂ ਨੂੰ ਕਿਹੜੇ ਮਜ਼ਾਕੀਆ ਜਵਾਬ ਮਿਲ ਰਹੇ ਹਨ। ਉਦਾਹਰਣ ਵਜੋਂ, ਇਕ ਯੂਜ਼ਰ ਏਆਈ ਤੋਂ ਪੁੱਛਦਾ ਹੈ ਕਿ 'ਮੈਨੂੰ 3 ਇਮੋਜੀ 'ਚ ਦੱਸੋ ਕਿ ਮੈਂ ਕਿਹੋ ਜਿਹਾ ਵਿਅਕਤੀ ਹਾਂ' ਅਤੇ ਫਿਰ ਇਸਨੂੰ ਆਪਣੇ ਦੋਸਤਾਂ ਨਾਲ ਸਾਂਝਾ ਕਰਦਾ ਹੈ। ਇਸ ਦੇ ਨਾਲ ਮੈਟਾ ਨੇ ਇਹ ਵੀ ਖੁਲਾਸਾ ਕੀਤਾ ਹੈ ਕਿ ਇਹ ਤੁਹਾਡੀ ਜਾਣਕਾਰੀ ਲੋਕਾਂ ਨਾਲ ਉਦੋਂ ਤੱਕ ਸਾਂਝੀ ਨਹੀਂ ਕਰੇਗਾ ਜਦੋਂ ਤੱਕ ਤੁਸੀਂ ਖੁਦ ਇਸ ਨੂੰ ਸਾਂਝਾ ਨਹੀਂ ਕਰਨਾ ਚਾਹੋਗੇ ਪਰ ਜੇਕਰ ਤੁਸੀਂ ਚਾਹੰਦੇ ਹੋ ਕਿ ਤੁਸੀਂ ਆਪਣੀਆਂ ਗੱਲਾਂ ਕਿਸੇ ਨਾਲ ਸਾਂਝੀਆਂ ਕਰਨਾ ਚਾਹੁੰਦੇ ਹੋ ਤਾਂ ਇਹ ਉਹ ਵੀ ਤੁਹਾਡੀ ਇਜਾਜ਼ਤ ਦੇ ਅਨੁਸਾਰ ਹੀ ਕਰੇਗਾ।

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਸਰਕਸ ਦੀਆਂ ਟਿੱਕਟਾਂ



ਪੱਗ ਦੇ ਉੱਪਰ ਦੀ ਡੱਬੀਦਾਰ ਸਾਫੇ ਨਾਲ ਮੰਡਾਸਾ ਮਾਰੀ ਮੂੰਹ ਵਲ੍ਹੇਟੀ ਬਾਬਾ ਘੀਚਰ ਸਿਉਂ ਜਿਉਂ ਹੀ ਸੱਥ ਵਾਲੇ ਥੜ੍ਹੇ 'ਤੇ ਆ ਕੇ ਬੈਠਾ ਤਾਂ ਨਾਥੇ ਅਮਲੀ ਨੇ ਬਾਬੇ ਨੂੰ ਹੈਰਾਨੀ ਨਾਲ ਪੁੱਛਿਆ, "ਅੱਜ ਕਿਮੇਂ ਬਾਬਾ ਇਉਂ ਮੂੰਹ ਸਿਰ ਜਾ ਲਵੇਟ੍ਹੀ ਫਿਰਦੈਂ ਜਿਮੇਂ ਤੂੜੀ ਲਤੜਦਾ ਆਇਆ ਹੁੰਨੈ ਕੁ ਮਖਿਆਲ ਦੀਆਂ ਮੱਖੀਆਂ ਮੁੱਖੀਆਂ ਲੜਗੀਆਂ। ਤੂੰ ਤਾਂ ਪਤੰਦਰਾਂ ਸਾਰਾ ਈ ਮੂੰਹ ਸਿਰ ਜਾ ਢਕੀ ਫਿਰਦੈਂ ਜਿਮੇਂ ਪਾਣੀ ਆਲੇ ਨਲਕੇ 'ਚੋਂ ਮਸ਼ੀਨ ਕੱਢ ਕੇ ਨਾਲੀ 'ਤੇ ਖ਼ਲ ਆਲੀ ਖਾਲੀ ਬੋਰੀ ਬੰਨ੍ਹੀ ਹੁੰਦੀ ਐ।"

ਤਾਸ਼ ਖੇਡੀ ਜਾਂਦਾ ਸੀਤਾ ਮਰਾਸੀ ਟਿੱਚਰ 'ਚ ਕਹਿੰਦਾ, "ਡੂੰਮਣਾ ਲੜ ਗਿਆ ਲੱਗਦਾ ਜਿਹੜਾ ਇਉਂ ਮੂੰਹ ਨਰੜੀ ਫਿਰਦਾ ਜਿਮੇਂ ਮੀਂਹ 'ਚ ਭਿੱਜਣ ਤੋਂ ਤੰਦੂਰ ਖਾਖੀ ਬੋਰੀਆਂ ਦੇ ਪੱਲੜ ਨਾਲ ਢਕਿਆ ਹੁੰਦੈ। ਬਾਕੀ ਫਿਰ ਹੁਣ ਸੱਥ 'ਚ ਤਾਂ ਮੂੰਹ ਨੰਗਾ ਕਰਕੇ ਵਖਾਉਣਾ ਈਂ ਪਊ। ਨਾਲੇ ਜੇ ਕਿਸੇ ਨੂੰ ਦੁੱਖ ਦੱਸਾਂਗੇ ਤਾਂ 'ਲਾਜ ਵੀ ਹੋ ਜੂ। ਨਹੀਂ ਤਾਂ ਫਿਰ ਸਭ ਨੂੰ ਪਤਾ ਈ ਐ ਬਈ ਪੂਛ ਨੂੰ ਪੀਪਾ ਬੰਨ੍ਹ ਕੇ ਗਪਾਲ ਮੋਚਨੇ ਦੇ ਮੇਲੇ 'ਚ ਛੱਡੇ ਗਧੇ ਨਾਲ ਕਿਮੇਂ ਹੋਈ ਸੀ, ਓਮੇਂ ਹੋਊ ਫਿਰ।"

ਗਧੇ ਵਾਲੀ ਗੱਲ ਸੁਣ ਕੇ ਮਾਹਲੇ ਨੰਬਰਦਾਰ ਨੇ ਸੀਤੇ ਮਰਾਸੀ ਨੂੰ ਪੁੱਛਿਆ, "ਇਹ ਕਿਮੇਂ ਐਂ ਸੀਤਾ ਸਿਆਂ ਮੇਲੇ 'ਚ ਗਧੇ ਦੀ ਪੂਛ ਨੂੰ ਬੰਨ੍ਹੇ ਪੀਪੇ ਆਲੀ ਗੱਲ। ਪਤੰਦਰੋ ਨਿੱਤ ਈ ਕੋਈ ਨਾ ਕੋਈ ਨਮੀਂ ਗੱਲ ਕੱਢ ਕੇ ਲਿਆਉਣੇ ਐਂ। ਨਾਲੇ ਗਪਾਲ ਮੋਚਨੇ ਦੇ ਮੇਲੇ 'ਚ ਗਧੇ ਦਾ ਕੀ ਕੰਮ ਬਈ?"

ਨਾਥਾ ਅਮਲੀ ਮਾਹਲੇ ਨੰਬਰਦਾਰ ਨੂੰ ਕਹਿੰਦਾ, "ਗਪਾਲ ਮੋਚਨੇ ਦੇ ਮੇਲੇ 'ਚ ਤਾਂ ਗਧਿਆਂ ਦਾ ਈ ਸਾਰਾ ਕੰਮ ਹੁੰਦੈ ਨੰਬਰਦਾਰਾ। ਮੋਟਰ ਗੱਡੀਆਂ ਤਾਂ ਪੁਲਸ ਆਲੇ ਮੇਲੇ 'ਚ ਵੜਣ ਨ੍ਹੀ ਦਿੰਦੇ। ਪੰਜ ਦਿਨ ਭਰਦਾ ਹੁੰਦਾ ਮੇਲਾ। ਮੋਟਰ ਗੱਡੀਆਂ ਤਾਂ ਪੰਜ ਛੀ ਮੀਲ ਮੇਲੇ ਵਾਲੀ ਥਾਂ ਤੋਂ ਪਿੱਛੇ ਈ ਰੋਕ ਦਿੰਦੇ ਐ ਪੁਲਸ ਆਲੇ। ਉੱਥੋਂ ਫੇਰ ਗਧੇ ਈ ਲਜਾਂਦੇ ਐ ਸਾਰਾ ਸਮਾਨ ਮੇਲੇ 'ਚ।"

ਅਮਲੀ ਦੀ ਗੱਲ ਸੁਣ ਕੇ ਬੁੱਘਰ ਦਖਾਣ ਕਹਿੰਦਾ, "ਮੈਂ ਤਾਂ ਕਿਹਾ ਕਿਤੇ ਅਮਲੀ ਨੇ ਖਾਧੀ ਪੀਤੀ 'ਚ ਬੰਦਿਆਂ ਨੂੰ ਗਧੇ ਕਹਿ 'ਤਾ। ਅੱਛਿਆ! ਇਹ ਗੱਲ ਐ।"

ਏਨੇ ਚਿਰ ਨੂੰ ਸੂਬੇਦਾਰ ਰਤਨ ਸਿਉਂ ਵੀ ਸੱਥ 'ਚ ਆ ਦੜਕਿਆ। ਬਾਬੇ ਘੀਚਰ ਸਿਉਂ ਨੂੰ ਮੂੰਹ ਸਿਰ ਲਵੇਟ੍ਹੀ ਬੈਠੇ ਨੂੰ ਵੇਖ ਕੇ ਸੂਬੇਦਾਰ ਨੇ ਤਾਸ਼ ਖੇਡੀ ਜਾਂਦੇ ਰੇਸ਼ਮ ਕੇ ਗੀਸੇ ਨੂੰ ਘੁੱਟਵੀਂ ਆਵਾਜ਼ 'ਚ ਪੁੱਛਿਆ, "ਆਹ ਮੂੰਹ ਸਿਰ ਲਵ੍ਹੇਟੀ ਬੈਠਾ ਕਿਹੜਾ ਬੰਦੈ ਬਈ?"

ਸੂਬੇਦਾਰ ਦਾ ਸਵਾਲ ਸੁਣ ਕੇ ਗੀਸਾ ਉੱਚੀ ਆਵਾਜ਼ ਮਾਰ ਕੇ ਨਾਥੇ ਅਮਲੀ ਨੂੰ ਕਹਿੰਦਾ, "ਓ ਤਾਇਆ ਨਾਥਾ ਸਿਆਂ! ਆਹ ਫੌਜੀ ਸਾਹਬ ਨੂੰ ਦੱਸੀਂ ਬਈ ਸੋਡੇ ਕੋਲੇ ਮੂੰਹ ਸਿਰ ਲਵ੍ਹੇਟੀ ਆਲਾ ਕਿਹੜਾ ਬੰਦਾ ਬੈਠੈ?"

ਸੀਤਾ ਮਰਾਸੀ ਕਹਿੰਦਾ, "ਮਸਾ ਟਾਲ਼ੀ ਸੀ ਇਹੇ ਗੱਲ। ਆਹ ਫੌਜੀ ਨੇ ਫੇਰ ਛੇੜ 'ਤੀ ਸਿੰਗੜੀ। ਲੈ ਦੱਸੋ ਹੁਣ ਕੌਣ ਐਂ ਮੂੰਹ ਸਿਰ ਲਵ੍ਹਟੀ ਬੈਠਾ।"

ਨਾਥਾ ਅਮਲੀ ਸੂਬੇਦਾਰ ਰਤਨ ਸਿਉਂ ਨੂੰ ਕਹਿੰਦਾ, "ਬਾਬਾ ਘੀਚਰ ਸਿਉਂ ਐਂ ਫੌਜੀਆ। ਮਖਿਆਲ ਦੀਆਂ ਮੱਖੀਆਂ ਲੜੀਆਂ ਵੀਐਂ ਇਹਦੇ।"

ਸੂਬੇਦਾਰ ਰਤਨ ਸਿਉਂ ਕਹਿੰਦਾ, "ਇਹ ਹੁਣੇ ਤਾਂ ਸਰਕਸ ਆਲੇ ਸਕੀਮੀਆਂ ਦੇ ਘਰੇ ਬੈਠਾ ਸੀ। ਐਡੀ ਛੇਤੀ ਕਿਮੇਂ ਆ ਗਿਆ ਸੱਥ 'ਚ?"

ਜੰਗਾ ਰਾਹੀ ਸੂਬੇਦਾਰ ਨੂੰ ਕਹਿੰਦਾ, "ਸਾਨੂੰ ਤਾਸ਼ ਖੇਡ ਲੈਣ ਦੇ ਫੌਜੀਆ। ਇਹ ਗੱਲ ਤੂੰ ਨੇੜੇ ਹੋ ਕੇ ਬਾਬੇ ਘੀਚਰ ਸਿਉਂ ਨੂੰ ਈਂ ਪੁੱਛ ਲਾ।"

ਸੂਬੇਦਾਰ ਰਤਨ ਸਿਉਂ ਬਾਬੇ ਦੇ ਨੇੜੇ ਹੋ ਕੇ ਬਾਬੇ ਨੂੰ ਕਹਿੰਦਾ, "ਆਹ ਕੀ ਕਰੀ ਬੈਠੈਂ ਘੀਚਰ ਸਿਆਂ। ਬ਼ਲਾ ਬਾਹ਼ਲਾ ਮੂੰਹ ਸਿਰ ਬੰਨ੍ਹੀ ਬੈਠੈਂ ਜਿਮੇਂ ਦੁੱਧ ਰਿੜਕ ਕੇ ਮਧਾਣੀ ਦੇ ਫੁੱਲ ਖੱਦਰ ਦੇ ਪੋਣੇ ਨਾਲ ਲਵ੍ਹੇਟੇ ਵੇ ਹੁੰਦੇ ਐ।"

ਸੂਬੇਦਾਰ ਤੋਂ ਟਿੱਚਰ ਸੁਣ ਕੇ ਨਾਥਾ ਅਮਲੀ ਹੱਸ ਕੇ ਕਹਿੰਦਾ, "ਚੱਲ ਗੀ ਬਈ ਫੌਜੀ ਦੀ ਵੀ ਅੱਜ। ਅੱਜ ਤਾਂ ਪੂਰੇ ਪੈਂਤੜੇ 'ਤੇ ਹੋ ਕੇ ਆਇਆ ਸੱਥ 'ਚ। ਹੋਰ ਸਣਾ ਫਿਰ ਫੌਜੀਆ।"

ਟਿੱਚਰ ਸੁਣ ਕੇ ਸੀਤਾ ਮਰਾਸੀ ਬਾਬੇ ਘੀਚਰ ਸਿਉਂ ਨੂੰ ਕਹਿੰਦਾ, "ਤੂੰ ਵੀ ਬਾਬਾ ਕੁਸ ਬੋਲ ਪਾ ਹੁਣ। ਅੱਜ ਤਾਂ ਮਿੱਟੀ ਦਾ ਮਾਧੋ ਬਣਿਆਂ ਬੈਠੈਂ। ਇਹ ਤਾਂ ਸਾਰੇ ਤੈਨੂੰ ਭਾਬੀ ਬਣਾਈ ਬੈਠੇ ਐ, ਤੂੰ ਕੂੰਹਦਾ ਈ ਨ੍ਹੀ। ਤੂੰ ਵੀ ਛੱਡਦੇ ਭੱਥੇ 'ਚੋਂ ਇੱਕ ਅੱਧਾ ਤੀਰ। ਫੌਜੀ ਤਾਂ ਕਹਿੰਦਾ ਤੂੰ ਸਰਕਸ ਆਲੇ ਸਕੀਮੀਆਂ ਦੇ ਘਰੇ ਬੈਠਾ ਸੀ। ਨਮੇਂ ਘਰ ਬਣਦੇ ਦੀ ਵਧਾਈ ਦੇਣ ਗਿਆ ਸੀ ਕੁ ਕੋਈ ਹੋਰ ਕੰਮ ਧੰਦਾ ਸੀ?"

ਮਦਨ ਪੰਡਤ ਸਕੀਮੀਆਂ ਦੇ ਘਰ ਦੀ ਗੱਲ ਸੁਣ ਕੇ ਕਹਿੰਦਾ, "ਘਰ ਆਲੀ ਤਾਂ ਬਈ ਸਰਕਸ ਆਲੇ ਸਕੀਮੀਆਂ ਨੇ ਡੈਹਸ਼ ਕੱਢ 'ਤੀ। ਇਹੇ ਜਾ ਘਰ ਆਪਣੇ ਤਾਂ ਨੇੜੇ ਤੇੜੇ ਹੋਣਾ ਨ੍ਹੀ ਕਿਸੇ ਦਾ। ਪੈਂਸਾ ਵੀ ਅੱਘਰੀ ਦਾ ਲੱਗ ਗਿਆ ਹੋਣੈ।"




ਮੱਖਣ ਮਾਸਟਰ ਨੇ ਹੈਰਾਨੀ ਨਾਲ ਪੁੱਛਿਆ, "ਐਨਾ ਪੈਸਾ ਆਇਆ ਕਿੱਥੋਂ। ਫੀਮ ਫੂਮ ਦੀ ਬਲੈਕ ਬਲੂਕ ਕਰਦੇ ਹੋਣਗੇ। ਨਾ ਹੀ ਇਹੀ ਕਦੇ ਕੋਈ ਗੱਲ ਸੁਣੀ ਐ। ਬਾਕੀ ਫੇਰ ਭਾਈ ਰੱਬ ਈ ਜਾਣਦਾ।"

ਨਾਥੇ ਅਮਲੀ ਨੇ ਬਾਬੇ ਨੂੰ ਪੁੱਛਿਆ, "ਇਨ੍ਹਾਂ ਨੂੰ ਸਰਕਸ ਆਲੇ ਸਕੀਮੀ ਕਿਉਂ ਕਹਿੰਦੇ ਐ ਬਾਬਾ। ਕੁ ਇਹੇ ਸਰਕਸ ਸੁਰਕਸ 'ਚ ਕੰਮ ਕਰਦੇ ਰਹੇ ਐ?"

ਸੁਖਣਾ ਪੱਤੀ ਆਲੇ ਬਚਿੱਤਰ ਸਿਉਂ ਕੇ ਪਿੰਡ 'ਚ ਸਰਕਸ ਵਾਲੇ ਸਕੀਮੀਆਂ ਦੇ ਲਾਣੇ ਵਾਲੇ ਵੱਜਦੇ ਸੀ। ਬਚਿੱਤਰ ਸਿਉਂ ਕਿਆਂ ਦੀ ਗੱਲ ਸੁਣ ਕੇ ਬਾਬੇ ਘੀਚਰ ਸਿਉਂ ਨੇ ਗੱਲ ਦੱਸਣ ਦੇ ਮਾਰੇ ਨੇ ਮੂੰਹ ਖੋਲ੍ਹਿਆ ਫਿਰ। ਜਿਉਂ ਹੀ ਬਾਬੇ ਘੀਚਰ ਨੇ ਮੂੰਹ ਖੋਲ੍ਹਿਆ ਤਾਂ ਸਾਰੀ ਸੱਥ ਨੇ ਖੁਸ਼ੀ 'ਚ ਰੌਲਾ ਅਸਮਾਨ ਨੂੰ ਚੁੱਕ ਦਿੱਤਾ ਜਿਮੇਂ ਕੋਈ ਵੱਡੀ ਸ਼ਰਤ ਲੱਗੀ 'ਚ ਸ਼ਰਤ ਜਿੱਤਣ ਵਾਲੇ ਤਾਸ਼ ਖੇਡਦੇ ਰੌਲਾ ਚੁੱਕ ਦਿੰਦੇ ਹੋਣ।

ਨਾਥਾ ਅਮਲੀ ਸਾਰਿਆਂ ਨੂੰ ਚੱਪ ਕਰਾਉਂਦਾ ਬਾਬੇ ਦੇ ਮੂੰਹ ਵੱਲ ਵੇਖ ਕੇ ਬਾਬੇ ਨੂੰ ਕਹਿੰਦਾ, "ਮੂੰਹ 'ਤੇ ਤਾਂ ਤੇਰੇ ਬਾਬਾ ਕੁਸ ਮਨ੍ਹੀ ਹੋਇਆ। ਤੂੰ ਐਮੇਂ ਈ ਸੱਤ ਮੀਟਰ ਦੀ ਟਸਰੀ ਲਵ੍ਹੇਟੀ ਫਿਰਦੈਂ ਮੂੰਹ 'ਤੇ। ਚੱਲ ਦੱਸ ਹੁਣ ਸਰਕਸ ਆਲੇ ਸਕੀਮੀਆਂ ਕੋਲੇ ਐਡਾ ਵੱਡਾ ਘਰ ਪਾਉਣ ਨੂੰ ਪੈਂਸਾ ਕਿੱਥੋਂ ਆਇਆ?"

ਬਾਬਾ ਘੀਚਰ ਸਿਉਂ ਕਹਿੰਦਾ, "ਨਾ ਤਾਂ ਸਾਰੀ ਉਮਰ ਬਚਿੱਤਰ ਸਿਉਂ ਨੇ ਕੰਮ ਕੀਤਾ। ਨਾ ਬਚਿੱਤਰ ਦੇ ਮੁੰਡੇ ਨੇ। ਨਾ ਈ ਨਜਾਇਜ ਪੈਂਸਾ ਖਰਚਿਆ ਕਦੇ। ਦੋ ਕੁ ਝੁੱਗੇ ਸੁੱਥੂਆਂ ਨਾਲ ਈ ਸਾਲ ਭਰ ਨੰਘਾਅ ਲੈਂਦੇ ਸੀ। ਹੁਣ ਗਾਹਾਂ ਬਚਿੱਤਰ ਸਿਉਂ ਦੇ ਦੋਵੇਂ ਪੋਤੇ ਵੇਖ ਲਾ ਪੜ੍ਹ ਲਿਖ ਗੇ। ਪੋਤਿਆਂ ਨੂੰ ਘਰੇ ਪੈਂਸਿਆਂ ਦਾ ਵੀ ਪਤਾ ਲੱਗ ਗਿਆ ਬਈ ਸਾਡੇ ਬੁੜ੍ਹਿਆਂ ਕੋਲੇ ਐਨਾ ਪੈਂਸਾ। ਉਨ੍ਹਾਂ ਨੇ ਪਿਉ ਦਾਦੇ ਤੋਂ ਪੈਂਸੇ ਕਢਵਾ ਕੇ ਘਰ ਬਣਾਉਣਾ ਸ਼ੁਰੂ ਕਰ 'ਤਾ। ਲੋਕਾਂ ਨੂੰ ਇਹਦੇ 'ਚ ਅਚੰਭਾ ਲੱਗ ਗਿਆ ਬਈ ਇੱਕ ਦਮ ਐਨਾ ਪੈਂਸਾ ਕਿੱਥੋਂ ਆਇਆ। ਜਮੀਂਨ ਵੀ ਕੋਲੇ ਪੰਜ ਸੱਤ ਕਿੱਲੇ ਈ ਐ। ਪੰਜਾਂ ਸੱਤਾਂ ਕਿੱਲਿਆਂ 'ਚੋਂ ਤਾਂ ਡੰਗ ਟਪਾਉਣ ਜੋਗੀਉ ਈ ਫਸਲ ਮਸਾਂ ਹੁੰਦੀ ਐ।"

ਨਾਥਾ ਅਮਲੀ ਕਹਿੰਦਾ, "ਗੱਲ ਤਾਂ ਓਹੀ ਪੁੱਛਦੇ ਆਂ ਬਈ ਐਹੋ ਜੀ ਕਿਹੋ ਜੀ ਮੁਰਗੀ ਐ ਇਨ੍ਹਾਂ ਦੇ ਘਰੇ ਜਿਹੜੀ ਆਂਡਿਆਂ ਦੀ ਥਾਂ ਰਪੀਏ ਦਿੰਦੀ ਐ?"

ਬਾਬਾ ਘੀਚਰ ਸਿਉਂ ਕਹਿੰਦਾ, "ਦੱਸਦਾਂ ਮੈਂ। ਇਨ੍ਹਾਂ ਨੂੰ ਬਚਿੱਤਰ ਦੇ ਦਾਦੇ ਪੜਦਾਦਿਆਂ ਤੋਂ ਈਂ ਸਰਕਸ ਆਲੇ ਸਕੀਮੀ ਕਹਿੰਦੇ ਐ। ਇਹਦੇ ਬਚਿੱਤਰ ਦੇ ਪਿਉ ਦਾਦੇ ਨੇ ਕਹਿੰਦੇ ਕੇਰਾਂ ਸਰਕਸ ਵਖਾਉਣ ਦਾ ਠੇਕਾ ਲੈ ਲਿਆ। ਉਨ੍ਹਾਂ ਵੇਲਿਆਂ 'ਚ ਸਰਕਸ ਆਲਿਆਂ ਨੂੰ ਕਹਿੰਦੇ, 'ਤੁਸੀਂ ਸਾਥੋਂ ਹਜਾਰ ਰਪੀਆ ਲੈ ਲੋ, ਸਰਕਸ ਵਖਾਉਣ ਦਾ ਠੇਕਾ ਸਾਨੂੰ ਦੇ ਦਿਉ। ਲੋਕਾਂ ਨੂੰ ਸਰਕਸ ਵਖਾਉਣ ਦੇ ਪੈਸੇ ਅਸੀਂ ਲਮਾਂਗੇ। ਉਨ੍ਹਾਂ ਨੇ ਦੋ ਹਜਾਰ ਰਪੀਆ ਮੰਗ ਲਿਆ। ਚੱਲੋ ਜੀ ਸਾਢੇ ਪੰਦਰਾਂ ਸੌ 'ਚ ਗੱਲ ਟੁੱਕੀ ਗਈ। ਬੁੜ੍ਹਿਆਂ ਨੇ ਸਰਕਸ ਆਲੇ ਤੰਬੂ ਆਪਣੇ ਪਿੰਡ ਗਾਹੂ ਕੇ ਗੁਆੜ ਆਲੀ ਸ਼ਾਮਲਾਟ 'ਚ ਆ ਗੱਡੇ। ਨੇੜੇ ਦੇ ਸਾਰੇ ਪਿੰਡਾਂ 'ਚ ਹੋਕਾ ਦੁਆ 'ਤਾ ਬਈ ਫਲਾਨੇ ਪਿੰਡ ਸਰਕਸ ਆ ਗੀ। ਲੋਕਾਂ ਨੇ ਆਪਣੇ ਪਿੰਡ ਵੱਲ ਨੂੰ ਵਹੀਰਾਂ ਘੱਤ ਲੀਆਂ ਬਈ ਸਰਕਸ 'ਚ ਸ਼ੇਰ ਚੀਤੇ ਤੇ ਹੋਰ ਨਮੀਆਂ-ਨਮੀਆਂ ਖੇਡਾਂ ਵੇਖਾਂਗੇ। ਜਦੋਂ ਲੋਕ ਸਰਕਸ ਵੇਖਣ ਆਏ ਤਾਂ ਦਸ ਰਪੀਆਂ ਦੀ ਟਿਕਟ ਸੁਣ ਕੇ ਕਿਸੇ ਨੇ ਟਿਕਟ ਈ ਨਾ ਖਰੀਦੀ। ਉਨ੍ਹਾਂ ਨੇ ਦੋ ਕੁ ਦਿਨਾਂ ਪਿੱਛੋਂ ਟਿਕਟ ਅੱਠਾਂ ਰਪੀਆਂ ਦੀ ਕਰ 'ਤੀ। ਲੋਕਾਂ ਨੇ ਫਿਰ ਵੀ ਨਾ ਖਰੀਦੀ। ਫੇਰ ਹੋਰ ਦੋ ਕੁ ਦਿਨਾਂ ਪਿੱਛੋਂ ਪੰਜਾਂ ਰਪੀਆਂ ਦੀ ਕਰ 'ਤੀ। ਟਿਕਟ ਫਿਰ ਵੀ ਨਾ ਕਿਸੇ ਨੇ ਖਰੀਦੀ। ਉਨ੍ਹਾਂ ਨੇ ਇਉਂ ਕਰਦੇ ਕਰਦਿਆਂ ਨੇ ਦੋ ਰਪੀਆਂ ਦੀ ਫੇਰ ਇੱਕ ਰਪੀਏ ਦੀ ਕਰ 'ਤੀ। ਜਦੋਂ ਰਪੀਏ ਨੂੰ ਵੀ ਨਾ ਕਿਸੇ ਨੇ ਖਰੀਦੀ ਤਾਂ ਆਖਰ ਨੂੰ ਪਿੰਡਾਂ 'ਚ ਹੋਕਾ ਦੁਆ 'ਤਾ ਬਈ ਕੱਲ੍ਹ ਨੂੰ ਸਰਕਸ ਮੁਖਤ ਵਖਾਈ ਜਾਊਗੀ। ਮੁਖਤ ਦਾ ਨਾਂ ਸੁਣਕੇ ਨਾਥਾ ਸਿਆਂ ਲੋਕ ਆਪਣੇ ਪਿੰਡ 'ਚ ਫਿਰ ਇਉਂ ਆ ਢੇਰੀ ਹੋਏ ਜਿਮੇਂ ਪੰਜ ਛੀ ਸਾਲ ਪਹਿਲਾਂ ਆਪਣੇ ਖੇਤਾਂ 'ਚ ਮੱਕੀਆਂ 'ਤੇ ਆਹਣ ਦੇ ਟਿੱਡੇ ਆ ਢੇਰੀ ਹੋਏ ਸੀ।"

ਨਾਥੇ ਅਮਲੀ ਨੇ ਗੱਲ ਟੋਕ ਕੇ ਬਾਬੇ ਘੀਚਰ ਸਿਉਂ ਨੂੰ ਪੁੱਛਿਆ, "ਫੇਰ ਮੁਖਤ ਵਖਾਈ ਬਾਬਾ ਸਰਕਸ ਕੁ ਅੰਦਰ ਵਾੜ ਕੇ ਲੋਕਾਂ ਦੀ ਮਰੰਮਤ ਕੀਤੀ?"


ਬਾਬਾ ਕਹਿੰਦਾ, "ਗੱਲ ਤਾਂ ਅਮਲੀਆ ਤੂੰ ਸੁਣ। ਜਦੋਂ ਸਾਰੇ ਲੋਕ ਮੁਖਤ ਦੀ ਸਰਕਸ ਵੇਖਣ ਅੰਦਰ ਵੜ ਗੇ, ਉਨ੍ਹਾਂ ਨੇ ਚਾਰ ਚਫੇਰਿਉਂ ਸਰਕਸ ਦੇ ਸਾਰੇ ਦਰਵਾਜੇ ਬੰਦ ਕਰ ਕੇ ਜਿੰਦੇ ਲਾ 'ਤੇ ਬਈ ਕੋਈ ਬਾਹਰ ਨਾ ਨਿੱਕਲ ਸਕੇ। ਲੋਕ ਰੌਲਾ ਪਾਉਣ ਬਈ ਛੇਤੀ ਵਖਾਉ ਸਰਕਸ। ਜਦੋਂ ਸਾਰੇ ਜਣੇ ਚੁੱਪ ਕਰ ਗੇ ਤਾਂ ਉਨ੍ਹਾਂ ਨੇ ਇੱਕ ਸ਼ੇਰ ਖੋਹਲ 'ਤਾ। ਸ਼ੇਰ ਖੁੱਲ੍ਹ ਗਿਆ ਵੇਖ ਕੇ ਲੋਕਾਂ 'ਚ ਹਫੜਾ ਦਫੜੀ ਮੱਚ ਗੀ। ਸਰਕਸ ਦੇ ਦਰਵਾਜੇ ਸਾਰੇ ਬੰਦ ਸੀ। ਲੋਕਾਂ ਨੂੰ ਬਾਹਰ ਨਿਕਲਣ ਨੂੰ ਥਾਂ ਨਾ ਮਿਲੇ। ਅਖੀਰ ਸਕੀਮੀਆਂ ਦੇ ਬੁੜ੍ਹਿਆਂ ਨੇ ਬਾਹਰ ਨਿਕਲਣ ਦੀ ਸੌ ਰਪੀਆ ਟਿਕਟ ਰੱਖ 'ਤੀ। ਵੱਸ ਫੇਰ ਨਾਥਾ ਸਿਆਂ ਕੀ ਪੁੱਛਦੈਂ। ਸਕੀਮੀਆਂ ਦੇ ਬੁੜ੍ਹਿਆਂ ਨੇ ਰਪੀਆਂ ਦਾ ਗੱਡਾ ਭਰ ਲਿਆ। ਸੁਰਜਨ ਬਿੰਬਰ ਦਾ ਦਾਦਾ ਦੱਸਦਾ ਸੀ, ਅਕੇ ਸਕੀਮੀਆਂ ਦੇ ਟੱਬਰ ਨੇ ਤਿੰਨ ਚਾਰ ਦਿਨ ਲਾ 'ਤੇ ਰਪੀਏ ਗਿਣਨ ਨੂੰ, ਐਨੇ ਰਪੀਏ 'ਕੱਠੇ ਹੋ ਗੇ ਸੀ। ਲੋਕਾਂ ਨੇ ਸ਼ੇਰ ਤੋਂ ਡਰਦਿਆਂ ਨੇ ਬਾਹਰ ਨਿਕਲਣ ਦੀ ਸੌ-ਸੌ ਰਪੀਏ ਦੀ ਟਿਕਟ ਕਟਾ ਕੇ ਬਾਹਰ ਨਿਕਲ ਕੇ ਜਾਣ ਬਚਾਈ। ਕਈ ਹਰਫਲੇ ਵੇ ਤਾਂ ਕਾਹਲੀ 'ਚ ਬਟੂਏ ਈ ਫੜਾ ਗੇ। ਉਨ੍ਹਾਂ ਨੂੰ ਤਾਂ ਹੋ ਸਕਦਾ ਟਿਕਟ ਸੌ ਰਪੀਏ ਤੋਂ ਵੀ ਮਹਿੰਗੀ ਪਈ ਹੋਵੇ। ਜਿਹੜੇ ਬਟੂਏ 'ਚ ਚਾਰ ਛਿੱਲੜ ਹੋਣੇ ਐਂ, ਸਭ ਸ਼ੇਰ ਦੀ ਭੇਂਟ ਚੜ੍ਹਾ 'ਤੇ ਹੋਣਗੇ। ਉਦੋਂ ਦੇ ਰਪੀਏ 'ਕੱਠੇ ਹੋਏ ਵੇ ਐ। ਹੁਣ ਆ ਕੇ ਬੋਲੇ ਐ ਸਰਕਸ ਆਲੇ ਰਪੀਏ। ਉਹ ਵੀ ਬਚਿੱਤਰ ਸਿਉਂ ਦੇ ਪੋਤਿਆਂ ਨੇ ਰੌਲਾ ਰੂਲਾ ਪਾ ਕੇ ਰਪੀਏ ਕਢਾ ਲੇ, ਇਹ ਬੁੜ੍ਹੇ ਕਿੱਥੋਂ ਕੱਢਦੇ ਸੀ। ਏਸੇ ਗੱਲ ਕਰਕੇ ਲੋਕ ਇਨ੍ਹਾਂ ਨੂੰ ਸਰਕਸ ਆਲੇ ਸਕੀਮੀਆਂ ਦਾ ਲਾਣਾ ਕਹਿੰਦੇ ਐ। ਸਕੀਮ ਲਾ ਕੇ ਪੈਂਸੇ ਬਣਾ ਗੇ।"

ਪ੍ਰਤਾਪਾ ਭਾਊ ਕਹਿੰਦਾ, "ਅੱਜ ਪਈ ਜਾਂਦਾ ਸਕੀਮੀਆਂ ਦੇ ਘਰ ਦਾ ਲੈਂਟਰ। ਕਹਿੰਦੇ ਦੋ ਢਾਈ ਸੌ ਬੰਦਾ ਲੱਗਿਆ ਵਿਆ ਲੈਂਟਰ ਪਾਉਣ। ਘਰ-ਘਰ ਦਾ ਬੰਦਾ ਗਿਆ ਵਿਆ ਪਿੰਡ 'ਚੋਂ।"

ਏਨੇ ਚਿਰ ਨੂੰ ਗੱਲਾਂ ਕਰਦਿਆਂ ਕਰਦਿਆਂ ਤੋਂ ਗੁਰਦੁਆਰੇ ਦੇ ਸਪੀਕਰ 'ਚੋਂ ਹੋਕਾ ਆ ਗਿਆ ਬਈ 'ਸਰਕਸ ਵਾਲੇ ਬਚਿੱਤਰ ਸਿਉਂ ਸਕੀਮੀਆਂ ਦੇ ਲਾਣੇ ਕੇ ਘਰ ਦਾ ਜਿਹੜਾ ਲੈਂਟਰ ਪੈਂਦਾ ਸੀ ਉਹਦਾ ਕਾਲਬ ਡਿੱਗ ਪਿਆ ਤੇ ਬਹੁਤ ਸਾਰੇ ਬੰਦੇ ਕਾਲਬ ਦੇ ਹੇਠਾਂ ਆ ਗਏ। ਛੇਤੀ ਤੋਂ ਛੇਤੀ ਉਨ੍ਹਾਂ ਦੇ ਨਮੇਂ ਬਣਦੇ ਘਰੇ ਪਹੁੰਚੋ'।

ਸਪੀਕਰ 'ਚੋਂ ਹੋਕਾ ਸੁਣਦੇ ਸਾਰ ਸੱਥ ਵਾਲੇ ਸਾਰੇ ਜਣੇ ਹੇਰਾ ਫੇਰੀ ਨਾਲ 'ਕੱਠੇ ਕੀਤੇ ਪੈਸਿਆਂ ਦੀਆਂ ਗੱਲਾਂ ਕਰਦੇ ਸਰਕਸ ਵਾਲੇ ਸਕੀਮੀਆਂ ਦੇ ਘਰ ਨੂੰ ਭੱਜ ਨਿਕਲੇ ਤੇ ਵੇਂਹਦਿਆਂ ਵੇਂਹਦਿਆਂ ਸੱਥ ਖਾਲੀ ਹੋ ਗਈ।

JARNAIL SINGH



ART CLASSES
604-825-4659
604-724-6922
604-595-5885
#106- 12882-85 Ave. Surrey

# ਸਿਹਤ ਸੰਸਾਰ

## ਨਸ਼ੇ ਦੀ ਪਹਿਲੀ ਪੌੜੀ

# ਐਨਰਜੀ ਡਰਿੰਕਸ

ਲੇਖਕ : ਸੰਦੀਪ ਕੁਮਾਰ
ਸੰਪਰਕ : 70098-07121



ਅੱਜ ਦਾ ਸਮਾਜ ਇੱਕ ਅਜਿਹੀ ਦੌੜ ਵਿੱਚ ਸ਼ਾਮਲ ਹੋ ਚੁੱਕਾ ਹੈ ਜਿਸ ਵਿੱਚ ਹਰ ਕੋਈ ਅੱਗੇ ਨਿਕਲਣ ਦੀ ਕੋਸ਼ਿਸ਼ ਵਿੱਚ ਆਪਣੀ ਜ਼ਿੰਦਗੀ ਦੀ ਗਤੀ ਨੂੰ ਬੇਹੱਦ ਤੇਜ਼ ਕਰ ਬੈਠਿਆ ਹੈ। ਇਨ੍ਹਾਂ ਹਾਲਾਤ ਵਿੱਚ ਨੌਜਵਾਨ ਪੀੜ੍ਹੀ, ਖ਼ਾਸ ਕਰਕੇ ਵਿਦਿਆਰਥੀ, ਆਪਣੇ ਮਨ ਅਤੇ ਸਰੀਰ ਨੂੰ ਥਕਾਵਟ ਤੋਂ ਬਚਾਉਣ ਲਈ ਵੱਖ-ਵੱਖ ਤਰੀਕਿਆਂ ਦੀ ਮਦਦ ਲੈ ਰਹੇ ਹਨ। ਅਜਿਹੇ ਵਿੱਚ ਐਨਰਜੀ ਡਰਿੰਕਸ ਇੱਕ ਨਵੇਂ ਤਰ੍ਹਾਂ ਦਾ ਰੁਝਾਨ ਬਣ ਚੁੱਕਾ ਹੈ ਜੋ ਕਿ ਸਿਹਤ ਲਈ ਤੱਤਕਾਲੀ ਤੌਰ ’ਤੇ ਤਾਂ ਉਰਜਾ ਦਾ ਭਰਮ ਪੈਦਾ ਕਰਦਾ ਹੈ, ਪਰ ਲੰਬੇ ਸਮੇਂ ਤਕ ਇਸਦੀ ਲਤ ਇਨਸਾਨ ਨੂੰ ਨਸ਼ੇ ਦੀ ਪਹਿਲੀ ਪੌੜੀ ਵੱਲ ਧੱਕਣ ਲਗਦੀ ਹੈ। ਐਨਰਜੀ ਡਰਿੰਕਸ ਆਮ ਤੌਰ ’ਤੇ ਇਸ ਤਰ੍ਹਾਂ ਦੇ ਵਿਗਿਆਪਨਾਂ ਰਾਹੀਂ ਪ੍ਰਚਾਰਤ ਕੀਤੇ ਜਾਂਦੇ ਹਨ ਕਿ ਇਹ ਮਨੁੱਖੀ ਸਰੀਰ ਨੂੰ ਤੁਰੰਤ ਤਾਜ਼ਗੀ ਅਤੇ ਜੋਸ਼ ਦਿੰਦੇ ਹਨ। ਪਰ ਹਕੀਕਤ ਇਹ ਹੈ ਕਿ ਇਨ੍ਹਾਂ ਵਿੱਚ ਮੌਜੂਦ ਕੈਫੀਨ, ਟੌਰੀਨ, ਗੁਲੂਕੋਜ਼, ਅਤੇ ਹੋਰ ਰਸਾਇਣਕ ਤੱਤ ਸਰੀਰ ਵਿੱਚ ਆਮ ਤੌਰ ’ਤੇ ਹੋਣ ਵਾਲੀ ਰਸਾਇਣਕ ਪ੍ਰਕਿਰਿਆਵਾਂ ਨੂੰ ਬੇਤਰਤੀਬ ਕਰ ਦਿੰਦੇ ਹਨ। ਇਨ੍ਹਾਂ ਐਨਰਜੀ ਡਰਿੰਕਸ ਨੂੰ ਨਸ਼ੇ ਦੀ ਸ਼ੁਰੂਆਤ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਮਨੁੱਖ ਦੇ ਦਿਮਾਗ ਅਤੇ ਸਰੀਰ ਨੂੰ ਐਸਾ ਆਦੀ ਬਣਾਉਂਦੇ ਹਨ ਕਿ ਉਹ ਬਿਨਾਂ ਇਨ੍ਹਾਂ ਦੇ ਚੁਸਤ ਮਹਿਸੂਸ ਨਹੀਂ ਕਰਦਾ। ਕੈਫੀਨ ਦੀ ਵੱਧ ਮਾਤਰਾ ਦਿਲ ਦੀ ਧੜਕਣ ਨੂੰ ਤੇਜ਼ ਕਰ ਦਿੰਦੀ ਹੈ, ਨੀਂਦ ਉਡਾ ਦਿੰਦੀ ਹੈ, ਅਤੇ ਕਈ ਵਾਰ ਤਣਾਓ ਅਤੇ ਗੁੱਸਾ ਵਧਾਉਂਦੀ ਹੈ।

ਇੱਕ ਪਾਸੇ ਜਿੱਥੇ ਨਸ਼ਿਆਂ ਵਿਰੁੱਧ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ, ਉੱਥੇ ਹੀ ਐਨਰਜੀ ਡਰਿੰਕਸ ਵਰਗੀਆਂ ਚੀਜ਼ਾਂ ਅਸਲ ਵਿੱਚ ਨਵੇਂ ਰੂਪ ਵਿੱਚ ਨਸ਼ਾ ਬਣ ਕੇ ਨੌਜਵਾਨੀ ਦਾ ਸ਼ਿਕਾਰ ਕਰ ਰਹੀਆਂ ਹਨ। ਵਿਦਿਆਰਥੀ ਜਦੋਂ ਪੜ੍ਹਾਈ ਦੌਰਾਨ ਜਾਂ ਖੇਡਾਂ ਵਿੱਚ ਆਪਣੀ ਥਕਾਵਟ ਨੂੰ ਦੂਰ ਕਰਨ ਲਈ ਐਨਰਜੀ ਡਰਿੰਕ ਵੱਲ ਰੁਝਾਨ ਕਰਦੇ ਹਨ ਤਾਂ ਉਹਨਾਂ ਨੂੰ ਅਸਲ ਵਿੱਚ ਇਹ ਅਹਿਸਾਸ ਨਹੀਂ ਹੁੰਦਾ ਕਿ ਉਹ ਇੱਕ ਨਵੇਂ ਨਸ਼ੇ ਦੀ ਜਕੜ ਵਿੱਚ ਫਸ ਰਹੇ ਹਨ। ਸ਼ੁਰੂਆਤੀ ਦੌਰ ਵਿੱਚ ਇਹ ਆਦਤ ਸਿਰਫ ਇੱਕ ਡਰਿੰਕ ਤਕ ਸੀਮਿਤ ਰਹਿੰਦੀ ਹੈ ਪਰ ਬਾਅਦ ਵਿੱਚ ਇਹ ਨਸ਼ੇ ਦੀਆਂ ਹੋਰ ਕਿਸਮਾਂ ਵੱਲ ਲਿਜਾਣ ਵਾਲਾ ਰਾਹ ਬਣ ਜਾਂਦੀ ਹੈ। ਬੱਚਿਆਂ ਅਤੇ ਘੱਟ ਉਮਰ ਦੇ ਨੌਜਵਾਨਾਂ ਵਿੱਚ ਇਹ ਆਦਤ ਹੋਰ ਵੀ ਖਤਰਨਾਕ ਸਾਬਤ ਹੁੰਦੀ ਹੈ ਜਦੋਂ ਇੱਕ ਅਣਪੱਕਾ ਮਨ ਇਹ ਸੋਚ ਬਣਾ ਲੈਂਦਾ ਹੈ ਕਿ ਇਹ ਡਰਿੰਕ ਤਾਜ਼ਗੀ ਦਿੰਦੇ ਹਨ ਜਾਂ ਯਾਰਾਂ-ਮਿੱਤਰਾਂ ਵਿੱਚ ਰੌਲਾ ਬਣਾਉਣ ਲਈ ਲਾਜ਼ਮੀ ਹਨ, ਤਾਂ ਇਹ ਆਦਤ ਦਿਨੋ-ਦਿਨ ਪੱਕੀ ਹੋ ਜਾਂਦੀ ਹੈ। ਇਹੀ ਕਾਰਨ ਹੈ ਕਿ ਕਈ ਮੁਲਕਾਂ ਵਿੱਚ ਐਨਰਜੀ ਡਰਿੰਕਸ ਦੀ ਖ਼ਰੀਦ ਉੱਤੇ ਉਮਰ ਦੀ ਹੱਦ ਲਾਈ ਗਈ ਹੈ। ਇੱਕ ਰਿਪੋਰਟ ਦੇ ਅਨੁਸਾਰ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਐਨਰਜੀ ਡਰਿੰਕਸ ਪੀਣ ਦੀ ਸਿਫ਼ਾਰਸ਼ ਨਹੀਂ ਕੀਤੀ ਜਾਂਦੀ। ਉਲਟ, ਇਹ ਸੂਚਿਤ ਕੀਤਾ ਗਿਆ ਹੈ ਕਿ ਇਹ ਸਿਹਤ ਲਈ ਵੱਡਾ ਖਤਰਾ ਹਨ।

ਜਿਵੇਂ ਕਿ ਅੱਜ ਦੇ ਸਮੇਂ ਬਜ਼ਾਰ ਵਿੱਚ ਰੈੱਡ ਬੁੱਲ, ਮੌਨਸਟਰ, ਸਟਿੰਗ, ਚਾਰਜ ਆਦਿ ਜਿਹੇ ਡਰਿੰਕਸ ਦੀ ਮੰਗ ਬਹੁਤ ਵਧ ਚੁੱਕੀ ਹੈ, ਇਨ੍ਹਾਂ ਦੀ ਉਪਲਬਧਤਾ ਹਰੇਕ ਦੁਕਾਨ ’ਤੇ ਆਸਾਨੀ ਨਾਲ ਹੋ ਰਹੀ ਹੈ। ਇਨ੍ਹਾਂ ਦੀਆਂ ਪੈਕੇਜਿੰਗ ਅਤੇ ਵਿਗਿਆਪਨ ਇਸ ਤਰੀਕੇ ਨਾਲ ਬਣਾਏ ਜਾਂਦੇ ਹਨ ਕਿ ਵਿਦਿਆਰਥੀਆਂ ਅਤੇ ਨੌਜਵਾਨ ਆਪਣੇ ਆਪ ਇਸ ਨੂੰ ਲੈਣ ਲਈ ਮਜਬੂਰ ਮਹਿਸੂਸ ਕਰਦੇ ਹਨ। ਦੁਕਾਨਾਂ ਵਿੱਚ ਇਨ੍ਹਾਂ ਡਰਿੰਕਸ ਨੂੰ ਕੈਂਡੀ ਜਾਂ ਸੌਫਟ ਡਰਿੰਕ ਨਾਲ ਮਿਲਾ ਕੇ ਰੱਖਿਆ ਜਾਂਦਾ ਹੈ, ਜੋ ਕਿ ਨਿਸ਼ਾਨਾ ਸਿੱਧਾ ਬੱਚਿਆਂ ਉੱਤੇ ਹੁੰਦਾ ਹੈ। ਸਿਹਤ ਮਾਹਿਰਾਂ ਦੇ ਅਨੁਸਾਰ ਇਹ ਡਰਿੰਕਸ ਜਦੋਂ ਸਰੀਰ ਵਿੱਚ ਜਾਂਦੇ ਹਨ ਤਾਂ ਕਈ ਤਰ੍ਹਾਂ ਦੀਆਂ ਅਲਰਜੀਆਂ, ਹਾਰਟ ਅਟੈਕ, ਉਲਟੀਆਂ, ਦਸਤ, ਸਰੀਰਕ ਹਾਰਮੋਨ ਵਿੱਚ ਬਦਲਾਅ ਅਤੇ ਮਾਨਸਿਕ ਚਿੰਤਾ ਪੈਦਾ ਕਰ ਸਕਦੇ ਹਨ। ਦਿਲ ਦੀ ਧੜਕਣ ਵਧ ਜਾਣਾ, ਬੇਚੈਨੀ ਮਹਿਸੂਸ ਕਰਨਾ ਅਤੇ ਨੀਂਦ ਨਾ ਆਉਣਾ ਆਮ ਲੱਛਣ ਹਨ। ਵਿਦਿਆਰਥੀਆਂ ਦੀ ਪੜ੍ਹਾਈ ਪ੍ਰਭਾਵਤ ਹੁੰਦੀ ਹੈ ਅਤੇ ਉਹ ਆਪਣੀ ਸਹੀ ਸਮਝਦਾਰੀ ਗੁਆ ਬਹਿੰਦੇ ਹਨ। ਕੁਝ ਹਾਲਾਤ ਵਿੱਚ ਤਾਂ ਇਨ੍ਹਾਂ ਨਾਲ ਡੀਹਾਈਡ੍ਰੇਸ਼ਨ, ਲਿਵਰ ਡੈਮੇਜ ਅਤੇ ਨਰਵਸ ਸਿਸਟਮ ਦੀ ਗੜਬੜੀ ਵੀ ਹੋ ਸਕਦੀ ਹੈ।

ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਹੇਠ ਸਿਹਤ ਵਿਭਾਗ ਨੇ ਇੱਕ ਵਧੀਆ ਕਦਮ ਚੁੱਕਿਆ ਹੈ। ਸਿਹਤ ਮੰਤਰੀ ਡਾ. ਬਲਵੀਰ ਸਿੰਘ ਵੱਲੋਂ ਐਲਾਨ ਕੀਤਾ ਗਿਆ ਕਿ ਸਕੂਲਾਂ ਅਤੇ ਉਹਨਾਂ ਦੇ ਆਲੇ ਦੁਆਲੇ ਐਨਰਜੀ ਡਰਿੰਕਸ ਦੀ ਵਿਕਰੀ ’ਤੇ ਪਾਬੰਦੀ ਲਾਈ ਗਈ ਹੈ। ਇਹ ਫੈਸਲਾ ਬੱਚਿਆਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਲਿਆ ਗਿਆ ਹੈ। ਇਹ ਕਦਮ ਨਸ਼ਿਆਂ ਵੱਲ ਵਧ ਰਹੇ ਰੁਝਾਨ ਨੂੰ ਰੋਕਣ ਲਈ ਇੱਕ ਸ਼ੁਰੂਆਤੀ ਉਪਰਾਲਾ ਸਾਬਤ ਹੋ ਸਕਦਾ ਹੈ। ਪਰ ਇਨ੍ਹਾਂ ਸਰਕਾਰੀ ਉਪਰਾਲਿਆਂ ਨੂੰ ਕਾਮਯਾਬ ਬਣਾਉਣ ਲਈ ਸਿਰਫ ਸਰਕਾਰ ਨਹੀਂ ਸਗੋਂ ਸਮਾਜ ਦੇ ਹਰੇਕ ਭਾਗ ਨੂੰ ਆਪਣੀ ਭੂਮਿਕਾ ਨਿਭਾਉਣੀ ਪਵੇਗੀ। ਮਾਪਿਆਂ ਨੂੰ ਵੀ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਆਪਣੇ ਬੱਚਿਆਂ ਉੱਤੇ ਨਿਗਰਾਨੀ ਰੱਖਣੀ ਪਵੇਗੀ। ਉਹਨਾਂ ਨੂੰ ਸਮਝਾਉਣਾ ਪਵੇਗਾ ਕਿ ਸਰੀਰਕ ਥਕਾਵਟ ਤੋਂ ਬਚਣ ਦੇ ਹੋਰ ਸਿਹਤਮੰਦ ਤਰੀਕੇ ਵੀ ਹਨ, ਜਿਵੇਂ ਕਿ ਵਿਆਯਾਮ, ਯੋਗਾ, ਪੌਸ਼ਟਿਕ ਭੋਜਨ ਅਤੇ ਪੂਰੀ ਨੀਂਦ ਲੈਣਾ ਆਦਿ। ਸਕੂਲਾਂ ਵਿੱਚ ਵੀ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਖਤਰੇ ਬਾਰੇ ਜਾਗਰੂਕ ਕਰਨ ਦੀ ਲੋੜ ਹੈ। ਇਸੇ ਤਰ੍ਹਾਂ ਮੀਡੀਆ ਅਤੇ ਵਿਗਿਆਪਨ ਇੰਡਸਟਰੀ ਨੂੰ ਵੀ ਆਪਣੀ ਭੂਮਿਕਾ ਸਮਝਣੀ ਪਵੇਗੀ। ਐਨਰਜੀ ਡਰਿੰਕਸ ਨੂੰ ਰੋਮਾਂਚਕ ਜਾਂ ਕੂਲ ਬਣਾਉਣ ਦੀ ਥਾਂ ਉਨ੍ਹਾਂ ਦੇ ਸਹੀ ਪ੍ਰਭਾਵਾਂ ਨੂੰ ਦਰਸਾਉਣ ਦੀ ਲੋੜ ਹੈ। ਜੇਕਰ ਇਹ ਸਾਰੀਆਂ ਤਾਕਤਾਂ ਇੱਕਠੀਆਂ ਹੋ ਕੇ ਕੰਮ ਕਰਨ ਤਾਂ ਇਹ ਲਹਿਰ ਇੱਕ ਇਨਕਲਾਬੀ ਰੂਪ ਲੈ ਸਕਦੀ ਹੈ ਜੋ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਵੱਲ ਵਧੇਗੀ।

ਅੰਤ ਵਿੱਚ ਇਹ ਕਹਿਣਾ ਉਚਿਤ ਹੋਵੇਗਾ ਕਿ ਐਨਰਜੀ ਡਰਿੰਕਸ ਇੱਕ ਨਵੇਂ ਰੂਪ ਵਿੱਚ ਨਸ਼ੇ ਦੀ ਸ਼ੁਰੂਆਤ ਹਨ। ਇਨ੍ਹਾਂ ਰਾਹੀਂ ਨੌਜਵਾਨੀ ਨੂੰ ਜੋ ਰਸਤਾ ਦਿਖਾਇਆ ਜਾ ਰਿਹਾ ਹੈ, ਉਹ ਆਖ਼ਰਕਾਰ ਖਤਰਨਾਕ ਨਸ਼ਿਆਂ ਦੀ ਜਕੜ ਵੱਲ ਲੈ ਜਾਂਦਾ ਹੈ। ਇਸ ਤਰ੍ਹਾਂ ਦੇ ਡਰਿੰਕਸ ਨੂੰ ਸਿਰਫ ਤੰਦਰੁਸਤ ਸਰੀਰ ਲਈ ਹੀ ਨਹੀਂ, ਸਗੋਂ ਸਮੁੱਚੇ ਸਮਾਜ ਲਈ ਵੀ ਖ਼ਤਰਾ ਮੰਨਣਾ ਪਵੇਗਾ। ਅਸਲ ਤਬਦੀਲੀ ਤਾਂ ਉਦੋਂ ਆਏਗੀ ਜਦੋਂ ਹਰ ਨਾਗਰਿਕ ਇਹ ਫੈਸਲਾ ਕਰ ਲਵੇਗਾ ਕਿ ਨੌਜਵਾਨੀ ਨੂੰ ਸਿਰਫ ਨਸ਼ਿਆਂ ਤੋਂ ਨਹੀਂ, ਸਗੋਂ ਨਸ਼ਿਆਂ ਦੀ ਹਰ ਸ਼ੁਰੂਆਤ ਤੋਂ ਵੀ ਬਚਾਉਣਾ ਹੈ।

## ਸਿਹਤਮੰਦ ਸ਼ੁਰੂਆਤ

# ਆਸਵੰਦ ਭਵਿੱਖ

ਲੇਖਕ : ਨਰਿੰਦਰ ਪਾਲ ਸਿੰਘ, ਸੰਪਰਕ: 98768-05158

ਵਿਸ਼ਵ ਸਿਹਤ ਦਿਵਸ ਹਰ ਸਾਲ 7 ਅਪਰੈਲ ਨੂੰ ਮਨਾਇਆ ਜਾਂਦਾ ਹੈ ਜਿਸ ਦਾ ਮੁੱਖ ਉਦੇਸ਼ ਦੁਨੀਆ ਭਰ ਵਿੱਚ ਸਿਹਤ ਸਬੰਧੀ ਜਾਗਰੂਕਤਾ ਪੈਦਾ ਕਰਨਾ ਹੈ। ਵਿਸ਼ਵ ਸਿਹਤ ਦਿਵਸ ਦੀ ਸ਼ੁਰੂਆਤ ਵਿਸ਼ਵ ਸਿਹਤ ਸੰਸਥਾ ਦੀ ਸਿਹਤ ਸਬੰਧੀ ਹਾਲਾਤ ਸੁਧਾਰਨ ਅਤੇ ਸੰਸਾਰ ਭਰ ਵਿੱਚ ਜ਼ਰੂਰੀ ਸਿਹਤ ਤਬਦੀਲੀ ਲਿਆਉਣ ਲਈ ਕੀਤੀ ਗਈ ਸੀ। 2025 ਵਿੱਚ ਇਸ ਦਿਵਸ ਦਾ ਵਿਸ਼ੇਸ਼ ਫੋਕਸ ਹੈ: ਸਿਹਤਮੰਦ ਸ਼ੁਰੂਆਤ, ਆਸਵੰਦ ਭਵਿੱਖ। ਇਸ ਸਾਲ ਦਾ ਥੀਮ ਸਾਨੂੰ ਇਹ ਸਮਝਾਉਂਦਾ ਹੈ ਕਿ ਜੀਵਨ ਦੀ ਸ਼ੁਰੂਆਤ ਤੋਂ ਹੀ ਸਿਹਤਮੰਦ ਰਹਿਣਾ ਕਿਵੇਂ ਸੰਪੂਰਨ ਅਤੇ ਖੁਸ਼ਹਾਲ ਭਵਿੱਖ ਦੀ ਬੁਨਿਆਦ ਰੱਖ ਸਕਦਾ ਹੈ। ਅੱਜ ਦੇ ਸਮੇਂ ਵਿੱਚ ਵਿਸ਼ਵ ਭਰ ਵਿੱਚ ਬਹੁਤ ਸਾਰੀਆਂ ਸਿਹਤ ਸਮੱਸਿਆਵਾਂ ਅਤੇ ਮੁਸ਼ਕਿਲਾਂ ਆ ਰਹੀਆਂ ਹਨ ਜਿਵੇਂ ਮੋਟਾਪਾ, ਸ਼ੂਗਰ ਅਤੇ ਮਾਨਸਿਕ ਤੇ ਲਾਗ ਦੀਆਂ ਬਿਮਾਰੀਆਂ ਪਰ ਜੇਕਰ ਹਰੇਕ ਸ਼ਖ਼ਸ ਅਤੇ ਸਮਾਜ ਸਿਹਤਮੰਦ ਸ਼ੁਰੂਆਤਾਂ ਦੀ ਅਹਿਮੀਅਤ ਸਮਝੇ ਅਤੇ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਸਿਹਤਮੰਦ ਜੀਵਨ ਸ਼ੈਲੀ ਅਪਣਾਈ ਜਾਵੇ ਤਾਂ ਅਸੀਂ ਆਸਵੰਦ ਭਵਿੱਖ ਦੀ ਉਮੀਦ ਰੱਖ ਸਕਦੇ ਹਾਂ।

### ਸਿਹਤਮੰਦ ਸ਼ੁਰੂਆਤ

ਜੀਵਨ ਦੀ ਸ਼ੁਰੂਆਤ ਨਵੇਂ ਸੰਸਾਰ ਵਿੱਚ ਕਦਮ ਰੱਖਣ ਵਰਗੀ ਹੁੰਦੀ ਹੈ। ਬੱਚੇ ਦੇ ਜਨਮ ਤੋਂ ਬਾਅਦ ਉਸ ਲਈ ਸਿਹਤਮੰਦ ਆਦਤਾਂ ਦਾ ਵਿਕਾਸ ਕਰਨਾ ਵੀ ਬੜਾ ਜ਼ਰੂਰੀ ਹੈ। ਮਾਤਾ-ਪਿਤਾ ਅਤੇ ਸੰਭਾਲ ਕਰਨ ਵਾਲੇ ਲੋਕਾਂ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਬੱਚਿਆਂ ਨੂੰ ਸਿਹਤਮੰਦ ਖੁਰਾਕ ਅਤੇ ਸਿਹਤਮੰਦ ਜੀਵਨ ਸ਼ੈਲੀ ਵਾਲੀ ਆਦਤਾਂ ਸਿਖਾਉਣ ਜਿਵੇਂ ਸੰਤੁਲਿਤ ਖਾਣ-ਪੀਣ, ਕਸਰਤ ਅਤੇ ਕੁਦਰਤ ਨਾਲ ਜੁੜਨਾ। ਹੇਠਾਂ ਕੁਝ ਅਹਿਮ ਪਹਿਲੂ ਹਨ ਜੋ ਬੱਚਿਆਂ ਦੀ ਸਿਹਤਮੰਦ ਸ਼ੁਰੂਆਤ ਲਈ ਜ਼ਰੂਰੀ ਹਨ:

### ਪੋਸ਼ਣ

ਸ਼ੁਰੂਆਤ ਵਿੱਚ ਮਾਂ ਦਾ ਦੁੱਧ ਬੱਚੇ ਲਈ ਸਭ ਤੋਂ ਮਦਦਗਾਰ ਹੈ। ਇਸ ਨਾਲ ਨਵਜੰਮੇ ਸਰੀਰ ਨੂੰ ਜ਼ਰੂਰੀ ਪੋਸ਼ਣ ਅਤੇ ਇਮਿਊਨ ਸਿਸਟਮ ਮਿਲਦਾ ਹੈ। ਮਾਂ ਦਾ ਪਹਿਲਾ ਦੁੱਧ ਬੱਚੇ ਲਈ ਵਰਦਾਨ ਦਾ ਕੰਮ ਕਰਦਾ ਹੈ। ਬੱਚੇ ਨੂੰ 6 ਮਹੀਨੇ ਦੀ ਉਮਰ ਤੱਕ ਸਿਰਫ ਮਾਂ ਦਾ ਦੁੱਧ ਹੀ ਪਿਲਾਇਆ ਜਾਵੇ।

### ਸੰਤੁਲਿਤ ਭੋਜਨ

ਬੱਚਿਆਂ ਨੂੰ ਸਹੀ ਮਾਤਰਾ ਵਿੱਚ ਭੋਜਨ, ਪਾਣੀ, ਫਲ, ਸਬਜ਼ੀਆਂ ਖਾਣ ਲਈ ਉਤਸ਼ਾਹਿਤ ਕੀਤਾ ਜਾਵੇ। ਬੱਚੇ ਨੂੰ ਬਚਪਨ ਤੋਂ ਹੀ ਘਰ ਦੀਆਂ ਬਣੀਆਂ ਚੀਜ਼ਾਂ ਖਾਣ ਦੀ ਆਦਤ ਪਾਉਣੀ ਚਾਹੀਦੀ ਹੈ। ਬੱਚੇ ਨੂੰ 6 ਮਹੀਨੇ ਦੀ ਉਮਰ ਤੋਂ ਬਾਅਦ ਮਾਂ ਦੇ ਦੁੱਧ ਦੇ ਨਾਲ ਨਾਲ ਤਰਲ, ਅਰਧ ਠੋਸ ਅਤੇ ਠੋਸ ਦੇ ਕ੍ਰਮ ਵਿੱਚ ਦਾਲਾਂ ਦਾ ਪਾਣੀ, ਦਾਲ ਸਬਜ਼ੀ ਆਦਿ ਖਾਣ ਲਈ ਦਿੱਤੀ ਜਾਵੇ ਤਾਂ ਜੋ ਬੱਚੇ ਨੂੰ ਇਨ੍ਹਾਂ ਦੇ ਸਵਾਦ ਦਾ ਅਹਿਸਾਸ ਹੋਵੇ। ਫਾਸਟ ਫੂਡ, ਐਨਰਜੀ ਡ੍ਰਿੰਕ ਆਦਿ ਤੋਂ ਪ੍ਰਹੇਜ ਕੀਤਾ ਜਾਵੇ।



### ਸਰੀਰਕ ਗਤੀਵਿਧੀਆਂ

ਬੱਚੇ ਦੀ ਤੰਦਰੁਸਤੀ ਲਈ ਖਾਣ ਪੀਣ ਦੇ ਨਾਲ-ਨਾਲ ਸਰੀਰਕ ਗਤੀਵਿਧੀਆਂ ਵੱਲ ਵੀ ਉਤਸ਼ਾਹਿਤ ਕੀਤਾ ਜਾਵੇ। ਖੇਡਾਂ ਨਾਲ ਜਿੱਥੇ ਤੰਦਰੁਸਤੀ ਮਿਲਦੀ ਹੈ, ਉੱਥੇ ਹੀ ਸਮਾਜਿਕ ਤੌਰ ’ਤੇ ਮਿਲਵਰਤਣ ਦੀ ਭਾਵਨਾ ਵੀ ਪ੍ਰਫੁਲਿਤ ਹੁੰਦੀ ਹੈ।

### ਮਨੋਵਿਗਿਆਨਿਕ ਅਤੇ ਸਮਾਜਿਕ ਆਦਤਾਂ

ਬੱਚਿਆਂ ਨੂੰ ਸਮਾਜਿਕ, ਮਨੋਵਿਗਿਆਨਿਕ ਅਤੇ ਨੈਤਿਕ ਮੁੱਲਾਂ ਨੂੰ ਪੜ੍ਹਾਈ ਜਾਂ ਗੱਲਾਂ ਰਾਹੀਂ ਸਿਖਾਉਣ ਨਾਲ ਉਨ੍ਹਾਂ ਦੀ ਮਾਨਸਿਕ ਸਿਹਤ ਵਿੱਚ ਸੁਧਾਰ ਹੁੰਦਾ ਹੈ ਅਤੇ ਭਵਿੱਖ ਵਿੱਚ ਉਹ ਜ਼ਿੰਮੇਵਾਰ ਨਾਗਰਿਕ ਵਜੋਂ ਵਿਚਰਦਾ ਹੈ।

### ਸਿਹਤਮੰਦ ਸ਼ੁਰੂਆਤ ਦੇ ਹੋਰ ਮਹੱਤਵਪੂਰਨ ਪੱਖ

ਸਿਹਤਮੰਦ ਸ਼ੁਰੂਆਤ ਹੋ ਜਾਂਦੀ ਹੈ ਤਾਂ ਇਹ ਆਸਵੰਦ ਅਤੇ ਸਮਰੱਥ ਭਵਿੱਖ ਦੀ ਸੰਭਾਵਨਾ ਨੂੰ ਜਨਮ ਦਿੰਦੀ ਹੈ। ਸਿਹਤਮੰਦ ਜੀਵਨ ਦੀ ਸ਼ੁਰੂਆਤ ਨਾ ਕੇਵਲ ਬੰਦੇ ਦੀ ਸਿਹਤ ਬਲਕਿ ਸਮੂਹ ਸਮਾਜ ਅਤੇ ਰਾਸ਼ਟਰ ਦੇ ਆਰਥਿਕ ਅਤੇ ਸਮਾਜਿਕ ਸੁਧਾਰ ਲਈ ਵੀ ਲਾਭਕਾਰੀ ਹੁੰਦੀ ਹੈ।

### ਸਿਹਤਮੰਦ ਜੀਵਨ ਸ਼ੈਲੀ

ਸਿਹਤਮੰਦ ਸ਼ੁਰੂਆਤ ਦਾ ਮਤਲਬ ਸਿਰਫ ਖੁਸ਼ਹਾਲ ਜੀਵਨ ਹੀ ਨਹੀਂ ਸਗੋਂ ਆਪਣੇ ਸਰੀਰ ਅਤੇ ਮਾਨਸਿਕ ਸੁਖ-ਸ਼ਾਂਤੀ ਦਾ ਵੀ ਸੁਨਹਿਰਾ ਮੌਕਾ ਹੈ। ਅੱਜ ਕੱਲ੍ਹ ਜਦੋਂ ਵਿਸ਼ਵ ਵਿੱਚ ਬਹੁਤ ਸਾਰੀਆਂ ਸਿਹਤ ਸਮੱਸਿਆਵਾਂ ਉੱਭਰੀਆਂ ਹਨ, ਲੋਕਾਂ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੀ ਜੀਵਨ ਸ਼ੈਲੀ ਨੂੰ ਵਧੀਆ ਬਣਾਉਣ ਲਈ ਕੁਝ ਅਹਿਮ ਕਦਮ ਉਠਾਉਣ।

### ਕੁਝ ਮਹੱਤਵਪੂਰਨ ਬਿੰਦੂ ਹਨ:

ਕਸਰਤ: ਹਰ ਰੋਜ਼ ਕਸਰਤ ਕਰਨਾ ਸਿਹਤ ਲਈ ਫਾਇਦੇਮੰਦ ਹੈ। ਇਸ ਨਾਲ ਸਰੀਰ ਦੀ ਚਰਬੀ ਘੱਟ ਹੁੰਦੀ ਹੈ ਅਤੇ ਮਨ ਨੂੰ ਸ਼ਾਂਤੀ ਮਿਲਦੀ ਹੈ।

### ਸਿਹਤਮੰਦ ਖੁਰਾਕ:

ਸਿਹਤਮੰਦ ਖਾਣਾ ਸਰੀਰ ਦੀ ਮਜ਼ਬੂਤੀ ਲਈ ਜ਼ਰੂਰੀ ਹੈ। ਹਰ ਤਰ੍ਹਾਂ ਦੇ ਫਲ, ਸਬਜ਼ੀਆਂ ਅਤੇ ਪੋਸ਼ਕ ਤੱਤਾਂ ਨਾਲ ਭਰਪੂਰ ਖੁਰਾਕ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਸ਼ਾਮਿਲ ਕਰਨਾ ਚਾਹੀਦਾ ਹੈ।

### ਮਨੋਵਿਗਿਆਨਿਕ ਸਿਹਤ:

ਮਾਨਸਿਕ ਸਿਹਤ ਲਈ ਯੋਗ ਅਤੇ ਧਿਆਨ ਦੇ ਅਭਿਆਸਾਂ ਨੂੰ ਅਪਣਾ ਕੇ ਜੀਵਨ ਨੂੰ ਹੋਰ ਬਿਹਤਰ ਬਣਾਇਆ ਜਾ ਸਕਦਾ ਹੈ।

### ਪੂਰੀ ਨੀਂਦ:

ਜਿੰਨਾ ਜ਼ਿਆਦਾ ਅਰਾਮ ਮਿਲਦਾ ਹੈ, ਉਸ ਨਾਲ ਮਨ ਅਤੇ ਸਰੀਰ ਨੂੰ ਤਾਜ਼ਗੀ ਮਿਲਦੀ ਹੈ ਤੇ ਸਿਹਤ ਤੰਦਰੁਸਤ ਰਹਿੰਦੀ ਹੈ।

ਸਪੱਸ਼ਟ ਹੈ ਕਿ ਸਿਹਤਮੰਦ ਜ਼ਿੰਦਗੀ ਜਿਊਣ ਲਈ ਤੰਦਰੁਸਤ ਜੀਵਨ ਸ਼ੈਲੀ ਅਪਣਾਉਣ ਦੀ ਲੋੜ ਹੈ ਅਤੇ ਚੰਗੀਆਂ ਆਦਤਾਂ ਦੀ ਸ਼ੁਰੂਆਤ ਕਰਨ ਦੀ ਲੋੜ ਹੈ।

# ਕਾਵਿ ਕਿਆਰੀ

## ਮਿਹਨਤਕਸ਼ੋ ਕਿਰਤੀਓ

ਮਿਹਨਤਕਸ਼ੋ ਕਿਰਤੀਓ
ਇੱਕ ਹੋ ਜਾਓ,

ਸੱਚ ਜਾਣਿਓ ਇੱਕ
ਹੋਵਣ ਦਾ ਵੇਲਾ ਹੈ।

ਹਾਕਮ ਲੁੱਟ ਰਹੇ
ਸ਼ੋਸ਼ਣ ਸ਼ਰ੍ਹੇਆਮ ਕਰਨ,

ਫਿਰ ਨਾ ਆਖਿਓ ਹੋ
ਗਿਆ ਕੁਵੇਲਾ ਹੈ।

ਸਾਨੂੰ ਮਿਹਨਤ ਦਾ
ਮੁੱਲ ਮਿਲਦਾ ਨਹੀਂ,

ਹੁਣ ਤਾਂ ਧੁੰਦਲਾ
ਜਾਪਦਾ ਸਵੇਰਾ ਹੈ।

ਹੱਥਾਂ 'ਚ ਅੱਟਣ ਪੈ
ਗਏ ਮਜ਼ਦੂਰੀ ਕਰਦਿਆਂ,

ਸਾਡੇ ਅਜੇ ਕੱਚੇ ਘਰ ਨੇ
ਜਿੱਥੇ ਸਾਡਾ ਬਸੇਰਾ ਹੈ।

ਹੁਣ ਤਾਂ ਬੱਚੇ ਵੀ ਦਿਹਾੜੀ
ਕਰਦੇ ਨੇ ਨਾਲ ਸਾਡੇ,

ਜੀਹਨੇ ਕੰਮ ਕਰਨਾ ਖ਼ੈਰ
ਕੰਮ ਤਾਂ ਇੱਥੇ ਬਥੇਰਾ ਹੈ।

ਬੇਟੀ ਮਾਂ ਨਾਲ ਭੱਠੇ
'ਤੇ ਜਾਂਦੀ ਹੈ ਹੁਣ ਤਾਂ ,

ਪੈਸੇ ਜੋੜ ਅਸੀਂ ਲੈਣਾ
ਇੱਕ ਲਵੇਰਾ ਹੈ।

ਮਿਹਨਤ ਕਰਦਾ ਹੈ
ਸਾਰਾ ਟੱਬਰ, ਤਾਂ ਵੀ,

ਕਰਜ਼ ਘਟੇ ਨਾ ਭਵਿੱਖ
ਕਿਉਂ ਹਨੇਰਾ ਹੈ?

ਸੇਠ ਕਹਿੰਦਾ ਬੱਚੇ ਵੀ
ਕੰਮ ਲਾ ਲਏ ਪੜ੍ਹਾ ਲੈਂਦਾ,

ਅਨਪੜ੍ਹ ਰੱਖੇਂਗਾ ਦਿਮਾਗ਼
ਕੰਮ ਨਹੀਂ ਕਰਦਾ ਤੇਰਾ ਹੈ।

ਮੈਂ ਵੀ ਇਹੋ ਚਾਹੁਨਾ ਪਰ
ਮਹਿੰਗੀਆਂ ਫੀਸਾਂ ਕਿਵੇਂ ਭਰੂੰ,

ਕਰਜ਼ੇ ਦੀ ਪੰਡ ਭਾਰੀ ਕਰਾਂ
ਇੰਨਾ ਜਿਗਰਾ ਨਹੀਂ ਮੇਰਾ ਹੈ।

ਅਮੀਰ ਹੋਰ ਅਮੀਰ ਗ਼ਰੀਬ
ਹੋਰ ਗ਼ਰੀਬ ਹੋਈ ਜਾਂਦੇ,

ਹੁਣ ਤਾਂ ਜਾਗਣਾ ਪਊ,
ਜਦੋਂ ਜਾਗੇ ਉਦੋਂ ਸਵੇਰਾ ਹੈ।

ਲਹੂ ਪੀਣੀਆਂ ਜੋਕਾਂ ਦਾ
ਹੁਣ ਤਾਂ ਟਾਕਰਾ ਕਰਾਂਗੇ,

ਮੁੱਕ ਚੱਲਿਆ ਲਹੂ ਚੂਸ
ਲਿਆ ਹੁਣ ਤੱਕ ਬਥੇਰਾ ਹੈ।

ਚਿੱਟਕੱਪੜੀਏ ਪੰਜ ਸਾਲਾਂ
'ਚ ਇੱਕ ਵਾਰੀ ਆਉਂਦੇ,

ਇਨ੍ਹਾਂ ਲਈ ਇਹ ਦਿਨ
ਸ਼ੁਗਲ ਮੇਲਾ ਤੋਰਾ ਫੇਰਾ ਹੈ।

ਜਗਤਾਰ ਸਿੰਘ ਸਿੱਧੂ
ਸੰਪਰਕ: 98141-07374

## ਤਾਰਿਆ ਵੇ ਤੇਰੀ ਲੋਅ

ਚੰਨਾਂ ਵੇ ਤੇਰੀ ਚਾਨਣੀ
ਤਾਰਿਆ ਵੇ ਤੇਰੀ ਲੋਅ
ਤਾਰਿਆ ਵੇ ਤੇਰੀ ਲੋਅ

ਮੇਰੇ ਹਾਸੇ ਲੁੱਟ ਕੇ ਖੇੜਿਆਂ,
ਮੇਰੇ ਦਿੱਤੇ ਹੋਂਠ ਪਰੋ
ਮੈਂ ਅਮਾਨਤ ਰਾਂਝੇ ਚਾਕ ਦੀ,
ਮੇਰੇ ਨਾਲ ਹੋਇਆ ਧ੍ਰੋਹ
ਉਮਰਾਂ ਦੀਆਂ ਸਾਂਝਾਂ ਟੁੱਟੀਆਂ,
ਅੱਜ ਗਏ ਨਖੇੜੇ ਹੋ
ਤਾਰਿਆ ਵੇ ਤੇਰੀ ਲੋਅ

ਰੋਵਣ ਖ਼ੁਸ਼ੀਆਂ ਸਹਿਕਣ ਹਾਸੇ,
ਜਾਵਾਂ ਕਿਹੜੇ ਪਾਸੇ
ਚਾਰ ਚੁਫ਼ੇਰੇ ਘੁੱਪ ਹਨੇਰੇ,
ਹਾੜ੍ਹਾ ਵੇ ਅੜਿਓ
ਤਾਰਿਆ ਵੇ ਤੇਰੀ ਲੋਅ

ਬਾਬਲ ਦੀਆਂ ਅੱਖੀਆਂ ਦੇ ਚਾਨਣ,
ਅੰਮੀਂ ਦੇ ਅਰਮਾਨ
ਮੌਤ ਦੀ ਘੋੜੀ ਚੜ੍ਹੇ
ਅੱਜ ਵੀਰਾਂ ਦੀ ਭੈਣ ਨਿਮਾਣੀ,
ਕਿਸਦੀ ਵਾਗ ਫੜੇ
ਭੈਣਾਂ ਦੇ ਵੀਰਿਓ
ਭੈਣਾਂ ਦੇ ਵੀਰਿਓ
ਤਾਰਿਆ ਵੇ ਤੇਰੀ ਲੋਅ

ਲੇਖਕ : ਅਹਿਮਦ ਰਾਹੀ

## ਸ਼ਹਿਰ ਸਰਾਵਾਂ ਵਰਗੇ ਨੇ

ਸ਼ਹਿਰ ਸਰਾਵਾਂ ਵਰਗੇ ਨੇ।
ਲੋਕ ਖ਼ੁਦਾਵਾਂ ਵਰਗੇ ਨੇ।
ਸੱਭ ਰਵਈਏ ਸੋਚਾਂ ਦੇ,
ਤੇਜ਼ ਹਵਾਵਾਂ ਵਰਗੇ ਨੇ।

ਜਗ-ਮਗ ਕਰਦੇ ਹੋਠਾਂ ਤੇ,
ਹਰਫ਼ ਦੁਅਵਾਂ ਵਰਗੇ ਨੇ।
ਸਾਰੇ ਬੰਧਨ ਅੱਖੀਆਂ ਦੇ,
ਟੁੱਟੀਆਂ ਬਾਵ੍ਹਾਂ ਵਰਗੇ ਨੇ।

ਸੁੰਞੀ ਰਾਹ ਦੇ ਪਰਛਾਵੇਂ,
ਬਲਦੀਆਂ ਛਾਵਾਂ ਵਰਗੇ ਨੇ।

ਲੇਖਕ : ਅਕਰਮ ਸ਼ੇਖ਼

## ਲੀਕ

ਜੋ ਸਮਝੇ ਮਹਿਰਮ ਦਿਲ ਦੇ ਸਨ
ਹੁਣ ਜਦੋਂ ਕਦੀ ਵੀ ਮਿਲਦੇ ਹਨ
ਤਲਵਾਰ ਨਾਲ ਸੰਗੀਨ ਨਾਲ
ਜਾਂ ਕਲਮ ਦੀ ਨੋਕ ਮਹੀਨ ਨਾਲ
ਧਰਤੀ ਦੇ ਪਿੰਡੇ ਗੋਰੇ 'ਤੇ
ਖਿੱਚਦੇ ਨੇ ਲੀਕ ਬਰੀਕ ਜਹੀ
ਮੇਰੇ ਦਿਲ 'ਚੋਂ ਉਠਦੀ ਚੀਕ ਜਹੀ

ਦੱਸ ਭੇਤ ਆਪਣੇ ਖਾਸੇ ਦਾ
ਤੂੰ ਲੀਕੋਂ ਕਿਹੜੇ ਪਾਸੇ ਦਾ?
ਇਹ ਪੁੱਛਣ ਤੇ ਨਾ ਕੁਝ ਕਹਾਂ
ਸੋਚੀਂ ਪੈ ਜਾਵਾਂ ਚੁੱਪ ਰਹਾਂ।
ਖੁਦਗਰਜ਼ ਕਹਿਣ ਗੱਦਾਰ ਕਹਿਣ
ਬੁਜ਼ਦਿਲ ਸਮਝੌਤਾਕਾਰ ਕਹਿਣ
ਇਹ ਕੀ ਕੀ ਮੇਰੇ ਯਾਰ ਕਹਿਣ।

ਮੈਂ ਸਭ ਸੁਣ ਕੇ ਸਹਿ ਜਾਨਾਂ
ਤੇ ਕਹਿੰਦਾ ਕਹਿੰਦਾ ਰਹਿ ਜਾਨਾਂ
ਇਹ ਲੀਕ ਤਾਂ ਸਾਹ ਦੇ ਰੰਗ ਦੀ ਹੈ
ਮੇਰੇ ਫੇਫੜਿਆਂ 'ਚੋਂ ਲੰਘਦੀ ਹੈ।

ਲੇਖਕ : ਸੋਹਣ ਸਿੰਘ ਮੀਸ਼ਾ

## ਪਛੜੇ ਆਗੂ

ਪਾਰਟੀ ਜਿਹੜੀ ਦਾ ਜਾਏ ਹਾਰ ਆਗੂ,
ਹੌਸਲੇ ਰਹਿਣ ਕਿਵੇਂ ਬਰਕਰਾਰ ਬਾਬਾ।
ਜਦ ਇੰਜਨ ਹੀ ਮਾਰ ਮਿਸ ਗਿਆ,
ਡੱਬੇ ਲੱਗਣਗੇ ਕਿਵੇਂ ਪਾਰ ਬਾਬਾ।

ਬਿਨ ਮਲਾਹ ਨਾ ਕਦੇ ਤੁਰੇ ਬੇੜੀ,
ਜਾਂ ਫਿਰ ਵਿੱਚ ਨਾ ਹੋਣ ਸਵਾਰ ਬਾਬਾ।
ਹੋਵੇ ਵਾਸਣੀ ਨਾ ਕੋਲ ਜੀਹਦੇ,
ਕਿਵੇਂ ਤੋਰੇਗਾ ਘਰ-ਬਾਰ ਬਾਬਾ।

ਹੁੰਦੀ ਸਾਂਭਣੀ ਚੌਧਰ ਬੜੀ ਔਖੀ,
ਦੇਵੇ ਪਰਜਾ ਨਾ ਸਤਿਕਾਰ ਬਾਬਾ।
ਚੰਗਾ ਹੁੰਦਾ ਛੱਡ ਕੇ ਪਰ੍ਹੇ ਹੋਣਾ,
ਜੇ ਨਾ ਮਿਲਦਾ ਹੋਵੇ ਪਿਆਰ ਬਾਬਾ।

ਹੋਵੇ ਰਹਿਣਾ ਜੇ 'ਭਗਤਾ' ਸਦਾ ਆਗੂ,
ਪੈਂਦੀ ਰੱਖਣੀ ਜਿੱਤ ਬਰਕਰਾਰ ਬਾਬਾ।
ਨਹੀਂ ਤਾਂ ਪੁੱਛ ਨਾ ਕੋਈ ਦੱਸ ਰਹਿੰਦੀ,
ਬੰਦਾ ਜਾਂਦਾ ਹੋ ਬੇਕਾਰ ਬਾਬਾ।

ਲਿਖਤ : ਬਰਾੜ ਭਗਤਾ ਭਾਈ ਕਾ,
1-604-751-1113

## ਪੱਥਰ...

ਜਦ ਉਸ ਹੱਥੀਂ ਪੱਥਰ ਫੜਿਆ ਹੁੰਦਾ ਏ।
ਹਰ ਸ਼ੀਸ਼ੇ ਨੇ ਹਾਉਕਾ ਭਰਿਆ ਹੁੰਦਾ ਏ।
ਪਾਗਲ ਭੀੜ ਜਦੋਂ ਵੀ ਨਿਕਲੇ ਰਾਹਾਂ 'ਤੇ
ਹਰ ਬੰਦਾ ਹੀ ਓਦੋਂ ਡਰਿਆ ਹੁੰਦਾ ਏ।
ਅੱਜਕੱਲ੍ਹ ਸੀਸ ਕਟਾਉਣਾ ਪੈਂਦਾ ਸੱਚੇ ਨੂੰ
ਝੂਠਾਂ ਅੱਗੇ ਜਿਹੜਾ ਅੜਿਆ ਹੁੰਦਾ ਏ।
ਮਰ ਜਾਵਣ ਦੀ ਗੱਲ ਜਦ ਕਰਦਾ ਰੋ ਰੋ ਕੇ
ਬੰਦਾ ਓਦੋਂ ਦਿਲ ਤੋਂ ਸੜਿਆ ਹੁੰਦਾ ਏ।
ਹੋਰ ਵਸਾਉਣਾ ਦਿਲ ਵਿੱਚ ਔਖਾ ਕੰਮ ਹੁੰਦਾ
ਜਦ ਪਹਿਲਾਂ ਹੀ ਕੋਈ ਵਸਿਆ ਹੁੰਦਾ ਏ।
ਜੱਗ ਤੋਂ ਲੰਘ ਜਾਂਦਾ ਹੈ ਉਹ ਬਿਨ ਡਿੱਗਿਆਂ ਹੀ
ਜਿਸਦਾ ਹੱਥ ਉਸ ਦਾਤੇ ਫੜਿਆ ਹੁੰਦਾ ਏ।
ਭੀੜ ਪਤਾ ਕਿਉਂ ਰਹਿੰਦੀ ਅੱਜਕਲ੍ਹ ਰਾਹਾਂ 'ਤੇ?
ਰਾਹ 'ਤੇ ਲੋਕਾਂ ਕਬਜ਼ਾ ਕਰਿਆ ਹੁੰਦਾ ਏ।
ਉਸ ਦਾ ਮੰਜ਼ਿਲ ਉੱਤੇ ਪੁੱਜਣਾ ਲਾਜ਼ਮ ਹੈ
ਜੋ ਮੰਜ਼ਿਲ ਨੂੰ ਮਿਥ ਕੇ ਤੁਰਿਆ ਹੁੰਦਾ ਏ।
ਬਿਨ ਠੋਕਰ ਦੇ ਟੁੱਟਦਾ ਨਹੀਓਂ ਪਾਪ ਘੜਾ
ਚਾਹੇ ਗ.ਲ ਤੱਕ ਪੂਰਾ ਭਰਿਆ ਹੁੰਦਾ ਏ।

ਹਰਦੀਪ ਬਿਰਦੀ
ਸੰਪਰਕ: 90416-00900

## ਤੁਰ ਗਏ ਨੇ ਜੇ ਜਾਵਣ ਵਾਲੇ ਕੀ ਕਰੀਏ?

ਤੁਰ ਗਏ ਨੇ ਜੇ ਜਾਵਣ ਵਾਲੇ ਕੀ ਕਰੀਏ?
ਕਿਸਮਤ ਦੇ ਅੰਦਾਜ਼ ਨਿਰਾਲੇ ਕੀ ਕਰੀਏ?
ਸਾਰੇ ਘਰ ਨੂੰ ਜਿਨਹਾਂ ਰੋਸ਼ਨ ਕਰਨਾ ਨਈਂ,
ਏਹੋ ਜਿਹੇ ਮਜਬੂਰ ਉਜਾਲੇ ਕੀ ਕਰੀਏ?

ਇਕਲਾਪੇ ਨੇ ਰੂਹ ਵਿਚ ਡੇਰੇ ਲਾਏ ਨੇ,
ਰੌਲੇ ਨੇ ਜੇ ਆਲ ਦਵਾਲੇ ਕੀ ਕਰੀਏ?
ਸਾਡੇ ਤੇ ਸਭ ਜਜ਼ਬੇ ਪੱਥਰ ਹੋ ਗਏ ਨੇ,
ਸ਼ਾਮ-ਸਵੇਰੇ ਧੁੱਪਾਂ ਪਾਲੇ ਕੀ ਕਰੀਏ?

ਖ਼ਵਰੇ ਕਿੰਨਾਂ ਪੰਧ ਅਜੇ ਤਕ ਬਾਕੀ ਏ,
ਪੈਰਾਂ ਦੇ ਵਿਚ ਪੈ ਗਏ ਛਾਲੇ ਕੀ ਕਰੀਏ?
ਸਾਡੀ ਪਿਆਸ ਤੇ ਹੋਰ ਵਧਾਈ ਬੱਦਲਾਂ ਨੇ,
ਭਰ ਗਏ ਨੇ ਜੇ ਦਰਿਆ, ਨਾਲੇ, ਕੀ ਕਰੀਏ?
ਸਾਡੀ ਸਾਂਝ 'ਸਲੀਮ' ਜੀਹਦੇ ਨਾਲ ਪੈ ਗਈ ਏ,
ਜੇ ਉਹ ਸਾਡੀ ਪੱਗ ਉਛਾਲੇ ਕੀ ਕਰੀਏ?

ਲੇਖਕ : ਇਮਰਾਨ ਸਲੀਮ

## ਖਾਲੀ ਹੱਥ

ਮੈਂ ਆਇਆ ਵਿਚ ਜਹਾਨ ਦੇ
ਕਰਕੇ ਮੁੱਠੀ ਬੰਦ ।
ਮੁੱਠ ਖੁੱਲ੍ਹੀ ਵਿਚ ਕੁਝ ਨਾ ਮਿਲਿਆ
ਬਸ ਉਂਗਲਾਂ ਸੀ ਪੰਜ ॥
ਖਾਲੀਂ ਹੱਥ ਦੇਖ ਮੈਂ ਰੋਇਆ
ਲੋਕੀ ਸ਼ਗਨ ਮਨਾਵਣ ।
ਦੇ ਰੁਪੱਈਆ ਹੱਥ ਮੇਰੇ ਉਹ
ਮੈਨੂੰ ਚੁੱਪ ਕਰਾਵਣ ॥
ਦੇਖ ਤਮਾਸ਼ੇ ਜੱਗ ਦੇ ਮੈਨੂੰ
ਆਪਣਾ ਆਪ ਭੁੱਲਿਆ ।
ਸਾਰੇ ਮੈਨੂੰ ਲੱਗੇ ਆਪਣੇ
ਪੈਸਿਆਂ ਤੇ ਜਾ ਡੁੱਲ੍ਹਿਆ ॥
ਮੇਰਾ ਮੇਰਾ ਕਰਦਿਆਂ ਮੈਂ
ਮੈਂ ਵਿਚ ਹੋਇਆ ਜਵਾਨ ।
ਮੈਂ ਮੈਂ ਰਿਹਾ ਮੈਂ ਕਰਦਾ
ਭੁੱਲ ਗਿਆ ਭਗਵਾਨ ॥
ਕਰ ਕਮਾਈ ਦਿਨ ਰਾਤ ਮੈਂ
ਚੰਗੀ ਮਾਇਆ ਜੋੜੀ ।
ਭਰੇ ਖਜ਼ਾਨੇ ਦਿਲ ਨਾ ਭਰਿਆ
ਲੱਗੇ ਮੈਨੂੰ ਥੋਹੜੀ ॥
ਦਿਨ ਰਾਤ ਮੈਂ ਰਿਹਾ ਕਮਾਉਂਦਾ
ਦਾਨ ਪੁੰਨ ਨਾ ਕਰਿਆ ।
ਪੰਜ ਵਿਕਾਰਾਂ ਆਦੀ ਹੋਇਆ
ਰੱਬ ਯਾਦ ਨਾ ਕਰਿਆ ॥
ਮੋਹ ਮਾਇਆ ਐਸੀ ਮੱਤ ਮਾਰੀ
ਭੁੱਲਿਆ ਜੱਗ ਤੇ ਆਉਣਾ ।
ਪੰਜ ਵਿਕਾਰਾਂ ਲਾਈ ਯਾਰੀ
ਕੀ ਸੀ ਕਰਮ ਕਮਾਉਣਾ ॥
ਮੰਦਿਰ ਮਸਜ਼ਿਦ ਰਾਹੀਂ ਆਏ
ਦੇਖ ਭੋਰਾ ਨਾ ਖੜ੍ਹਿਆ ।
ਰੱਬ ਦੇ ਦਰ ਤੇ ਜਾਣ ਲਈ ਮੇਰਾ
ਭੋਰਾ ਨਾ ਮਨ ਕਰਿਆ ॥
ਹੱਡ ਮਾਸ ਦਾ ਪਿੰਜਰ ਮੇਰਾ
ਜੁਗਤਾਂ ਰਿਹਾ ਬਣਾਉਂਦਾ ।
ਅੰਦਰ ਦਾ ਸ਼ੈਤਾਨ ਮਨ ਮੇਰਾ
ਆਪਣੀ ਰਿਹਾ ਚਲਾਉਂਦਾ ॥
ਜਦ ਆਈ ਇਥੋਂ ਜਾਣ ਦੀ ਵਾਰੀ
ਦੇਖ ਕੇ ਮਨ ਘਬਰਾਇਆ ।
ਸਾਰੇ ਹੋ ਗਏ ਦੂਰ ਦੂਰ ਮੈਥੋਂ
ਕੋਈ ਨਾ ਨੇੜੇ ਆਇਆ ॥
ਨਿਕਲ ਪ੍ਰਾਣ ਮੇਰੇ
ਫੁੱਲੋਂ ਹੌਲੇ ਹੋਏ ।
ਨਾਲ ਜਾਣ ਨੂੰ ਕਰਮ ਰਹੇ ਜੋ
ਵਿਚ ਜਹਾਨ ਸੰਜੋਏ ॥
ਜਦ ਆਇਆ ਸੀ ਵਿਚ ਜਹਾਨ ਦੇ
ਤਦ ਸੀ ਮੁੱਠੀ ਬੰਦ ।
ਜਾਣ ਲੱਗੇ ਵੀ ਕੁਛ ਨਾ ਫੜਿਆ
ਖਾਲੀ ਮੁੱਠੀ ਬੰਦ ॥
ਖਾਲੀ ਹੱਥ ਹੈ ਆਉਣਾ ਜੱਗ ਤੇ
ਖ਼ਾਲੀ ਹੱਥ ਹੈ ਜਾਣਾ ।
ਭਾਵੇਂ ਕਰ ਲੈ ਲੱਖ ਕਮਾਈਆਂ
ਇਥੇ ਸਭ ਰਹਿ ਜਾਣਾ ॥
ਜਿਹੜੇ ਸੀ ਜਾਨੋਂ ਪਿਆਰੇ
ਅੱਜ ਓਹੀ ਵੈਰੀ ਹੋਏ ।
ਕਰ ਤਿਆਰੀ ਲੈ ਜਾਣ ਲਈ
ਮੂਹਰੇ ਆਣ ਖਲੋਏ ॥
ਚੁੱਕ ਸਰੀਰ ਲੈ ਕੇ ਤੁਰ ਪਏ
ਇਕ ਪਲ ਮੂਲ ਨਾ ਤਕਿਆ ।
ਵਿਚ ਸ਼ਮਸ਼ਾਨ ਲੈ ਕੇ ਆਏ
ਰਾਹ ਵਿਚ ਵੀ ਨਾ ਰੱਖਿਆ ॥
ਪਾ ਕੇ ਲੱਕੜਾਂ ਸੁਕੀਆਂ ਉਨ੍ਹਾ
ਐਸਾ ਲੰਬੂ ਲਾਇਆ ।
ਅੱਗ ਦੇ ਵਿਚ ਸਾੜਾ ਸਾੜ ਕੇ
ਜਿਸਮ ਭਸਮ ਬਣਾਇਆ ॥
ਮੇਰੀ ਮੇਰੀ ਕਰਦਾ ਸੀ ਅੱਜ
ਮਿੱਟੀ ਹੋ ਗਿਆ ਢੇਰੀ ।
ਛੱਡ ਜਹਾਨੋਂ ਖਾਲੀ ਤੁਰਿਆ
ਮੇਰੀ ਹੋ ਗਈ ਤੇਰੀ ॥
ਮਰ ਕੇ ਆਈ ਸਮਝ ਮੈਨੂੰ
ਇਸ ਜੱਗ ਦੀ ਹੇਰਾ ਫੇਰੀ ।
ਇਥੋਂ ਲੈ ਕੇ ਇਥੇ ਛੱਡਣੀ
ਨਾ ਤੇਰੀ ਨਾ ਮੇਰੀ ॥

ਲੇਖਕ : ਸੁਰਜੀਤ ਸਿੰਘ

## ਦਲ ਬਦਲੂ

ਸ਼ੀਸ਼ਾ ਸੀ ਜੋ ਸ਼ਹਿਰ ਦਾ,
ਉਹ ਸਖ਼ਸ਼ ਕਿੱਧਰ ਗਿਆ।

ਜੋ ਸਭ ਦਾ ਸਾਂਝਾ ਬੰਦਾ ਸੀ,
ਉਹ ਬੰਦਾ ਕਿੱਧਰ ਗਿਆ।

ਸਭ ਛਿੱਕੇ ਟੰਗ ਸਿਧਾਂਤਾਂ ਨੂੰ,
ਆਗੂ ਨੇ ਭੁੱਲੇ ਫਰਜ਼ਾਂ ਨੂੰ

ਮੂੰਹ ਆਪਣਾ ਚੁੱਕੀ ਫਿਰਦੇ ਨੇ,
ਜਨਤਾ ਦਾ ਚਿਹਰਾ ਵਿਸਰ ਗਿਆ।

ਨਾ ਦੀਨ ਰਿਹਾ ਨਾ ਦੁਨੀ ਰਹੀ,
ਬਸ ਭਰੀ ਤਜੌਰੀ ਦਿਸਦੀ ਏ,

ਹਮਦਰਦ ਕਹਾਉਂਦਾ ਲੋਕਾਂ ਦਾ,
ਹੋ ਭੀੜ ਦੇ ਵਿੱਚੋਂ ਤਿੱਤਰ ਗਿਆ।

ਛੱਡ ਨੇਤਾ ਆਪਣੇ ਲੋਕਾਂ ਨੂੰ,
ਜਾਅ ਜੋਕਾਂ ਦੇ ਨਾਲ ਰਲ਼ਿਆ ਏ

ਐ ਬਾਗ਼-ਏ ਸਿਆਸਤ ਕੀ ਹੋਊ,
ਕੋਈ ਉੱਧਰ ਗਿਆ ਕੋਈ ਇੱਧਰ ਗਿਆ।

ਲੁੱਟ ਲਈ ਕਹਾਰਾਂ ਨੇ ਡੋਲੀ,
ਮੁੱਠੀ 'ਚੋਂ ਮਾਰੂਥਲ ਕਿਰਿਆ,

ਉਹ ਤੀਲ੍ਹਾ ਖਾਕ 'ਚ ਰੁਲ ਜਾਂਦਾ,
ਜੋ ਬੰਨ ਦੇ ਵਿੱਚੋਂ ਨਿਕਲ ਗਿਆ।

ਨਾ ਅੱਗੇ ਦਾ ਨਾ ਪਿੱਛੇ ਦਾ,
ਤਵਾਰੀਖ਼ ਸਣਾਉਂਦੀ ਸਮਿਆਂ ਦੀ,

ਦੋ ਬੇੜੀ ਬੈਠਣ ਵਾਲੇ ਦਾ,
ਹੈ 'ਸੇਖੋਂ' ਇਹੋ ਹਸ਼ਰ ਰਿਹਾ।

ਲੇਖਕ : ਜਗਜੀਤ ਸਿੰਘ ਸੇਖੋਂ
ਸੰਪਰਕ: 81465-86690

## ਔਰਤ ਤੇ ਜ਼ਮੀਨ

ਆਦਮੀ
ਸਿਰਫ਼ ਇੱਛਾਵਾਂ ਦਾ
ਵਫਾਦਾਰ ਹੁੰਦਾ ਹੈ
ਭਟਕਦਾ ਰਹਿੰਦਾ ਹੈ
ਸਰੀਰ ਵਿੱਚ
ਮਾਣਦਾ ਹੈ ਖੁਸ਼ਬੋ ਭੌਰੇ ਵਾਂਗ
ਕਦੇ ਇਸ ਫੁੱਲ ਤੇ
ਕਦੇ ਉਸ ਤੇ
ਪਰਾਗ ਹੀ ਤਾਂ ਚਾਹੀਦਾ ਹੈ

ਔਰਤ ਧਰਤੀ ਵਾਂਗ ਹੁੰਦੀ
ਠੇਕੇ ਤੇ ਲਵੋ,
ਅੱਧ ਤੇ
ਭਾਵੇ ਆਪ ਬੀਜ ਲਵੋ
ਉਸਨੇ ਹਰ ਹਾਲ
ਕੁੱਖ ਹਰੀ ਕਰਨੀ
ਫਸਲ ਦੀ ਤਰਾਂ
ਦੇਣਾ ਤੁਹਾਡਾ ਅੰਸ਼।

ਫਿਤਰਤ ਨਹੀਂ ਬਦਲੀ
ਸਦੀ ਦਰ ਸਦੀ
ਏਹੀ ਹੋਇਆ
ਮਰਦ ਦੇ ਬੀਜ ਤੋਂ ਔਰਤ ਨੇ
ਰੁੱਖ ਪੈਦਾ ਕੀਤੇ
ਜੀਵਨ ਦੇ ਕੇ
ਬੇਅੰਤ ਦੁੱਖ ਸਹੇ
ਕਦੇ ਪਤਨੀ
ਕਦੇ ਪ੍ਰੇਮਿਕਾ
ਕਦੇ ਬਦਚਲਨ
ਰੂਪ ਹੀ ਬਦਲੇ
ਕਰਮ ਨਹੀਂ

ਲੇਖਕ : ਹਰਪ੍ਰੀਤ ਕੌਰ ਸੰਧੂ

# ਨਾਰੀ ਸੰਸਾਰ



## ਮਾਪਿਆਂ ਦਾ ਬੱਚਿਆਂ ਨਾਲ ਵਕਤ ਬਿਤਾਉਣਾ ਜ਼ਰੂਰੀ

ਲੇਖਕ : ਹਰਕੀਰਤ ਕੌਰ
ਮੋਬਾਈਲ : 97791-18066

ਮਨੁੱਖ ਨੂੰ ਵਧਣ-ਫੁਲਣ, ਖੁਸ਼ਹਾਲ ਰਹਿਣ ਲਈ ਜਿੰਨੀ ਸਾਹ, ਖਾਣੇ, ਪਾਣੀ ਦੀ ਜ਼ਰੂਰਤ ਹੈ, ਓਨੀ ਹੀ ਮਾਨਸਿਕ ਸਿਹਤ ਲਈ ਅਪਣੱਤ ਪਿਆਰ, ਮੋਹ ਦੀਆਂ ਤੰਦਾਂ ਦੀ ਵੀ ਲੋੜ ਰਹਿੰਦੀ ਹੈ। ਭਾਵਨਾਵਾਂ ਦੇ ਵਹਾਅ ਨੂੰ ਚੱਲਦਾ ਰੱਖਣ ਲਈ ਆਪਣਿਆਂ ਲਈ ਥੋੜ੍ਹਾ ਜਿਹਾ ਪਿਆਰ, ਸਤਿਕਾਰ, ਪਰਵਾਹ, ਫਿਕਰ ਵੀ ਜ਼ਰੂਰੀ ਹੈ। ਇਹ ਸਾਰੀਆਂ ਭਾਵਨਾਵਾਂ ਹਾਸੇ-ਠੱਠੇ, ਰੁੱਸਣਾ ਮਨਾਉਣਾ ਮਨੁੱਖੀ ਜੀਵਨ ਵਿਚ ਤਾਜ਼ਗੀ ਬਣਾਈ ਰੱਖਣ ਲਈ ਬਹੁਤ ਜ਼ਰੂਰੀ ਹਨ। ਪਿਆਰ, ਸਨੇਹ ਦੀਆਂ ਗੱਲਾਂ ਜਿਥੇ ਸਹਿਮੇ ਹੋਏ ਦਿਲਾਂ ਨੂੰ ਧਰਵਾਸ ਦੇ ਫਿਰ ਤੋਂ ਧੜਕਣਾਂ ਲਾ ਦਿੰਦੀਆਂ, ਉਥੇ ਜ਼ਿੰਦਗੀ ਤੋਂ ਮੂੰਹ ਫੇਰੀ ਬੈਠਿਆਂ ਨੂੰ ਦੁਬਾਰਾ ਜੀਊਣ ਲਈ ਉਕਸਾਉਂਦੀਆਂ ਹਨ।

ਅਸੀਂ ਤਰੱਕੀ ਦੇ ਰਾਹ 'ਤੇ ਤੁਰ ਰਹੇ ਹਾਂ, ਇਸ ਦੇ ਚਲਦਿਆਂ ਸਾਡੇ ਜੀਵਨ ਜੀਊਣ ਦੇ ਢੰਗ ਬਦਲ ਰਹੇ ਹਨ, ਸਾਡੀਆਂ ਕਦਰਾਂ-ਕੀਮਤਾਂ ਬਦਲ ਰਹੀਆਂ ਹਨ ਅਤੇ ਸਾਡੀਆਂ ਤਰਜੀਹਾਂ ਬਦਲ ਰਹੀਆਂ ਹਨ। ਤਿਉਹਾਰਾਂ ਨੂੰ ਮਨਾਉਣ ਦੇ ਤਰੀਕੇ ਬਦਲ ਰਹੇ ਹਨ, ਬੱਚਿਆਂ ਦੀਆਂ ਖੇਡਾਂ ਬਦਲ ਰਹੀਆਂ ਹਨ, ਸਭ ਤੋਂ ਵੱਡੀ ਗੱਲ ਇਨਸਾਨੀ ਸੁਭਾਅ ਬਦਲ ਰਹੇ ਹਨ। ਅੱਜ ਮਨੁੱਖ ਆਪਣੀ ਤਰੱਕੀ, ਪੈਸੇ ਨੂੰ ਤਰਜੀਹ ਦੇ ਰਿਹਾ ਹੈ, ਇਸ ਦੌੜ ਵਿਚ ਉਹ ਪਿੱਛੇ ਕੀ ਕੁਝ ਛੱਡੀ ਜਾ ਰਿਹਾ ਹੈ, ਉਸ ਦਾ ਅਹਿਸਾਸ ਉਸ ਨੂੰ ਸਮਾਂ ਲੰਘੇ ਤੋਂ ਹੋ ਰਿਹਾ ਹੈ ਤੇ ਕੁਝ ਨੂੰ ਹੋਵੇਗਾ। ਅੱਜ ਬਹੁਤ ਸਾਰੇ ਮਾਪੇ ਆਪਣੇ ਬੱਚਿਆਂ ਦੀ ਬੇਰੁਖੀ, ਅਨੁਸ਼ਾਸਨਹੀਣਤਾ, ਖਾਣਾ ਨਾ ਖਾਣ, ਮੋਬਾਈਲ ਜ਼ਿਆਦਾ ਵਰਤਣ ਆਦਿ ਆਦਤਾਂ ਤੋਂ ਪ੍ਰੇਸ਼ਾਨ ਨਜ਼ਰ ਆਉਂਦੇ ਹਨ। ਬਹੁਤ ਸਾਰੇ ਬੱਚੇ ਮਾਨਸਿਕ ਬਿਮਾਰੀਆਂ ਨਾਲ ਜੂਝ ਰਹੇ ਹਨ, ਕਈ ਵਾਰ ਇਹ ਬਿਮਾਰੀਆਂ ਆਪਣੀ ਆਖ਼ਰੀ ਹੱਦ ਤੱਕ ਪਹੁੰਚ ਜਾਂਦੀਆਂ ਹਨ ਅਤੇ ਆਤਮ ਹੱਤਿਆ ਦੇ ਰੂਪ ਵਿਚ ਜਵਾਨ ਬੱਚੇ-ਬੱਚੀਆਂ ਦੇ ਜੀਵਨ ਨੂੰ ਖਾ ਜਾਂਦੀਆਂ ਹਨ। ਇਨ੍ਹਾਂ ਸਭ ਹਾਲਾਤ ਦਾ ਮੁੱਖ ਕਾਰਨ ਬੱਚਿਆਂ ਨੂੰ ਅਪਣੱਤ ਦੀ ਪਈ ਘਾਟ ਹੈ। ਭਾਵੇਂ ਮਾਪੇ ਆਪਣੇ ਅਤੇ ਆਪਣੇ ਬੱਚੇ ਦੇ ਸੁਖਦ ਤੇ ਐਸ਼ੋ-ਆਰਾਮ ਲਈ ਮਿਹਨਤ ਕਰਦੇ ਹੋਣ, ਪਰ ਇਸ ਸਭ ਦੇ ਚਲਦਿਆਂ ਬੱਚਿਆਂ ਦੀਆਂ ਭਾਵਨਾਤਮਕ ਲੋੜਾਂ ਨੂੰ ਅੱਖੋਂ-ਪਰੋਖਿਆਂ ਕਰ ਦਿੰਦੇ ਹਨ। ਮਾਪੇ ਸਵੇਰ ਤੋਂ ਦਫ਼ਤਰਾਂ ਵਿਚ, ਬੱਚੇ ਸਕੂਲ ਵਿਚ, ਸ਼ਾਮ ਨੂੰ ਖਾਣਾ ਖਾ ਸਾਰੇ ਆਪੋ-ਆਪਣਿਆਂ ਕਮਰਿਆਂ ਵਿਚ। ਅੱਜ ਬਹੁਤਾਤ ਜ਼ਿੰਦਗੀਆਂ ਇਸੇ ਰੂਟੀਨ ਅਨੁਸਾਰ ਚੱਲ ਰਹੀਆਂ ਹਨ।

ਪਰਿਵਾਰਾਂ ਦਾ ਆਪਸ ਵਿਚ ਬੈਠ ਗੱਲਾਂ ਕਰਨੀਆਂ, ਹਾਸੇ ਠੱਠੇ, ਰਿਸ਼ਤੇਦਾਰਾਂ ਦਾ ਇਕੱਠੇ ਹੋਣਾ, ਇਕ ਦੂਸਰਿਆਂ ਦੀਆਂ ਮੁਸ਼ਕਿਲਾਂ ਨੂੰ ਸੁਣਨਾ, ਸਮਝਣਾ ਆਦਿ ਸਭ ਪਿੱਛੇ ਛੁੱਟਦਾ ਜਾ ਰਿਹਾ ਹੈ। ਇਸ ਸਭ ਵਿਚ ਬੱਚੇ ਸਭ ਤੋਂ ਵੱਡੀ ਮੁਸ਼ਕਿਲ ਦਾ ਸਾਹਮਣਾ ਕਰ ਰਹੇ ਹਨ। ਬੱਚਿਆਂ ਨੂੰ ਮਾਪਿਆਂ ਦੇ ਸਮੇਂ ਅਤੇ ਸਾਥ ਦੀ ਬਹੁਤ ਜ਼ਰੂਰਤ ਹੁੰਦੀ ਹੈ। ਜੇਕਰ ਮਾਪੇ ਆਪਣੇ ਬੱਚੇ ਨੂੰ ਸਮਾਂ ਨਹੀਂ ਦੇ ਰਹੇ ਤਾਂ ਮਾਪਿਆਂ ਕੋਲ ਬੱਚੇ ਤੋਂ ਕਿਸੇ ਵੀ ਤਰ੍ਹਾਂ ਦੀ ਆਸ ਰੱਖਣ ਅਤੇ ਉਸ ਦੇ ਗ਼ਲਤ ਵਿਹਾਰ ਦੀ ਚਿੰਤਾ ਜ਼ਾਹਰ ਕਰਨ ਦਾ ਕੋਈ ਹੱਕ ਨਹੀਂ ਰਹਿ ਜਾਂਦਾ। ਬੱਚੇ ਨੂੰ ਪੂਰਾ ਸਮਾਂ ਦੇਣਾ, ਉਸ ਦੀਆਂ ਆਰਥਿਕ ਅਤੇ ਭਾਵਨਾਤਮਿਕ ਜ਼ਰੂਰਤਾਂ ਦਾ ਧਿਆਨ ਰੱਖਣਾ, ਉਸ ਦੀਆਂ ਮੁਸ਼ਕਿਲਾਂ ਨੂੰ ਸੁਣਨਾ ਤੇ ਹੱਲ ਕਰਨਾ ਮਾਪਿਆਂ ਦੀ ਪਹਿਲੀ ਜ਼ਿੰਮੇਵਾਰੀ ਹੈ, ਜਿਸ ਤੇਜ਼ ਰਫ਼ਤਾਰ ਨਾਲ ਮਾਨਸਿਕ ਬਿਮਾਰੀਆਂ ਵੱਧ ਰਹੀਆਂ ਹਨ, ਅਜਿਹੇ ਵਿਚ ਮੈਨੂੰ ਲਗਦਾ ਹੈ ਕਿ ਚਾਰ ਪੈਸੇ ਘੱਟ ਨਾਲ ਤਾਂ ਗੁਜ਼ਾਰਾ ਹੋ ਸਕਦਾ ਪਰ ਜਿਸ ਪੀੜਾ ਵਿਚ ਬੱਚੇ ਨਿਕਲਦੇ ਹਨ, ਉਹ ਬਹੁਤ ਭਿਆਨਕ ਹੈ। ਬੱਚਿਆਂ ਦਾ ਜ਼ਿੰਦਗੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਜੀਵਨ ਤੋਂ ਮਨ ਚੁੱਕਿਆ ਜਾਂਦਾ ਹੈ, ਉਦਾਸ, ਚਿੰਤਾਤੁਰ, ਮੁਰਝਾਏ ਚਿਹਰਿਆਂ ਤੋਂ ਰੌਣਕਾਂ ਉੱਡੀਆਂ ਰਹਿੰਦੀਆਂ ਹਨ। ਇਸ ਦਾ ਇਕ ਹੋਰ ਕਾਰਨ ਵੀ ਹੈ, ਜਿਸ ਵਿਚ ਮਾਪੇ ਬੱਚਿਆਂ ਤੋਂ ਬਹੁਤ ਜ਼ਿਆਦਾ ਇੱਛਾਵਾਂ ਰੱਖ ਲੈਂਦੇ ਹਨ, ਪਰ ਉਨ੍ਹਾਂ ਨੂੰ ਪੂਰਿਆਂ ਕਰਨ ਲਈ ਉਨ੍ਹਾਂ ਦਾ ਸਾਥ ਨਹੀਂ ਦਿੱਤਾ ਜਾਂਦਾ ਬਸ ਨਤੀਜੇ ਮੰਗੇ ਜਾਂਦੇ ਹਨ। ਇਸ ਨਾਲ ਬੱਚਿਆਂ 'ਤੇ ਮਾਨਸਿਕ ਬੋਝ ਵਧਦਾ ਹੈ ਅਤੇ ਬੱਚੇ ਉਦਾਸ, ਚਿੜਚਿੜੇ ਅਤੇ ਨਾਖ਼ੁਸ਼ ਰਹਿਣ ਲਗਦੇ ਹਨ।

ਮਾਪਿਆਂ ਨੂੰ ਇਹ ਜ਼ਰੂਰ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਬੱਚੇ ਸਿਰਫ ਉਨ੍ਹਾਂ ਦੇ ਪਰਿਵਾਰ ਦਾ ਹੀ ਹਿੱਸਾ ਨਹੀਂ, ਬਲਕਿ ਸਮਾਜ ਦਾ ਵੀ ਹਿੱਸਾ ਹਨ। ਅਜਿਹੇ ਬੱਚੇ ਜੋ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋਣਗੇ ਉਹ ਭਵਿੱਖ ਵਿਚ ਇਕ ਚੰਗੇ ਸਮਾਜ ਦਾ ਨਿਰਮਾਣ ਕਿਵੇਂ ਕਰਨਗੇ? ਇਕ ਚੰਗੇ ਸਮਾਜ ਦੀ ਸਿਰਜਣਾ ਲਈ ਚੰਗੇ ਬੱਚਿਆਂ ਦਾ ਹੋਣਾ ਬਹੁਤ ਜ਼ਰੂਰੀ ਹੈ, ਤਾਂ ਜੋ ਭਵਿੱਖ ਵਿਚ ਉਹ ਸਮਾਜ ਦੀ ਬਿਹਤਰੀ ਲਈ ਸੋਚ ਸਕਣ। ਬੱਚਿਆਂ ਨੂੰ ਪੈਦਾ ਕਰਨ ਤੋਂ ਬਾਅਦ ਉਨ੍ਹਾਂ ਦੀ ਹਰ ਆਰਥਿਕ ਅਤੇ ਭਾਵਨਾਤਮਕ ਲੋੜ ਦਾ ਧਿਆਨ ਰੱਖਿਆ ਜਾਵੇ, ਉਨ੍ਹਾਂ ਦੇ ਦਿਲ ਨੂੰ ਫਰੋਲਿਆ ਜਾਵੇ। ਇਨ੍ਹਾਂ ਮੁਰਝਾਏ ਚਿਹਰਿਆਂ ਦੀ ਰੰਗਤ ਵਾਪਿਸ ਲਿਆਉਣ ਦਾ ਆਸਾਨ ਤਰੀਕਾ ਇਹੀ ਹੈ ਕਿ ਸਮਾਂ ਰਹਿੰਦਿਆਂ ਬੱਚਿਆਂ ਨੂੰ ਅਪਣੱਤ ਨਾਲ ਪਾਲਿਆ ਜਾਵੇ, ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਜਾਵੇ, ਚੰਗੇ ਮਾੜੇ ਦੀ ਪਰਖ ਕਰਨੀ ਸਿਖਾਈ ਜਾਵੇ ਤੇ ਹਰ ਕਦਮ 'ਤੇ ਉਨ੍ਹਾਂ ਦਾ ਸੁਰੱਖਿਆ ਕਵਚ ਬਣ ਕੇ ਨਾਲ ਖੜਿਆ ਜਾਵੇ। ਇਸ ਲਈ ਮਾਪਿਆਂ ਦਾ ਬੱਚਿਆਂ ਨਾਲ ਸਮਾਂ ਬਿਤਾਉਣਾ ਬਹੁਤ ਜ਼ਰੂਰੀ ਹੈ, ਤਾਂ ਜੋ ਬੱਚਿਆਂ ਦਾ ਸਰਬਪੱਖੀ ਵਿਕਾਸ ਸੰਭਵ ਹੋ ਸਕੇ।

## ਜਦੋਂ ਛੁੱਟੀਆਂ ਬਿਤਾਉਣ ਲਈ ਬਾਹਰ ਜਾਓ



ਲੇਖਕ : ਅੰਜਲੀ ਗੰਗਲ

ਸਾਲ ਭਰ ਦੇ ਕੰਮ, ਥਕਾਵਟ, ਪਰੇਸ਼ਾਨੀਆਂ ਅਤੇ ਬੱਚਿਆਂ ਦੇ ਪੇਪਰਾਂ ਤੋਂ ਬਾਅਦ ਛੁੱਟੀਆਂ ਦਾ ਸਮਾਂ ਇਸ ਤਰ੍ਹਾਂ ਆਉਂਦਾ ਹੈ, ਜਿਸ ਦਾ ਇੰਤਜ਼ਾਰ ਬਜ਼ੁਰਗ, ਨੌਜਵਾਨ ਅਤੇ ਬੱਚੇ ਸਾਰਿਆਂ ਨੂੰ ਹੁੰਦਾ ਹੈ। ਕਿਤੇ ਘੁੰਮਣ ਦੀ ਖ਼ੁਆਹਿਸ਼, ਕਿਸੇ ਨੂੰ ਮਿਲਣ ਦੀ ਚਾਹਤ ਜਾਂ ਕੁਝ ਕਰਨ ਦੀ ਇੱਛਾ ਮਨ ਵਿਚ ਅਨੇਕ ਉਮੰਗਾਂ ਜਗਾ ਜਾਂਦੀ ਹੈ।

ਕਿਤੇ ਵੀ ਆਉਣਾ-ਜਾਣਾ ਖ਼ੁਸ਼ੀ ਦੀ ਗੱਲ ਹੈ ਪਰ ਕਿਸੇ ਵੀ ਥਾਂ 'ਤੇ ਜਾਣ ਤੋਂ ਪਹਿਲਾਂ ਕੁਝ ਸਾਵਧਾਨੀਆਂ ਵਰਤਣੀਆਂ ਜ਼ਰੂਰੀ ਹੁੰਦੀਆਂ ਹਨ।

ਕਿਤੇ ਜਾਣ ਤੋਂ ਪਹਿਲਾਂ ਉਸ ਥਾਂ 'ਤੇ ਕਿਸ ਵਾਹਨ ਰਾਹੀਂ ਪਹੁੰਚਣਾ ਠੀਕ ਰਹੇਗਾ, ਇਸ ਦੀ ਪੂਰੀ ਜਾਣਕਾਰੀ ਹਾਸਲ ਕਰ ਲਓ ਅਤੇ ਆਪਣੀ ਟਿਕਟ ਪਹਿਲਾਂ ਹੀ ਬੁੱਕ ਕਰਵਾ ਲਓ ਨਹੀਂ ਤਾਂ ਕਿਤੇ ਇਸ ਤਰ੍ਹਾਂ ਨਾ ਹੋਵੇ ਕਿ ਟਿਕਟ ਲੈਣ ਲਈ ਲੰਮੀ ਕਤਾਰ ਵਿਚ ਲੱਗੇ ਰਹਿ ਜਾਓ ਅਤੇ ਗੱਡੀ ਤੁਹਾਡੇ ਸਾਹਮਣਿਓਂ ਨਿਕਲ ਜਾਵੇ।

ਜਿਸ ਥਾਂ 'ਤੇ ਤੁਸੀਂ ਜਾ ਰਹੇ ਹੋ, ਉਸ ਥਾਂ ਦੇ ਮੌਸਮ ਅਤੇ ਖਾਣ-ਪੀਣ ਦਾ ਪਤਾ ਤੁਹਾਨੂੰ ਹੋਣਾ ਚਾਹੀਦਾ ਤਾਂ ਕਿ ਉਸੇ ਤਰ੍ਹਾਂ ਦਾ ਮਨ ਬਣਾ ਸਕੋ ਅਤੇ ਵਾਪਸ ਆਉਂਦੇ ਸਮੇਂ ਬਿਮਾਰ ਅਤੇ ਕਮਜ਼ੋਰ ਦਿਖਾਈ ਨਾ ਦੇਵੋ। ਜਾਣ ਤੋਂ ਇਕ ਦਿਨ ਪਹਿਲਾਂ ਆਪਣੀ ਪੂਰੀ ਤਿਆਰੀ ਅਤੇ ਪੈਕਿੰਗ ਕਰ ਕੇ ਰੱਖ ਲਓ, ਨਹੀਂ ਤਾਂ ਜਾਂਦੇ-ਜਾਂਦੇ ਜਲਦਬਾਜ਼ੀ ਵਿਚ ਤੁਸੀਂ ਆਪਣੀ ਕੋਈ ਜ਼ਰੂਰੀ ਚੀਜ਼ ਭੁੱਲ ਸਕਦੇ ਹੋ।

ਰੇਲ ਗੱਡੀ ਜਾਂ ਬੱਸ ਲਈ ਸਭ ਜ਼ਰੂਰੀ ਚੀਜ਼ਾਂ ਦਾ ਇੰਤਜ਼ਾਮ ਤੁਹਾਡੇ ਕੋਲ ਹੋਣਾ ਚਾਹੀਦਾ ਹੈ ਨਹੀਂ ਤਾਂ ਛੋਟੀਆਂ-ਛੋਟੀਆਂ ਚੀਜ਼ਾਂ ਖ਼ਰੀਦਣ 'ਤੇ ਤੁਹਾਡਾ ਪੈਸਾ ਵੀ ਵਿਅਰਥ ਖ਼ਰਚ ਹੋਵੇਗਾ ਅਤੇ ਸਹੀ ਸਮੇਂ 'ਤੇ ਚੀਜ਼ ਵੀ ਨਹੀਂ ਮਿਲ ਸਕੇਗੀ।

ਰੇਲ ਗੱਡੀ/ਬੱਸ ਵਿਚ ਆਪਣੀਆਂ ਚੀਜ਼ਾਂ ਸੰਭਾਲ ਕੇ ਰੱਖੋ। ਸਮੇਂ-ਸਮੇਂ 'ਤੇ ਸਾਮਾਨ 'ਤੇ ਨਜ਼ਰ ਮਾਰਦੇ ਰਹੋ ਕਿਉਂਕਿ ਇਸ ਤਰ੍ਹਾਂ ਦੀਆਂ ਥਾਵਾਂ 'ਤੇ ਚੋਰਾਂ ਦਾ ਖ਼ਤਰਾ ਬਣਿਆ ਰਹਿੰਦਾ ਹੈ। ਰਸਤੇ ਲਈ ਕੁਝ ਜ਼ਰੂਰੀ ਦਵਾਈਆਂ ਜ਼ਰੂਰ ਰੱਖ ਲਓ ਜਿਵੇਂ ਸਿਰ ਦਰਦ, ਜ਼ੁਕਾਮ, ਪੇਟ ਦਰਦ, ਉਲਟੀ, ਦਸਤ ਤੇ ਬੁਖ਼ਾਰ ਹੋਣਾ ਆਮ ਗੱਲ ਹੈ। ਹਰ ਸਮੇਂ ਤੁਹਾਨੂੰ ਕੋਲ ਡਾਕਟਰ ਮੌਜੂਦ ਨਹੀਂ ਮਿਲੇਗਾ। ਸੋ ਦੁਖਾਂ ਤੋਂ ਛੁਟਕਾਰਾ ਦਿਵਾਉਣ ਦੀ ਖ਼ੁਦ ਹੀ ਕੋਸ਼ਿਸ਼ ਕਰੋ।

ਸਫ਼ਰ ਵਿਚ ਤੁਸੀਂ ਹਲਕੇ-ਫੁਲਕੇ ਕੱਪੜੇ ਤੇ ਗਹਿਣੇ ਪਾ ਕੇ ਜਾਓ। ਇਸ ਨਾਲ ਖ਼ੁਦ ਨੂੰ ਹਲਕਾ ਮਹਿਸੂਸ ਕਰੋਗੇ ਹੀ, ਨਾਲ ਹੀ ਦੇਖਣ ਵਾਲਿਆਂ ਨੂੰ ਵੀ ਹਾਸੋ-ਹੀਣਾ ਨਹੀਂ ਲੱਗੇਗਾ।

ਜਿਥੇ ਤੁਸੀਂ ਜਾ ਰਹੇ ਹੋ, ਜੇਕਰ ਹੋਟਲ ਵਿਚ ਰੁਕਦੇ ਹੋ ਤਾਂ ਹੋਟਲਾਂ ਦੇ ਨਿਯਮਾਂ ਦਾ ਪਾਲਣ ਕਰੋ। ਜੇਕਰ ਕਿਸੇ ਰਿਸ਼ਤੇਦਾਰ ਜਾਂ ਜਾਣ-ਪਛਾਣ ਵਾਲੀ ਥਾਂ 'ਤੇ ਜਾ ਰਹੇ ਹੋ ਤਾਂ ਉਥੇ ਤੁਹਾਡਾ ਵਿਹਾਰ ਇਕ ਮਹਿਮਾਨ ਦੀ ਤਰ੍ਹਾਂ ਨਹੀਂ ਸਗੋਂ ਮਦਦ ਤੇ ਅਪਣੱਤ ਵਾਲਾ ਹੋਣਾ ਚਾਹੀਦਾ ਹੈ ਤਾਂ ਕਿ ਤੁਹਾਡਾ ਜਾਣਾ ਉਨ੍ਹਾਂ ਦੀ ਖ਼ੁਸ਼ੀ ਵਿਚ ਵਾਧਾ ਕਰੇ। ਮੇਜ਼ਬਾਨ ਦੇ ਨਾਲ ਕੰਮਕਾਰ ਵਿਚ ਹੱਥ ਵੰਡਾਓ ਅਤੇ ਘੁੰਮਣ ਜਾਂਦੇ ਸਮੇਂ ਉਨ੍ਹਾਂ ਨੂੰ ਵੀ ਨਾਲ ਚੱਲਣ ਲਈ ਕਹੋ। ਇਨ੍ਹਾਂ ਸਭ ਗੱਲਾਂ ਨੂੰ ਧਿਆਨ ਵਿਚ ਰੱਖਣ ਨਾਲ ਤੁਸੀਂ ਦੇਖੋਗੇ ਕਿ ਤੁਹਾਡੀ ਯਾਤਰਾ ਤੁਹਾਡੇ ਅਨੰਦ ਨੂੰ ਕਿਸ ਤਰ੍ਹਾਂ ਤਿੰਨ ਗੁਣਾ ਵਧਾ ਦਿੰਦੀ ਹੈ। ਫਿਰ ਤੁਸੀਂ ਹੱਸਦੇ-ਹੱਸਦੇ, ਖ਼ੁਸ਼ੀਆਂ ਮਨਾਉਂਦੇ, ਦਿਲ ਵਿਚ ਮਿੱਠੀਆਂ ਯਾਦਾਂ ਲੈ ਕੇ ਆਓਗੇ ਅਤੇ ਸਭ ਨੂੰ ਆਪਣੀ ਯਾਤਰਾ ਦਾ ਵਰਨਣ ਮਜ਼ੇ ਨਾਲ ਸੁਣਾਓਗੇ।

## ਜਾਣ-ਪਛਾਣ ਕਰਵਾਉਣ ਦੀ ਤਹਿਜ਼ੀਬ



ਲੇਖਕ : ਨਰੇਂਦਰ ਦੇਵਾਂਗਨ

ਦੇਖਿਆ ਜਾਵੇ ਤਾਂ ਜਾਣ-ਪਛਾਣ ਕਰਾਉਣਾ ਸਧਾਰਨ ਜਿਹੀ ਗੱਲ ਜਾਪਦੀ ਹੈ ਪਰ ਜਾਣ-ਪਛਾਣ ਕਦੋਂ ਅਤੇ ਕਿਵੇਂ ਕਰਾਈ ਜਾਵੇ, ਇਹ ਬੜਾ ਮਹੱਤਵਪੂਰਨ ਹੈ। ਵਿਅਕਤੀ ਵਿਸ਼ੇਸ਼ ਦਾ ਸਾਹਮਣੇ ਵਾਲੇ 'ਤੇ ਕੀ ਪ੍ਰਭਾਵ ਪੈਂਦਾ ਹੈ, ਇਹ ਪਛਾਣ ਕਰਾਉਣ ਦੇ ਢੰਗ 'ਤੇ ਨਿਰਭਰ ਕਰਦਾ ਹੈ।

### ਜਾਣ-ਪਛਾਣ ਕਦੋਂ ਕਰਾਓ

ਤੁਹਾਡੇ ਘਰ 'ਚ ਕੋਈ ਸਹੇਲੀ ਆਈ ਹੋਵੇ ਅਤੇ ਤੁਸੀਂ ਉਸ ਨਾਲ ਗੱਲ ਕਰ ਰਹੇ ਹੋਵੋ ਅਤੇ ਇਸ ਤਰ੍ਹਾਂ ਦੇ ਮੌਕੇ ਕੋਈ ਮਹਿਮਾਨ ਆ ਜਾਵੇ ਤਾਂ ਉਦੋਂ ਸਹੇਲੀ ਦੀ ਉਸ ਮਹਿਮਾਨ ਨਾਲ ਜਾਣ-ਪਛਾਣ ਜ਼ਰੂਰ ਕਰਾਓ।

ਘਰ ਵਿਚ ਮਿੰਨੀ ਪਾਰਟੀ ਰੱਖੀ ਹੋਵੇ, ਸਾਰੇ ਮਹਿਮਾਨ ਇਕ ਦੂਜੇ ਨੂੰ ਨਾ ਜਾਣਦੇ ਹੋਣ ਤਾਂ ਤੁਸੀਂ ਉਨ੍ਹਾਂ ਦੀ ਜਾਣ-ਪਛਾਣ ਇਕ ਦੂਜੇ ਨਾਲ ਕਰਾਓ।

ਜੇਕਰ ਘਰ ਵਿਚ ਮਹਿਮਾਨ ਰਹਿਣ ਆਏ ਹੋਣ ਤਾਂ ਘਰੇਲੂ ਸੇਵਾਦਾਰ ਨਾਲ ਉਨ੍ਹਾਂ ਦੀ ਜਾਣ-ਪਚਾਣ ਕਰਾਓ ਤਾਂ ਕਿ ਜ਼ਰੂਰਤ ਪੈਣ 'ਤੇ ਉਹ ਉਸ ਨੂੰ ਬੁਲਾ ਸਕਣ।

### ਜਾਣ-ਪਛਾਣ ਕਰਾਉਣ ਦਾ ਢੰਗ

ਜਦੋਂ ਵੀ ਦੋ ਵਿਅਕਤੀਆਂ ਨੂੰ ਮਿਲਵਾਓ, ਦੋਵਾਂ ਦੇ ਸ਼ੌਕ ਅਤੇ ਕੰਮ ਦੇ ਖੇਤਰ ਦਾ ਜ਼ਿਕਰ ਜ਼ਰੂਰ ਕਰੋ, ਜਿਸ ਨਾਲ ਦੋਵਾਂ ਦੀ ਹਿਚਕਚਾਹਟ ਦੂਰ ਹੋਵੇਗੀ ਅਤੇ ਗੱਲ ਕਰਨ ਵਿਚ ਸਹੂਲਤ ਹੋਵੇਗੀ। ਮਿਲਵਾਉਂਦੇ ਸਮੇਂ ਵਿਅੰਗਪੂਰਨ ਭਾਸ਼ਾ ਦੀ ਵਰਤੋਂ ਨਾ ਕਰੋ।

### ਪਹਿਲੀ ਵਾਰ ਮਿਲਾਉਂਦੇ ਸਮੇਂ

ਪਹਿਲੀ ਵਾਰ ਕਿਸੇ ਦੇ ਘਰ ਜਾ ਰਹੇ ਹੋ ਤਾਂ ਖਾਲੀ ਹੱਥ ਨਾ ਜਾਓ। ਕਿਸੇ ਦੇ ਘਰ ਫੁੱਲਾਂ ਦਾ ਗੁਲਦਸਤਾ ਲੈ ਕੇ ਜਾਣਾ ਤੁਹਾਡੇ ਸੁੰਦਰ ਭਾਵਾਂ ਨੂੰ ਪ੍ਰਗਟ ਕਰਦਾ ਹੈ।

ਗੱਲ ਕਰਦੇ ਸਮੇਂ ਆਪਣੇ ਹਾਵਾਂ-ਭਾਵਾਂ ਨੂੰ ਕੰਟਰੋਲ ਵਿਚ ਰੱਖੋ। ਕਿਸੇ ਦੀ ਕੋਈ ਗੱਲ ਚੰਗੀ ਨਾ ਲੱਗੇ ਤਾਂ ਵੀ ਭਾਵ ਪ੍ਰਗਟ ਨਾ ਕਰੋ।

ਪਹਿਲੀ ਵਾਰ ਜਾਣ-ਪਛਾਣ ਹੋਣ 'ਤੇ ਕਿਸੇ ਤੋਂ ਨਿੱਜੀ ਸਵਾਲ ਨਾ ਪੁੱਛੋ।

ਜਾਣ-ਪਛਾਣ ਹੋਣ ਤੋਂ ਬਾਅਦ ਆਪਣੀ ਘਰ-ਗ੍ਰਿਹਸਥੀ, ਬੱਚੇ, ਸੱਸ-ਨੂੰਹ ਦੀ ਗੱਲ ਨਾ ਛੇੜੋ।

ਸਧਾਰਨ ਵਿਸ਼ਿਆਂ 'ਤੇ ਚਰਚਾ ਕੀਤੀ ਜਾ ਸਕਦੀ ਹੈ ਜਿਵੇਂ ਫਿਲਮ, ਖਾਣ-ਪੀਣ, ਦੇਸ਼-ਵਿਦੇਸ਼ ਦੀਆਂ ਯਾਦਾਂ ਆਦਿ। ਸਾੜ੍ਹੀ, ਗਹਿਣਿਆਂ ਦੀ ਚਰਚਾ ਦਾ ਵਿਸ਼ਾ ਨਾ ਬਣਾਓ। ਰਾਜਨੀਤੀ ਵਰਗੇ ਵਿਸ਼ੇ ਨੂੰ ਹਲਕੀ-ਫੁਲਕੀ ਪਾਰਟੀ ਵਿਚ ਸ਼ਾਮਿਲ ਨਾ ਕਰੋ।

### ਦੂਜਿਆਂ ਦੀ ਬੁਰਾਈ ਕਰਨ ਤੋਂ ਬਚੋ

ਸਾਹਮਣੇ ਵਾਲੇ ਦੇ ਨਿੱਜੀ ਮਾਮਲਿਆਂ ਬਾਰੇ ਗੱਲਾਂ ਕਰਨ ਤੋਂ ਬਚੋ ਅਤੇ ਨਾ ਹੀ ਆਪਣੀਆਂ ਪ੍ਰੇਸ਼ਾਨੀਆਂ ਦਾ ਖ਼ੁਲਾਸਾ ਕਰੋ।

ਆਪਣੀ ਅਮੀਰੀ ਦਾ ਵਿਖਾਵਾ ਨਾ ਕਰੋ। ਇਸ ਨਾਲ ਸਾਹਮਣੇ ਵਾਲੇ ਉੱਪਰ ਉਲਟ ਪ੍ਰਭਾਵ ਪੈ ਸਕਦਾ ਹੈ। ਹੋ ਸਕਦਾ ਹੈ ਸਾਹਮਣੇ ਵਾਲਾ ਹੀਣ-ਭਾਵਨਾ ਮਹਿਸੂਸ ਕਰੇ ਜਾਂ ਤੁਹਾਨੂੰ ਸ਼ੇਖੀ ਮਾਰਨ ਵਾਲਾ ਸਮਝੇ।


ਘੱਟ ਬੋਲੋ ਤੇ ਜ਼ਿਆਦਾ ਸੁਣੋ। ਸਾਹਮਣੇ ਵਾਲੇ ਨੂੰ ਬੋਲਣ ਅਤੇ ਆਪਣੀ ਗੱਲ ਰੱਖਣ ਦਾ ਪੂਰਾ ਪੂਰਾ ਮੌਕਾ ਦਿਓ।

ਪਾਰਟੀ ਤੋਂ ਜਾਣ ਤੋਂ ਪਹਿਲਾਂ ਮੇਜ਼ਬਾਨ ਤੋਂ ਤਾਂ ਤੁਸੀਂ ਵਿਦਾ ਲਓਗੇ ਹੀ, ਨਵੇਂ ਬਣੇ ਮਿੱਤਰਾਂ ਤੋਂ ਵੀ ਵਿਦਾ ਲਓ।

ਜੇਕਰ ਕਿਸੇ ਨਵੇਂ ਵਿਅਕਤੀ ਨਾਲ ਜਾਣ-ਪਛਾਣ ਹੋਣ ਬਾਅਦ ਤੁਹਾਡੀ ਟਿਊਨਿੰਗ ਚੰਗੀ ਬੈਠ ਗਈ ਹੈ, ਤਾਂ ਉਸ ਨੂੰ ਆਪਣਾ ਫੋਨ/ਮੋਬਾਈਲ ਨੰਬਰ ਦੇ ਸਕਦੇ ਹੋ। ਉਸ ਦਾ ਵੀ ਸੰਪਰਕ ਨੰਬਰ ਜ਼ਰੂਰ ਲੈ ਲਓ ਤਾਂ ਕਿ ਦੋਸਤੀ ਦਾ ਸਿਲਸਿਲਾ ਅੱਗੇ ਵੀ ਚੱਲੇ।



# CLASSIFIEDS & MATRIMONIALS



## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## BRIDE WANTED

**Professionally qualified match from decent Sikh family for our son 30, 5'10" federal government job. He is chartered professional Accountant and working in B.C.Contact Dr. Sidhu 778 829 0991**

..........................................

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ ਸੰਪਰਕ ਕਰੋ : 1 (403) 399-5130 AP 04-04

**Three Bedroom Laneway House**
at Granville and 57th vancouver
close to UBC , Vancouver Downtown
airport easy access to Bus Service

**Rent: $2,600**

**604-368-3600**

## BRIDE WANTED

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ ਨਸ਼ਿਆਂ ਤੋਂ ਰਹਿਤ 25 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਸਾਂਝੇ ਪਰਿਵਾਰ ਵਿਚ ਰਹਿਣ ਵਾਲੀ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨਿਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਇੰਜੀਨਿਅਰ ਫਰਮ ਵਿਚ ਕੰਮ ਕਰ ਰਿਹਾ ਹੈ। ਲੜਕੇ ਦਾ ਕੱਦ 5'10" ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। **USA** ਦੀ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ ਫੋਨ ਕਰੋ 604-902-9068 ਜਾਂ ਈ ਮੇਲ ਕਰੋ **gillco1977@gmail.com**, ਮੈਰਿਜ ਬਿਊਰੋ ਵਾਲੇ ਕਿਰਪਾ ਕਰਕੇ ਸੰਪਰਕ ਨਾ ਕਰਨ। AP 13-02

..........................................

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

..........................................

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

..........................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ 26 ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

..........................................

ਕੈਨੇਡਾ ਸੈਟਲ ਜੱਟ ਸਿੱਖ ਸਿੱਧੂ ਪਰਿਵਾਰ ਦਾ ਲੜਕਾ, ਉਮਰ 30 ਸਾਲ, ਕੱਦ 5 ਫੁੱਟ 10 ਇੰਚ, ਸੀ.ਪੀ.ਏ. ਫੈਡਰਲ ਸਰਕਾਰ ਨੌਕਰੀ ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 778-829-0991 AP 02-04

..........................................

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

**CLASSIFIED & MATRIMONIAL**

ਜੇਕਰ ਤੁਸੀਂ ਆਪਣਾ ਵਪਾਰ ਅਤੇ ਕਾਰੋਬਾਰ ਨੂੰ ਹੋਰ ਵਧਾਉਣਾ ਚਾਹੁੰਦੇ ਹੋ ਤਾਂ ਪੰਜਾਬੀ ਭਾਈਚਾਰੇ ਦੇ ਹਰਮਨ ਪਿਆਰੇ ਅਖ਼ਬਾਰ ਕੈਨੇਡੀਅਨ ਪੰਜਾਬ ਟਾਈਮਜ਼ 'ਚ ਇਸ਼ਤਿਹਾਰ ਦੇ ਕੇ ਆਪਣੇ ਵਪਾਰ ਅਤੇ ਕਰੋਬਾਰ ਨੂੰ ਹੋਰ ਵਧਾਓ।

**JUST $20 ONLY**

ਕੈਨੇਡੀਅਨ ਪੰਜਾਬ ਟਾਈਮਜ਼ ਹੁਣ ਤੁਸੀਂ ਆਪਣੇ ਕਾਰੋਬਾਰ ਸਬੰਧੀ ਇਸ਼ਤਿਹਾਰ ਜਾਂ ਮੈਟਰੀਮੋਨੀਅਲ ਸਬੰਧੀ ਇਸ਼ਤਿਹਾਰ ਸਿਰਫ਼ 20 ਡਾਲਰ ਵਿੱਚ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ 604-338-7310

# ਬੁਲੰਦੀ

ਲਿਖਤ : ਅਵਨੀਤ ਕੌਰ
ਸੰਪਰਕ: salamzindgi88@gmail.com

ਪ੍ਰੀਖਿਆ ਕੇਂਦਰ 'ਤੇ ਵਕਤ ਸਿਰ ਪਹੁੰਚਣ ਲਈ ਕੈਬ ਬੁਲਾਈ। ਹੋਸਟਲ ਵਿੱਚੋਂ ਬਾਹਰ ਆਉਂਦਿਆਂ ਹੀ ਕੈਬ ਆ ਮਿਲੀ। ਮੈਂ ਡਰਾਈਵਰ ਅੰਕਲ ਨੂੰ ਸਤਿਕਾਰ ਨਾਲ ਦੁਆ-ਸਲਾਮ ਕਰਦਿਆਂ ਕੈਬ ਵਿੱਚ ਬੈਠੀ। ਕੈਬ ਚਲਾ ਰਿਹਾ ਸ਼ਾਂਤ ਚਿੱਤ ਚਿਹਰਾ। ਅੱਧਖੜ੍ਹ ਉਮਰ, ਸੜਕ ਵੱਲ ਧਿਆਨ। ਹਰੀਆਂ, ਲਾਲ ਬੱਤੀਆਂ 'ਤੇ ਰੁਕਦਾ, ਤੁਰਦਾ। ਅਜਬ ਠਰੰਮਾ। ਮੂਹਰਲੇ ਦੀ ਗ਼ਲਤੀ ਵੀ ਮੁਸਕਰਾ ਕੇ ਟਾਲਦਾ। ਸਾਰਾ ਧਿਆਨ ਸੜਕ ਗੱਡੀ ਚਲਾਉਣ ਵੱਲ। ਆਪਣੇ ਕੰਮ ਵੱਲ ਧਿਆਨ। ਇਹ ਦੇਖ ਮੈਨੂੰ ਆਪਣੇ ਵਿਦਵਾਨ ਪ੍ਰੋਫੈਸਰ ਦੇ ਬੋਲ ਯਾਦ ਆਏ- 'ਆਪਣੇ ਕੰਮ ਪ੍ਰਤੀ ਬੰਦੇ ਦੀ ਸੁਹਿਰਦਤਾ ਹੀ ਉਸ ਦੀ ਪਛਾਣ ਹੁੰਦੀ ਹੈ। ਕੋਈ ਵੀ ਕੰਮ ਤਾਂ ਹੀ ਸਿਰੇ ਚੜ੍ਹਦਾ ਹੈ ਜਦ ਕਰਨ ਵਾਲਾ ਉਸ ਨਾਲ ਵਫਾ ਨਿਭਾਵੇ।'

ਮੈਨੂੰ ਡਰਾਈਵਰ ਅੰਕਲ ਵਿਚੋਂ ਆਪਣੇ ਜੀਵਨ ਪੰਧ ਮੁਕਾ ਗਏ ਹੈੱਡਮਾਸਟਰ ਨਾਨਾ ਜੀ ਦਾ ਅਕਸ ਨਜ਼ਰ ਆਇਆ। ਸੇਵਾ ਮੁਕਤੀ ਤੋਂ ਬਾਅਦ ਅਕਸਰ ਸਾਡੇ ਕੋਲ ਆਉਂਦੇ। ਆਖਦੇ- 'ਆਪਣੇ ਕਿੱਤੇ ਪ੍ਰਤੀ ਵਫ਼ਾਦਾਰ ਰਿਹਾਂ। ਆਪਣੇ ਵਿਦਿਆਰਥੀਆਂ ਦੇ ਨਾਲ ਨਾਲ ਪਰਿਵਾਰ ਨੂੰ ਵੀ ਸਫਲਤਾ ਦੀ ਮੰਜ਼ਿਲ 'ਤੇ ਤੋਰ ਸਕਿਆਂ। ਆਪਣੇ ਕੰਮ ਨਾਲ ਲਗਨ ਜ਼ਿੰਦਗੀ ਨੂੰ ਹਾਰਨ ਨਹੀਂ ਦਿੰਦੀ। ਮਨੁੱਖ ਦੀ ਸਫਲਤਾ ਪਿੱਛੇ ਉਸ ਦੀ ਮਿਹਨਤ ਤੇ ਕਿੱਤੇ ਪ੍ਰਤੀ ਸਮਰਪਣ ਭਾਵਨਾ ਹੁੰਦੀ ਹੈ। ਪੁਸਤਕਾਂ ਵਾਲੀ ਅਲਮਾਰੀ ਖੋਲ੍ਹਦੇ। ਪੁਸਤਕਾਂ ਨਾਲ ਸੰਵਾਦ ਰਚਾਉਂਦੇ। ਜ਼ਿਕਰ ਕਰਦੇ ਜਿਹੜੇ ਮਨੁੱਖ ਇਨ੍ਹਾਂ ਦਾ ਸੰਗ ਸਾਥ ਕਰ ਲੈਣ, ਉਨ੍ਹਾਂ ਦਾ ਜੀਵਨ ਰਾਹ ਹੋਰ ਵੀ ਸੁਖਾਲਾ ਹੋ ਜਾਂਦਾ।'

ਡਰਾਈਵਰ ਅੰਕਲ ਦੇ ਬੋਲਾਂ ਨੇ ਸੋਚਾਂ ਦੀ ਤੰਦ ਬਿਖੇਰੀ- 'ਬੇਟਾ, ਮੈਂ ਵੀ ਦੋ ਧੀਆਂ ਦਾ ਬਾਪ ਹਾਂ। ਦੋਵਾਂ ਨੂੰ ਪੁੱਤਰਾਂ ਵਾਂਗਰ ਪਾਲਿਆ ਪੋਸਿਆ। ਪੜ੍ਹਾ ਲਿਖਾ ਕੇ ਪੈਰਾਂ ਸਿਰ ਕੀਤਾ। ਚੰਗੇ ਘਰਾਂ ਵਿੱਚ ਸ਼ਾਦੀਆਂ ਕੀਤੀਆਂ। ਆਪੋ-ਆਪਣੇ ਘਰਾਂ ਵਿੱਚ ਸੁਖੀ ਵਸਦੀਆਂ ਨੇ। ਦੋਵਾਂ ਧੀਆਂ ਤੋਂ ਛੋਟੇ ਇਕਲੌਤੇ ਪੁੱਤਰ ਤੋਂ ਵੀ ਕੁਸ਼ ਨਹੀਂ ਲੁਕੋਇਆ। ਹਰ ਸੁਖ ਸਹੂਲਤ ਦਿੱਤੀ। ਨੌਕਰੀ ਸਿਰੇ ਕਰ ਕੇ ਵਿਆਹਿਆ ਵਰਿਆ। ਮੈਂ ਆਪਣੀ ਜੁਆਨੀ ਫੌਜ ਵਿੱਚ ਬਿਤਾਈ। ਸੇਵਾ ਮੁਕਤ ਹੋ ਕੇ ਬੈਂਕ ਦੀ ਨੌਕਰੀ ਕੀਤੀ। ਆਪਣੇ ਧੀਆਂ ਪੁੱਤ ਲਈ ਜੀਵਨ ਦੀ ਹਰ ਖੁਸ਼ੀ ਲੇਖੇ ਲਾਈ। ਆਪਣਾ ਆਪ ਭੁਲਾ ਕੇ ਹਰ ਫਰਜ਼ ਪੂਰਾ ਕੀਤਾ।'

ਇਹ ਦੱਸਦਿਆਂ ਆਪਣਾ ਆਪ ਛੋਟਾ ਲਗਦਾ। ਅੰਕਲ ਦੀਆਂ ਛਲਕੀਆਂ ਅੱਖਾਂ ਸਭ ਕੁਝ ਬਿਆਨ ਕਰ ਗਈਆਂ। ਕੁਝ ਪਲ ਕੈਬ ਵਿੱਚ ਸ਼ਾਂਤੀ ਪਸਰੀ ਰਹੀ। ਮੇਰੇ ਮਨ ਸਾਹਵੇਂ ਸਾਡੀ ਮੰਡੀ ਦੇ ਸ਼ਾਹੂਕਾਰ ਬਜ਼ੁਰਗ ਮਾਪੇ ਆ ਖੜ੍ਹੇ। ਚੰਗੇ ਸਰਦੇ ਪੁਜਦੇ, ਵੱਡੇ ਕਾਰੋਬਾਰ ਦੇ ਮਾਲਕ। ਮਹਿੰਗੀਆਂ ਕਾਰਾਂ ਵਿੱਚ ਘੁੰਮਣ ਵਾਲੇ ਸੇਠ। ਆਖ਼ਿਰੀ ਉਮਰੇ ਮੋਹ ਪਿਆਰ ਵੱਸ ਜਾਇਦਾਦ ਮੁੰਡਿਆਂ ਦੇ ਨਾਂ ਕੀ ਕੀਤੀ, ਉਨ੍ਹਾਂ ਸਾਹਵੇਂ ਬੇਵੱਸ ਹੋ ਗਏ। ਜਿਨ੍ਹਾਂ ਦੋ ਮੁੰਡਿਆਂ 'ਤੇ ਸੇਠ ਨੂੰ ਅੰਤਾਂ ਦਾ ਮਾਣ ਸੀ, ਉਨ੍ਹਾਂ ਸਾਰਾ ਕਾਰੋਬਾਰ ਸਾਂਭਦਿਆਂ ਅੱਖਾਂ ਫੇਰ ਲਈਆਂ। ਮਾਪਿਆਂ ਪੱਲੇ ਰਹਿ ਗਈ ਕਲਪਨਾ ਤੇ ਨਿਰਾਸ਼ਾ। ਘਰੋਂ ਬਾਹਰ ਨਿਕਲਣ ਨਹੀਂ ਦਿੰਦੇ। ਮਾਪੇ ਹੱਥੀਂ ਉਸਾਰੇ ਮਹਿਲ 'ਚ ਜ਼ਿੰਦਗੀ ਦਾ ਬੋਝ ਢੋਣ ਲਈ ਮਜਬੂਰ ਹੋ ਗਏ। ਲਾਲ ਬੱਤੀਆਂ 'ਤੇ ਕੈਬ ਰੁਕੀ। ਡਰਾਈਵਰ ਅੰਕਲ ਮੁੜ ਬੋਲਣ ਲੱਗੇ- 'ਬੇਟਾ, ਤੁਹਾਡੇ ਵਰਗੇ ਪੁੱਤਰ ਧੀਆਂ ਦੇਖ ਮਨ ਖ਼ੁਸ਼ ਹੁੰਦਾ। ਮਾਪੇ ਤੁਹਾਨੂੰ ਪੜ੍ਹਾਉਣ ਲਿਖਾਉਣ ਲਈ ਕਾਲਜ, ਯੂਨੀਵਰਸਿਟੀ ਭੇਜਦੇ ਨੇ। ਆਪਣਾ ਢਿੱਡ ਪੇਟ ਬੰਨ੍ਹ ਕੇ ਹਰ ਲੋੜ ਪੂਰੀ ਕਰਦੇ ਨੇ। ਤੁਹਾਡੇ ਸਾਹ ਵਿੱਚ ਸਾਹ ਲੈਂਦੇ ਨੇ। ਆਪਣੇ ਪੈਰਾਂ ਸਿਰ ਹੋ ਕੇ ਤੁਹਾਡਾ ਵੀ ਤਾਂ ਮਾਪਿਆਂ ਲਈ ਕੋਈ ਫਰਜ਼ ਬਣਦਾ! ਹੁਣ ਮੇਰੇ ਵੱਲ ਦੇਖ ਬੇਟਾ। ਸਾਰੀ ਉਮਰ ਘਰ ਪਰਿਵਾਰ ਲਈ ਲਗਾ ਦਿੱਤੀ। ਤਿੰਨ ਤਿੰਨ ਨੌਕਰੀਆਂ ਕਰ ਕੇ ਔਲਾਦ ਨੂੰ ਹਰ ਸਹੂਲਤ ਦੇਣ ਵਿੱਚ ਜੁਟਿਆ ਰਿਹਾ। ਆਖ਼ਿਰੀ ਉਮਰੇ ਅਸੀਂ ਦੋਵੇਂ ਜੀਅ 'ਕੱਲੇ 'ਕਹਿਰੇ ਰਹਿ ਗਏ। ਸਾਡੇ ਦੋਹਾਂ ਜੀਆਂ ਦੇ ਸੁਫ਼ਨਿਆਂ ਤੇ ਆਸਾਂ ਉੱਪਰ ਪਾਣੀ ਫਿਰ ਗਿਆ।' 'ਮੇਰੇ ਮਨ ਵਿੱਚ ਇਹ ਖਿਆਲ ਅਕਸਰ ਆਉਂਦਾ... ਫੌਜ ਦੀ ਨੌਕਰੀ ਕਰ ਕੇ ਮੈਂ ਸਾਂਝਾਂ ਨਹੀਂ ਪਾਲ ਸਕਿਆ ਜਿਹੜੀਆਂ ਬੰਦੇ ਦੇ ਜੀਵਨ ਦੀ ਨੀਂਹ ਹੁੰਦੀਆਂ। ਸਭਾ, ਸੁਸਾਇਟੀਆਂ ਤੋਂ ਹਮੇਸ਼ਾ ਦੂਰ ਰਿਹਾ। ਗਲੀ, ਮੁਹੱਲੇ ਤੇ ਰਿਸ਼ਤੇਦਾਰਾਂ ਨਾਲ ਮੇਰੀ ਮੱਤ ਨਹੀਂ ਮਿਲੀ। ਬੱਸ ਆਪਣੀ ਨੌਕਰੀ ਤੇ ਘਰ ਪਰਿਵਾਰ ਨਾਲ ਹੀ ਨਾਤਾ ਰੱਖਿਆ। ਵਕਤ ਬਦਲਿਆ ਤਾਂ ਧੀਆਂ ਪੁੱਤ ਸਾਥ ਛੱਡ ਗਏ। ਜੇ ਆਪਣੀ ਜ਼ਿੰਦਗੀ ਵਿੱਚ ਨਿੱਜ ਤੋਂ ਬਿਨਾਂ ਕੁਝ ਕਮਾਇਆ ਹੁੰਦਾ ਤਾਂ ਅੱਜ ਆਹ ਦਿਨ ਨਾ ਦੇਖਣੇ ਪੈਂਦੇ।'

'ਬੰਦਾ ਧਨ ਕਮਾ ਕਮਾ ਘਰ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਦਾ। ਔਲਾਦ ਨੂੰ ਪੜ੍ਹਾ ਲਿਖਾ ਤਰੱਕੀ ਦੇ ਰਾਹ ਤੋਰਦਾ। ਬਿਰਧ ਉਮਰੇ ਦੋ ਵਕਤ ਦੀ ਰੋਟੀ ਲਈ ਫਿਰ ਖੁਦ ਭਟਕਣਾ ਪਵੇ, ਅਜਿਹੇ ਜਿਊਣ ਦਾ ਕੀ ਮਤਲਬ ਹੋਇਆ ਫਿਰ! ਅਜਿਹਾ ਜਿਊਣਾ ਦਿਲ ਦਾ ਦਰਦ ਬਣ ਜਾਂਦਾ। ਲਗਦਾ ਪਹਿਲਾਂ ਕੀਤੀ ਮਿਹਨਤ ਬੇਅਰਥ ਗਈ ਤੇ ਵਕਤ ਬੇਕਾਰ। ਵਕਤ ਦੇ ਇਸ ਵਰਤਾਰੇ ਨਾਲ ਸਿੱਝਣ ਲਈ ਮੈਂ ਜਿਊਣ ਦਾ ਨਵਾਂ ਰਾਹ ਤਲਾਸ਼ ਲਿਆ। ਉਦਾਸੀ ਤੋਂ ਦੂਰ ਨਿਰਾਸ਼ਾ ਤੋਂ ਪਾਸੇ ਜਿਸ ਵਿੱਚ ਰਿਸ਼ਤਿਆਂ ਜਿਹਾ ਨਿੱਘ ਹੈ। ਅਪਣੱਤ ਤੇ ਸਾਂਝ ਦਾ ਸਰੂਰ ਹੈ। ਕੰਮ ਵਿੱਚ ਰੁੱਝੇ ਰਹਿਣਾ। ਬੀਤੇ 'ਤੇ ਪਛਤਾਉਣ ਦੀ ਬਜਾਇ ਭਵਿੱਖ ਬਾਰੇ ਸੋਚਣਾ। ਜ਼ਿੰਦਗੀ ਨੂੰ ਇਮਤਿਹਾਨ ਸਮਝਣਾ ਤੇ ਤੁਰਨਾ। ਇਹ ਜਿਊਣਾ ਦੁੱਖਾਂ ਦੀ ਦਵਾ ਵੀ ਬਣਦਾ ਤੇ ਮਨ ਦਾ ਸਕੂਨ ਵੀ। ਇਸ ਨੂੰ ਮੈਂ ਨਿੱਤ ਦਾ ਕਰਮ ਬਣਾ ਲਿਆ।'

ਮੇਰਾ ਪ੍ਰੀਖਿਆ ਕਾਲਜ ਆਉਣ 'ਤੇ ਅੰਕਲ ਦੀ ਹੱਡ-ਬੀਤੀ ਨੂੰ ਵਿਰਾਮ ਲੱਗਾ। ਉਹਨੂੰ ਬਣਦਾ ਕਿਰਾਇਆ ਦੇ ਕੇ ਪ੍ਰੀਖਿਆ ਕੇਂਦਰ ਦਾ ਰੁਖ਼ ਕੀਤਾ। ਅੰਕਲ ਦੀ ਜੀਵਨ ਕਥਾ ਮੈਨੂੰ ਜੀਵਨ ਦੀ ਪ੍ਰੀਖਿਆ ਜਾਪੀ।

ਨਾਨਾ ਜੀ ਦੇ ਬੋਲਾਂ ਦੀ ਆਹਟ ਸੁਣੀ- 'ਪੁੱਤਰ! ਜ਼ਿੰਦਗੀ ਦਾ ਸੰਘਰਸ਼ ਤਾਂ ਹਰ ਮੋੜ 'ਤੇ ਹੁੰਦਾ। ਔਖ ਸੌਖ ਤੇ ਨਿਰਾਸ਼ਾ 'ਚ ਡਟੇ ਰਹਿਣਾ, ਹਾਲਤਾਂ ਤੋਂ ਸਬਕ ਲੈਣਾ, ਰੁਕਣ ਦੀ ਬਜਾਇ ਸਾਬਤ ਕਦਮੀ ਤੁਰਦੇ ਰਹਿਣਾ ਜੀਵਨ ਦੀ ਬੁਲੰਦੀ ਬਣਦੈ।' ਮੈਨੂੰ ਡਰਾਈਵਰ ਅੰਕਲ ਵੱਲੋਂ ਹਾਲਤਾਂ ਸਾਹਵੇਂ ਈਨ ਮੰਨਣ ਦੀ ਬਜਾਇ ਬੁਲੰਦੀ ਨਾਲ ਜਿਊਣ ਦੇ ਯਤਨਾਂ 'ਤੇ ਰਸ਼ਕ ਹੋਇਆ। ਮੈਂ ਬੁਲੰਦ ਆਸ ਨਾਲ ਪ੍ਰੀਖਿਆ ਕੇਂਦਰ 'ਚ ਜਾ ਬੈਠੀ।

## ਸਫ਼ਾ 1 ਦਾ ਬਾਕੀ

## ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ...

5 ਸੀਟਾਂ ਘੱਟ ਸੀ। ਇਹ 2015 ਤੋਂ ਬਾਅਦ ਪਹਿਲੀ ਵਾਰ ਸੀ ਜਦੋਂ ਉਨ੍ਹਾਂ ਨੇ ਪ੍ਰਸਿੱਧ ਵੋਟ ਜਿੱਤੀ।

ਮਾਰਕ ਕਾਰਨੀ ਦੀ ਅਗਵਾਈ ਅਤੇ ਅਮਰੀਕੀ ਧਮਕੀਆਂ ਨੇ ਵੋਟਰਾਂ ਨੂੰ ਲਿਬਰਲਜ਼ ਵੱਲ ਖਿੱਚਿਆ। ਖਾਸ ਤੌਰ 'ਤੇ, ਓਂਟਾਰੀਓ ਅਤੇ ਕਿਊਬੈਕ ਵਿੱਚ ਉਨ੍ਹਾਂ ਦੀ ਕਾਰਗੁਜ਼ਾਰੀ ਮਜ਼ਬੂਤ ਰਹੀ।

ਲਿਬਰਲਜ਼ ਨੇ ਕਿਊਬੈਕ ਵਿੱਚ ਬਲਾਕ ਕਿਊਬੇਕੋਆ ਤੋਂ 13 ਸੀਟਾਂ ਖੋਹੀਆਂ, ਜਿਸ ਵਿੱਚ ਮੌਂਟਰੀਅਲ ਦੇ ਨੇੜੇ ਦੀਆਂ ਸੀਟਾਂ ਸ਼ਾਮਲ ਸਨ।

**ਕੰਜ਼ਰਵੇਟਿਵ ਪਾਰਟੀ ਦੀ ਅਸਫਲਤਾ:**

ਕੰਜ਼ਰਵੇਟਿਵਜ਼ ਨੇ 40.2% ਵੋਟਾਂ ਹਾਸਲ ਕੀਤੀਆਂ ਅਤੇ 150 ਸੀਟਾਂ ਜਿੱਤੀਆਂ, ਪਰ ਉਨ੍ਹਾਂ ਦੇ ਨੇਤਾ ਪਿਅਰੇ ਪੋਇਲੀਵਰ ਦੀ ਸੀਟ ਹਾਰਨ ਨੇ ਪਾਰਟੀ ਦੀ ਜਿੱਤ ਦੀਆਂ ਸੰਭਾਵਨਾਵਾਂ ਨੂੰ ਝਟਕਾ ਦਿੱਤਾ।

ਪੋਇਲੀਵਰ ਦੀ ਮੁਹਿੰਮ ਅਰਥਚਾਰੇ ਅਤੇ ਅਪਰਾਧ 'ਤੇ ਕੇਂਦਰਿਤ ਸੀ, ਪਰ ਟਰੰਪ ਦੀਆਂ ਨੀਤੀਆਂ ਨੇ ਵੋਟਰਾਂ ਦੀਆਂ ਚਿੰਤਾਵਾਂ ਨੂੰ ਅੰਤਰਰਾਸ਼ਟਰੀ ਮੁੱਦਿਆਂ ਵੱਲ ਮੋੜ ਦਿੱਤਾ, ਜਿੱਥੇ ਲਿਬਰਲਜ਼ ਮਜ਼ਬੂਤ ਸਨ।

**NDP ਦਾ ਇਤਿਹਾਸਕ ਨੁਕਸਾਨ:**

NDP ਨੂੰ ਸਿਰਫ਼ 6% ਵੋਟਾਂ ਅਤੇ 7 ਸੀਟਾਂ ਮਿਲੀਆਂ, ਜੋ 2004 ਤੋਂ ਬਾਅਦ ਉਨ੍ਹਾਂ ਦਾ ਸਭ ਤੋਂ ਮਾੜਾ ਪ੍ਰਦਰਸ਼ਨ ਸੀ।

ਜਗਮੀਤ ਸਿੰਘ ਦੀ ਸੀਟ ਹਾਰਨ ਨੇ ਪਾਰਟੀ ਦੀ ਅਗਵਾਈ 'ਤੇ ਸਵਾਲ ਉਠਾਏ। ਧਫ ਅਧਿਕਾਰਤ ਪਾਰਟੀ ਦਾ ਦਰਜਾ ਵੀ ਗੁਆ ਬੈਠੀ, ਜਿਸ ਲਈ ਘੱਟੋ-ਘੱਟ 12 ਸੀਟਾਂ ਦੀ ਲੋੜ ਸੀ।

ਲਿਬਰਲਜ਼ ਨਾਲ ਸਮਝੌਤੇ ਦੇ ਟੁੱਟਣ ਅਤੇ ਵੋਟਰਾਂ ਦੇ ਧਰੁਵੀਕਰਨ ਨੇ ਧਫ ਦੀ ਸਮਾਜਕ ਨੀਤੀਆਂ ਨੂੰ ਪਿਛੇ ਛੱਡ ਦਿੱਤਾ।

**ਬਲਾਕ ਕਿਊਬੇਕੋਆ ਅਤੇ ਗ੍ਰੀਨ ਪਾਰਟੀ:**

ਬਲਾਕ ਕਿਊਬੇਕੋਆ ਨੂੰ 7.5% ਵੋਟਾਂ ਅਤੇ 25 ਸੀਟਾਂ ਮਿਲੀਆਂ, ਜੋ 2021 ਨਾਲੋਂ 7 ਸੀਟਾਂ ਘੱਟ ਸੀ। ਲਿਬਰਲਜ਼ ਨੇ ਕਿਊਬੈਕ ਵਿੱਚ ਉਨ੍ਹਾਂ ਦੀ ਪਕੜ ਨੂੰ ਕਮਜ਼ੋਰ ਕੀਤਾ।

ਗ੍ਰੀਨ ਪਾਰਟੀ ਨੂੰ 2% ਵੋਟਾਂ ਅਤੇ 1 ਸੀਟ ਮਿਲੀ। ਉਨ੍ਹਾਂ ਦੇ ਨੇਤਾ ਜੋਨਾਥਨ ਪੇਡਨੋਟ ਦੀ ਸੀਟ ਹਾਰਨ ਨੇ ਪਾਰਟੀ ਦੀ ਰਣਨੀਤੀ 'ਤੇ ਸਵਾਲ ਉਠਾਏ।

**ਵੋਟਰ ਟਰਨਆਊਟ:**

69% ਵੋਟਰ ਟਰਨਆਊਟ ਸੀ, ਜੋ 2015 (68.3%) ਅਤੇ 2019 (67%) ਨਾਲੋਂ ਵੱਧ ਸੀ। 73 ਲੱਖ ਤੋਂ ਵੱਧ ਵੋਟਰਾਂ ਨੇ ਅਡਵਾਂਸ ਵੋਟਿੰਗ ਵਿੱਚ ਹਿੱਸਾ ਲਿਆ, ਜੋ ਇੱਕ ਰਿਕਾਰਡ ਸੀ।

ਅਮਰੀਕੀ ਧਮਕੀਆਂ ਅਤੇ ਆਰਥਿਕ ਮੁੱਦਿਆਂ ਨੇ ਵੋਟਰਾਂ ਦੀ ਦਿਲਚਸਪੀ ਵਧਾਈ।

**ਚੋਣ ਪ੍ਰਕਿਰਿਆ**

ਇਲੈਕਟੋਰਲ ਸਿਸਟਮ: ਚੋਣਾਂ "ਫਸਟ-ਪਾਸਟ-ਦੀ-ਪੋਸਟ" ਸਿਸਟਮ ਅਧੀਨ ਹੋਈਆਂ, ਜਿੱਥੇ ਹਰੇਕ ਰਾਈਡਿੰਗ ਵਿੱਚ ਸਭ ਤੋਂ ਵੱਧ ਵੋਟਾਂ ਵਾਲਾ ਉਮੀਦਵਾਰ ਜਿੱਤਦਾ ਹੈ। ਇਸ ਸਿਸਟਮ ਦੀ ਆਲੋਚਨਾ ਹੁੰਦੀ ਰਹੀ ਹੈ ਕਿਉਂਕਿ ਇਹ ਵੋਟ ਸ਼ੇਅਰ ਨੂੰ ਸੀਟਾਂ ਵਿੱਚ ਪੂਰੀ ਤਰ੍ਹਾਂ ਨਹੀਂ ਬਦਲਦੀ।

ਰਾਈਡਿੰਗ ਵੰਡ: ਨਵੇਂ ਇਲੈਕਟੋਰਲ ਨਕਸ਼ੇ ਨੇ ਸੀਟਾਂ ਦੀ ਸੰਖਿਆ 338 ਤੋਂ ਵਧਾ ਕੇ 343 ਕਰ ਦਿੱਤੀ। ਵਾਧੂ ਸੀਟਾਂ ਮੁੱਖ ਤੌਰ 'ਤੇ ਓਂਟਾਰੀਓ, ਅਲਬਰਟਾ, ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਸਨ।

ਚੋਣ ਨਿਗਰਾਨੀ: ਇਲੈਕਸ਼ਨਜ਼ ਕੈਨੇਡਾ ਨੇ ਚੋਣ ਪ੍ਰਕਿਰਿਆ ਦੀ ਨਿਗਰਾਨੀ ਕੀਤੀ, ਜਿਸ ਵਿੱਚ ਵੋਟਰ ਪਛਾਣ, ਅਡਵਾਂਸ ਵੋਟਿੰਗ, ਅਤੇ ਮੇਲ-ਇਨ ਵੋਟਿੰਗ ਸ਼ਾਮਲ ਸੀ।

**ਰਾਜਨੀਤਕ ਅਤੇ ਸਮਾਜਕ ਪ੍ਰਭਾਵ**

**ਦੋ-ਪਾਰਟੀ ਧਰੁਵੀਕਰਨ:**

2000 ਤੋਂ ਬਾਅਦ ਪਹਿਲੀ ਵਾਰ, ਲਿਬਰਲਜ਼ ਅਤੇ ਕੰਜ਼ਰਵੇਟਿਵਜ਼ ਨੇ ਮਿਲ ਕੇ 83.9% ਵੋਟਾਂ ਹਾਸਲ ਕੀਤੀਆਂ, ਜੋ ਕੈਨੇਡੀਅਨ ਰਾਜਨੀਤੀ ਵਿੱਚ ਦੋ-ਪਾਰਟੀ ਪ੍ਰਣਾਲੀ ਵੱਲ ਵਧਦੇ ਧਰੁਵੀਕਰਨ ਨੂੰ ਦਰਸਾਉਂਦਾ ਹੈ।

NDP, ਬਲਾਕ ਕਿਊਬੇਕੋਆ, ਅਤੇ ਗ੍ਰੀਨ ਪਾਰਟੀ ਵਰਗੀਆਂ ਛੋਟੀਆਂ ਪਾਰਟੀਆਂ ਦਾ ਪ੍ਰਭਾਵ ਘਟਿਆ, ਜਿਸ ਨੇ ਵੋਟਰਾਂ ਦੀਆਂ ਤਰਜੀਹਾਂ ਵਿੱਚ ਬਦਲਾਅ ਨੂੰ ਉਜਾਗਰ ਕੀਤਾ।

**ਨੇਤ੍ਰੀ ਸੰਕਟ:**

ਤਿੰਨ ਪ੍ਰਮੁੱਖ ਪਾਰਟੀ ਨੇਤਾਵਾਂ (ਪੋਇਲੀਵਰ, ਸਿੰਘ, ਅਤੇ ਪੇਡਨੋਟ) ਦੀਆਂ ਸੀਟਾਂ ਦੀ ਹਾਰ ਨੇ ਕੰਜ਼ਰਵੇਟਿਵਜ਼, ਧਫ, ਅਤੇ ਗ੍ਰੀਨ ਪਾਰਟੀ ਵਿੱਚ ਅਗਵਾਈ ਦੇ ਸੰਕਟ ਨੂੰ ਜਨਮ ਦਿੱਤਾ। ਇਹ ਇਤਿਹਾਸਕ ਸੀ, ਕਿਉਂਕਿ ਅਜਿਹਾ ਪਹਿਲਾਂ ਕਦੇ ਨਹੀਂ ਹੋਇਆ ਸੀ।

ਇਸ ਨੇ ਪਾਰਟੀਆਂ ਨੂੰ ਨਵੇਂ ਨੇਤਾਵਾਂ ਦੀ ਚੋਣ ਅਤੇ ਰਣਨੀਤੀਆਂ ਦੀ ਸਮੀਖਿਆ ਕਰਨ ਲਈ ਮਜਬੂਰ ਕੀਤਾ।

**ਅਮਰੀਕੀ ਪ੍ਰਭਾਵ:**

ਟਰੰਪ ਦੀਆਂ ਧਮਕੀਆਂ ਨੇ ਕੈਨੇਡੀਅਨ ਵੋਟਰਾਂ ਵਿੱਚ ਰਾਸ਼ਟਰੀ ਏਕਤਾ ਅਤੇ ਅਰਥਚਾਰਕ ਸੁਰੱਖਿਆ ਦੀ ਭਾਵਨਾ ਨੂੰ ਵਧਾਇਆ। ਲਿਬਰਲਜ਼ ਨੇ ਇਸ ਦਾ ਫਾਇਦਾ ਉਠਾਇਆ, ਖਾਸ ਤੌਰ 'ਤੇ ਸ਼ਹਿਰੀ ਅਤੇ ਮੁਕਤ-ਵਪਾਰ ਸਮਰਥਕ ਵੋਟਰਾਂ ਵਿੱਚ।

ਚੋਣਾਂ ਨੇ ਅਮਰੀਕਾ-ਕੈਨੇਡਾ ਸਬੰਧਾਂ ਨੂੰ ਮੁੜ ਪਰਿਭਾਸ਼ਿਤ ਕਰਨ ਦੀ ਲੋੜ ਨੂੰ ਉਜਾਗਰ ਕੀਤਾ, ਖਾਸ ਤੌਰ 'ਤੇ ਸ਼ੁੱਲਕ ਵਪਾਰ ਸਮਝੌਤੇ ਦੇ ਸੰਦਰਭ ਵਿੱਚ।

**ਸਮਾਜਕ ਵੰਡ:**

2021 ਦੀਆਂ ਚੋਣਾਂ ਤੋਂ ਬਾਅਦ ਸਰਵੇਖਣਾਂ ਵਿੱਚ 77% ਕੈਨੇਡੀਅਨਾਂ ਨੇ ਕਿਹਾ ਸੀ ਕਿ ਦੇਸ਼ ਪਹਿਲਾਂ ਨਾਲੋਂ ਵਧੇਰੇ ਵੰਡਿਆ ਹੋਇਆ ਹੈ। 2025 ਦੀਆਂ ਚੋਣਾਂ ਨੇ ਇਸ ਵੰਡ ਨੂੰ ਹੋਰ ਉਜਾਗਰ ਕੀਤਾ, ਜਿਵੇਂ ਕਿ ਸ਼ਹਿਰੀ-ਪੇਂਡੂ, ਅਮੀਰ-ਗਰੀਬ, ਅਤੇ ਪੂਰਬੀ-ਪੱਛਮੀ ਕੈਨੇਡਾ ਵਿਚਕਾਰ ਅੰਤਰ।

ਸੋਸ਼ਲ ਮੀਡੀਆ, ਖਾਸ ਤੌਰ 'ਤੇ X ਪਲੇਟਫਾਰਮ, ਨੇ ਚੋਣ ਮੁਹਿੰਮ ਵਿੱਚ ਗਲਤ ਸੂਚਨਾ ਅਤੇ ਧਰੁਵੀਕਰਨ ਨੂੰ ਵਧਾਇਆ।

**ਖੇਤਰੀ ਵਿਸ਼ਲੇਸ਼ਣ**

ਓਂਟਾਰੀਓ: ਲਿਬਰਲਜ਼ ਨੇ 121 ਸੀਟਾਂ ਵਿੱਚੋਂ 80 ਜਿੱਤੀਆਂ, ਜੋ ਸ਼ਹਿਰੀ ਖੇਤਰਾਂ, ਜਿਵੇਂ ਟੋਰਾਂਟੋ ਅਤੇ ਓਟਾਵਾ, ਵਿੱਚ ਮਜ਼ਬੂਤ ਸਮਰਥਨ ਦਾ ਨਤੀਜਾ ਸੀ। ਕੰਜ਼ਰਵੇਟਿਵਜ਼ ਨੇ ਪੇਂਡੂ ਅਤੇ ਉਪਨਗਰੀ ਖੇਤਰਾਂ ਵਿੱਚ ਪਕੜ ਬਣਾਈ।

ਕਿਊਬੈਕ: ਲਿਬਰਲਜ਼ ਨੇ 78 ਸੀਟਾਂ ਵਿੱਚੋਂ 40 ਜਿੱਤੀਆਂ, ਜੋ ਬਲਾਕ ਕਿਊਬੇਕੋਆ ਦੀਆਂ 25 ਸੀਟਾਂ ਨਾਲੋਂ ਵੱਧ ਸੀ। ਮੌਂਟਰੀਅਲ ਅਤੇ ਗੈਟੀਨਿਊ ਵਿੱਚ ਲਿਬਰਲਜ਼ ਦੀ ਸਫਲਤਾ ਮਹੱਤਵਪੂਰਨ ਸੀ।

ਪੱਛਮੀ ਕੈਨੇਡਾ: ਕੰਜ਼ਰਵੇਟਿਵਜ਼ ਨੇ ਅਲਬਰਟਾ ਅਤੇ ਸਸਕੈਚਵਨ ਵਿੱਚ ਪ੍ਰਮੁੱਖਤਾ ਬਣਾਈ, ਪਰ ਬ੍ਰਿਟਿਸ਼ ਕੋਲੰਬੀਆ ਵਿੱਚ ਲਿਬਰਲਜ਼ ਨੇ ਵੈਨਕੂਵਰ ਵਰਗੇ ਸ਼ਹਿਰੀ ਖੇਤਰਾਂ ਵਿੱਚ ਸੀਟਾਂ ਜਿੱਤੀਆਂ।

ਅਟਲਾਂਟਿਕ ਕੈਨੇਡਾ: ਲਿਬਰਲਜ਼ ਨੇ ਨੋਵਾ ਸਕੋਸ਼ੀਆ ਅਤੇ ਨਿਊ ਬਰੰਜ਼ਵਿਕ ਵਿੱਚ ਮਜ਼ਬੂਤ ਪ੍ਰਦਰਸ਼ਨ ਕੀਤਾ, ਜਦੋਂਕਿ ਕੰਜ਼ਰਵੇਟਿਵਜ਼ ਨੇ ਪੇਂਡੂ ਸੀਟਾਂ 'ਤੇ ਕਬਜ਼ਾ ਕੀਤਾ।

**ਭਵਿੱਖ ਦੇ ਪ੍ਰਭਾਵ**

**ਸਰਕਾਰ ਦੀ ਸਥਿਰਤਾ:**

ਲਿਬਰਲਜ਼ ਦੀ ਘੱਟਗਿਣਤੀ ਸਰਕਾਰ ਨੂੰ ਬਲਾਕ ਕਿਊਬੇਕੋਆ ਜਾਂ ਸੁਤੰਤਰ ਸੰਸਦ ਮੈਂਬਰਾਂ ਦੇ ਸਮਰਥਨ ਦੀ ਲੋੜ ਹੋਵੇਗੀ। ਇਸ ਨੇ ਸਿਆਸੀ ਸੌਦੇਬਾਜ਼ੀ ਨੂੰ ਵਧਾਇਆ।

ਮਾਰਕ ਕਾਰਨੀ ਦੀ ਅਗਵਾਈ ਨੇ ਅਰਥਚਾਰਕ ਸੁਧਾਰਾਂ ਅਤੇ ਅਮਰੀਕਾ ਨਾਲ ਵਪਾਰਕ ਸਬੰਧਾਂ 'ਤੇ ਜ਼ੋਰ ਦਿੱਤਾ, ਜੋ ਸਰਕਾਰ ਦੀਆਂ ਮੁਖੀਆਂ ਤਰਜੀਹਾਂ ਹੋਣਗੀਆਂ।

**ਵਿਰੋਧੀ ਪਾਰਟੀਆਂ:**

ਕੰਜ਼ਰਵੇਟਿਵਜ਼ ਨੂੰ ਨਵੇਂ ਨੇਤਾ ਦੀ ਚੋਣ ਕਰਨੀ ਪਵੇਗੀ, ਜੋ ਪਾਰਟੀ ਦੀ ਅਗਲੀ ਰਣਨੀਤੀ ਨੂੰ ਪ੍ਰਭਾਵਿਤ ਕਰੇਗੀ। ਸੰਭਾਵੀ ਨਾਮਾਂ ਵਿੱਚ ਕੈਂਡੀਸ ਬਰਗਨ ਅਤੇ ਮਾਈਕਲ ਚੌਂਗ ਸ਼ਾਮਲ ਹਨ।

NDP ਦੀ ਹਾਰ ਨੇ ਪਾਰਟੀ ਦੀ ਮੁੜ ਸੰਗਠਨ ਦੀ ਮੰਗ ਨੂੰ ਵਧਾਇਆ। ਨਵੀਂ ਅਗਵਾਈ ਅਤੇ ਨੀਤੀਆਂ 'ਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ।

**ਅੰਤਰਰਾਸ਼ਟਰੀ ਸਬੰਧ:**

ਅਮਰੀਕਾ ਨਾਲ ਵਪਾਰਕ ਤਣਾਅ ਨੇ ਕੈਨੇਡਾ ਨੂੰ ਯੂਰਪੀਅਨ ਯੂਨੀਅਨ ਅਤੇ ਏਸ਼ੀਆਈ ਬਾਜ਼ਾਰਾਂ ਨਾਲ ਵਪਾਰਕ ਸਬੰਧਾਂ ਨੂੰ ਵਧਾਉਣ ਲਈ ਮਜਬੂਰ ਕੀਤਾ।

ਕੈਨੇਡਾ ਦੀ ਨਾਟੋ ਅਤੇ ਜੀ7 ਵਿੱਚ ਭੂਮਿਕਾ ਨੂੰ ਮਜ਼ਬੂਤ ਕਰਨ ਦੀ ਲੋੜ ਵੀ ਉਜਾਗਰ ਹੋਈ।

**ਚੋਣ ਸੁਧਾਰ:**

"ਫਸਟ-ਪਾਸਟ-ਦੀ-ਪੋਸਟ" ਸਿਸਟਮ ਦੀ ਅਸਮਾਨਤਾ, ਜਿਸ ਵਿੱਚ ਧਫ ਅਤੇ ਗ੍ਰੀਨ ਪਾਰਟੀ ਨੂੰ ਵੋਟ ਸ਼ੇਅਰ ਦੇ ਮੁਕਾਬਲੇ ਘੱਟ ਸੀਟਾਂ ਮਿਲੀਆਂ, ਨੇ ਚੋਣ ਸੁਧਾਰ ਦੀ ਚਰਚਾ ਨੂੰ ਮੁੜ ਜਨਮ ਦਿੱਤਾ।

2025 ਦੀਆਂ ਕੈਨੇਡੀਅਨ ਫੈਡਰਲ ਚੋਣਾਂ ਨੇ ਲਿਬਰਲ ਪਾਰਟੀ ਦੀ ਅਣਕੀਤੀ ਮੁੜ ਵਾਪਸੀ, ਕੰਜ਼ਰਵੇਟਿਵਜ਼ ਦੀ ਅਗਵਾਈ ਸੰਕਟ, ਅਤੇ ਧਫ ਦੇ ਇਤਿਹਾਸਕ ਨੁਕਸਾਨ ਨੂੰ ਦਰਸਾਇਆ। ਅਮਰੀਕੀ ਧਮਕੀਆਂ ਅਤੇ ਘਰੇਲੂ ਆਰਥਿਕ ਚੁਣੌਤੀਆਂ ਨੇ ਵੋਟਰਾਂ ਦੀਆਂ ਤਰਜੀਹਾਂ ਨੂੰ ਬਦਲਿਆ, ਜਿਸ ਨੇ ਲਿਬਰਲਜ਼ ਨੂੰ ਮਜ਼ਬੂਤ ਸਥਿਤੀ ਵਿੱਚ ਲਿਆਂਦਾ। ਇਹ ਚੋਣਾਂ ਕੈਨੇਡੀਅਨ ਰਾਜਨੀਤੀ ਵਿੱਚ ਇੱਕ ਨਵੇਂ ਦੌਰ ਦੀ ਸ਼ੁਰੂਆਤ ਸਨ, ਜਿਸ ਵਿੱਚ ਅਰਥਚਾਰਕ ਸੁਰੱਖਿਆ, ਅੰਤਰਰਾਸ਼ਟਰੀ ਸਬੰਧ, ਅਤੇ ਸਮਾਜਕ ਏਕਤਾ ਮੁੱਖ ਮੁੱਦੇ ਰਹਿਣਗੇ।

## ਜਗਮੀਤ ਸਿੰਘ ਨੇ ਐਨ.ਡੀ.ਪੀ....

ਤੇ ਆਪਣੀ ਦੁਬਾਰਾ ਚੋਣ ਜਿੱਤਣ ਦੀ ਸੰਭਾਵਨਾ ਨੂੰ ਲੈ ਕੇ ਕਈ ਸਵਾਲਾਂ ਦਾ ਸਾਹਮਣਾ ਕਰਨਾ ਪਿਆ। ਚੋਣਾਂ ਤੋਂ ਪਹਿਲਾਂ ਆਏ ਪੋਲਾਂ ਅਨੁਸਾਰ ਐਨ.ਡੀ.ਪੀ. ਦੇ ਸਮਰਥਨ ਦੀ ਦਰ ਕੇਵਲ 8 ਫੀਸਦੀ ਰਹਿ ਗਈ ਸੀ, ਜਿਸ ਨੂੰ ਕਨੇਡਾ ਭਰ ਵਿੱਚ ਪਾਰਟੀ ਦੇ "ਵੋਟ ਬੈਂਕ ਦੇ ਢਹਿ ਜਾਣ" ਵਜੋਂ ਦਰਸਾਇਆ ਗਿਆ ਸੀ।

ਜਗਮੀਤ ਸਿੰਘ, ਜਿਨ੍ਹਾਂ ਨੇ ਅੱਠ ਸਾਲ ਤੋਂ ਵੱਧ ਸਮੇਂ ਤੱਕ ਕੈਨੇਡਾ ਦੀ ਨਿਊ ਡੈਮੋਕ੍ਰੈਟਿਕ ਪਾਰਟੀ (ਧਫ) ਦੀ ਅਗਵਾਈ ਕੀਤੀ, ਨੇ 2025 ਦੀਆਂ ਫੈਡਰਲ ਚੋਣਾਂ ਵਿੱਚ ਆਪਣੀ ਸੀਟ ਬਰਨਬੀ ਸੈਂਟਰਲ ਹਾਰਨ ਤੋਂ ਬਾਅਦ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। 46 ਸਾਲਾ ਜਗਮੀਤ ਸਿੰਘ ਨੇ 2017 ਵਿੱਚ ਫੈਡਰਲ ਐਨ ਡੀ ਪੀ ਦੀ ਕਮਾਨ ਸੰਭਾਲੀ ਸੀ ਅਤੇ ਉਦੋਂ ਤੋਂ ਉਹ ਕਾਮਿਆਂ, ਘੱਟਗਿਣਤੀਆਂ, ਨਸਲੀ ਸਮੂਹਾਂ ਅਤੇ ਦੁਨੀਆਂ ਭਰ ਦੇ ਪੀੜਤ ਲੋਕਾਂ ਦੀ ਆਵਾਜ਼ ਬਣ ਕੇ ਉੱਭਰੇ। ਉਸ ਦੀ ਅਗਵਾਈ ਵਿੱਚ ਧਫ ਨੇ ਕਈ ਮਹੱਤਵਪੂਰਨ ਸਮਾਜਿਕ ਪ੍ਰੋਗਰਾਮਾਂ ਨੂੰ ਅੱਗੇ ਵਧਾਇਆ, ਜਿਨ੍ਹਾਂ ਵਿੱਚ ਮੁਫਤ ਦੰਦਾਂ ਦੀ ਸੰਭਾਲ (ਡੈਂਟਲ ਕੇਅਰ) ਅਤੇ ਫਾਰਮਾਕੇਅਰ ਸ਼ਾਮਲ ਹਨ, ਜਿਸ ਨਾਲ ਅਣਗਿਣਤ ਕੈਨੇਡੀਅਨਾਂ ਦੀ ਜ਼ਿੰਦਗੀ ਸੁਧਰੀ।

**ਸਿਆਸੀ ਸਫਰ ਅਤੇ ਪ੍ਰਾਪਤੀਆਂ**

ਜਗਮੀਤ ਸਿੰਘ ਦਾ ਜਨਮ ਸਕਾਰਬਰੋ, ਓਂਟਾਰੀਓ ਵਿੱਚ ਸਿੱਖ ਪਰਿਵਾਰ ਵਿੱਚ ਹੋਇਆ। ਉਸ ਨੇ 2011 ਵਿੱਚ ਓਂਟਾਰੀਓ ਦੀ ਵਿਧਾਨ ਸਭਾ ਵਿੱਚ ਬ੍ਰਾਮਲੀਆ-ਗੋਰ-ਮਾਲਟਨ ਤੋਂ ਓਨਟਾਰੀਓ ਸੂਬੇ ਦੀ ਐਨ ਡੀ ਪੀ ਦੇ ਵਿਧਾਇਕ ਵਜੋਂ ਆਪਣਾ ਸਿਆਸੀ ਸਫਰ ਸ਼ੁਰੂ ਕੀਤਾ, ਜਿੱਥੇ ਉਹ ਪਹਿਲੇ ਦਸਤਾਰਧਾਰੀ ਸਿੱਖ ਵਿਧਾਇਕ ਬਣੇ। 2017 ਵਿੱਚ ਉਸ ਨੇ ਥਾਮਸ ਮੁਲਕੇਅਰ ਦੀ ਥਾਂ ਐਨ ਡੀ ਪੀ ਦੀ ਅਗਵਾਈ ਸੰਭਾਲੀ ਅਤੇ 2019 ਵਿੱਚ ਬਰਨਬੀ ਸਾਊਥ (ਬਾਅਦ ਵਿੱਚ ਬਰਨਬੀ ਸੈਂਟਰਲ) ਤੋਂ ਸੰਸਦ ਮੈਂਬਰ ਚੁਣਿਆ ਗਿਆ।

ਉਸ ਦੀ ਅਗਵਾਈ ਵਿੱਚ ਐਨ ਡੀ ਪੀ ਨੇ ਲਿਬਰਲ ਸਰਕਾਰ ਨਾਲ ਸਪਲਾਈ ਅਤੇ ਕਾਨਫੀਡੈਂਸ ਸਮਝੌਤੇ (2022-2024) ਰਾਹੀਂ ਕਈ ਨੀਤੀਆਂ ਨੂੰ ਅਮਲ ਵਿੱਚ ਲਿਆਂਦਾ। ਇਸ ਸਮਝੌਤੇ ਨੇ ਮੁਫਤ ਦੰਦਾਂ ਦੀ ਸੰਭਾਲ ਅਤੇ ਡਾਇਬਿਟੀਜ਼ ਦੀਆਂ ਦਵਾਈਆਂ ਅਤੇ ਗਰਭ ਨਿਰੋਧਕ ਸਾਧਨਾਂ ਵਰਗੀਆਂ ਸਹੂਲਤਾਂ ਨੂੰ ਸੰਭਵ ਬਣਾਇਆ। ਜਗਮੀਤ ਸਿੰਘ ਨੇ ਹਮੇਸ਼ਾ ਸਿਹਤ ਸੰਭਾਲ, ਸਸਤੀ ਰਿਹਾਇਸ਼ ਅਤੇ ਆਮਦਨੀ ਸਮਾਨਤਾ ਵਰਗੇ ਮੁੱਦਿਆਂ 'ਤੇ ਜ਼ੋਰ ਦਿੱਤਾ।

**ਵਿਵਾਦ ਅਤੇ ਚੁਣੌਤੀਆਂ**

ਜਗਮੀਤ ਸਿੰਘ ਨੂੰ ਆਪਣੇ ਸਿਆਸੀ ਸਫਰ ਦੌਰਾਨ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਉਸ ਨੂੰ ਕੈਨੇਡਾ ਦੇ ਸੱਜੇ-ਪੱਖੀ ਸਮੂਹਾਂ ਵੱਲੋਂ ਨਸਲੀ ਟਿੱਪਣੀਆਂ ਅਤੇ ਭਾਰਤ ਦੇ ਕੁਝ ਮੀਡੀਆ ਸਮੂਹਾਂ ਵੱਲੋਂ ਧਾਰਮਿਕ ਨਫਰਤ ਦਾ ਸਾਮ੍ਹਣਾ ਵੀ ਕਰਨਾ ਪਿਆ, ਜਿਨ੍ਹਾਂ ਨੇ ਉਸ ਨੂੰ "ਖਾਲਿਸਤਾਨ ਸਮਰਥਕ" ਵਜੋਂ ਲੇਬਲ ਕੀਤਾ। ਇਹ ਵਿਵਾਦ ਖਾਸ ਤੌਰ 'ਤੇ ਉਸ ਦੇ 1984 ਦੇ ਸਿੱਖ ਨਸਲਕੁਸ਼ੀ ਅਤੇ ਮਨੁੱਖੀ ਅਧਿਕਾਰਾਂ ਬਾਰੇ ਸਪੱਸ਼ਟ ਬਿਆਨਾਂ ਕਾਰਨ ਉਠਿਆ। 2023 ਵਿੱਚ, ਉਸ ਨੂੰ ਆਰ ਸੀ ਐਮ ਪੀ ਵੱਲੋਂ ਜਾਨੋਂ ਮਾਰਨ ਦੀ ਧਮਕੀ ਬਾਰੇ ਸੂਚਿਤ ਕੀਤਾ ਗਿਆ, ਜਿਸ ਕਾਰਨ ਉਸ ਨੇ ਅਸਤੀਫੇ ਬਾਰੇ ਵਿਚਾਰ ਵੀ ਕੀਤਾ, ਪਰ ਉਹ ਦੰਦਾਂ ਦੀ ਸੰਭਾਲ ਪ੍ਰੋਗਰਾਮ ਨੂੰ ਅੱਗੇ ਵਧਾਉਣ ਲਈ ਡਟਿਆ ਰਿਹਾ।

ਜਗਮੀਤ ਸਿੰਘ ਨੇ ਵਿਦੇਸ਼ੀ ਦਖਲਅੰਦਾਜ਼ੀ ਅਤੇ ਭਾਰਤੀ ਟ੍ਰਾਂਸਨੈਸ਼ਨਲ ਦਮਨ ਵਰਗੇ ਮੁੱਦਿਆਂ 'ਤੇ ਵੀ ਸਪੱਸ਼ਟ ਰੁਖ ਅਪਣਾਇਆ। ਉਸ ਦੀ ਇਹ ਦਲੇਰੀ ਮੁੱਦਿਆਂ ਨਾਲ ਜੁੜੇ ਰਹਿਣ ਕਾਰਨ ਉਸ ਨੂੰ ਕੈਨੇਡੀਅਨਾਂ ਵਿੱਚ ਖਾਸ ਪ੍ਰਸਿੱਧੀ ਮਿਲੀ, ਪਰ ਇਸ ਨੇ ਉਸ ਦੇ ਵਿਰੋਧੀਆਂ ਦੀ ਗਿਣਤੀ ਵੀ ਵਧਾਈ।

**2025 ਦੀਆਂ ਚੋਣਾਂ ਅਤੇ ਅਸਤੀਫਾ**

2025 ਦੀਆਂ ਫੈਡਰਲ ਚੋਣਾਂ ਐਨ ਡੀ ਪੀ ਅਤੇ ਜਗਮੀਤ ਸਿੰਘ ਲਈ ਔਖੀਆਂ ਸਾਬਤ ਹੋਈਆਂ। ਪਾਰਟੀ ਦੀਆਂ ਸੀਟਾਂ 24 ਤੋਂ ਘਟ ਕੇ 7 'ਤੇ ਆ ਗਈਆਂ, ਅਤੇ ਪਾਰਟੀ ਨੂੰ ਸੰਸਦ ਵਿੱਚ ਅਧਿਕਾਰਤ ਪਾਰਟੀ ਦਾ ਦਰਜਾ ਵੀ ਗੁਆਉਣਾ ਪਿਆ। ਜਗਮੀਤ ਸਿੰਘ ਖੁਦ ਆਪਣੀ ਸੀਟ ਬਰਨਬੀ ਸੈਂਟਰਲ ਵਿੱਚ ਤੀਜੇ ਸਥਾਨ 'ਤੇ ਰਹੇ। 28 ਅਪ੍ਰੈਲ, 2025 ਨੂੰ ਬਰਨਬੀ ਦੇ ਮੈਟਰੋਟਾਊਨ ਹਿਲਟਨ ਵਿੱਚ ਆਪਣੇ ਅੰਤਿਮ ਭਾਸ਼ਣ ਵਿੱਚ, ਉਸ ਨੇ ਅੱਥਰੂਆਂ ਨਾਲ ਆਪਣੇ ਸਮਰਥਕਾਂ, ਪਰਿਵਾਰ ਅਤੇ ਪਾਰਟੀ ਦਾ ਧੰਨਵਾਦ ਕੀਤਾ ਅਤੇ ਐਲਾਨ ਕੀਤਾ ਕਿ ਉਹ ਅੰਤਰਿਮ ਆਗੂ ਚੁਣੇ ਜਾਣ ਤੱਕ ਅਹੁਦੇ 'ਤੇ ਰਹੇਗਾ।

ਆਪਣੇ ਭਾਸ਼ਣ ਵਿੱਚ, ਜਗਮੀਤ ਸਿੰਘ ਨੇ ਕਿਹਾ, "ਮੈਂ ਨਿਰਾਸ਼ ਹਾਂ ਕਿ ਅਸੀਂ ਵਧੇਰੇ ਸੀਟਾਂ ਨਹੀਂ ਜਿੱਤ ਸਕੇ, ਪਰ ਮੈਂ ਸਾਡੇ ਅੰਦੋਲਨ ਤੋਂ ਨਿਰਾਸ਼ ਨਹੀਂ ਹਾਂ। ਮੈਨੂੰ ਸਾਡੀ ਪਾਰਟੀ 'ਤੇ ਉਮੀਦ ਹੈ।" ਉਸ ਨੇ ਸਿੱਖ ਸਿਧਾਂਤ "ਚੜ੍ਹਦੀ ਕਲਾ" ਦਾ ਜ਼ਿਕਰ ਕਰਦਿਆਂ ਆਸ਼ਾਵਾਦ ਅਤੇ ਸੰਘਰਸ਼ ਦੀ ਗੱਲ ਕੀਤੀ।

**ਵਿਰਾਸਤ ਅਤੇ ਭਵਿੱਖ**

ਜਗਮੀਤ ਸਿੰਘ ਦੀ ਅਗਵਾਈ ਨੂੰ ਮਿਲੀਆਂ ਜੁਲੀਆਂ ਪ੍ਰਤੀਕਿਰਿਆਵਾਂ ਮਿਲੀਆਂ। ਕੁਝ ਆਲੋਚਕਾਂ ਦਾ ਮੰਨਣਾ ਹੈ ਕਿ ਉਸ ਦਾ ਲਿਬਰਲ ਸਰਕਾਰ ਨਾਲ ਸਮਝੌਤਾ ਕਰਨ ਦਾ ਫੈਸਲਾ 2025 ਦੀਆਂ ਚੋਣਾਂ ਵਿੱਚ ਐਨ ਡੀ ਪੀ ਦੀ ਹਾਰ ਦਾ ਕਾਰਨ ਬਣਿਆ। ਹਾਲਾਂਕਿ, ਬਹੁਤ ਸਾਰੇ ਸਮਰਥਕ, ਜਿਵੇਂ ਕਿ ਐਨ ਡੀ ਪੀ ਦੇ ਨੀਤੀਕਾਰ ਮੰਨਦੇ ਹਨ ਕਿ ਸਿੰਘ ਨੇ ਪਾਰਟੀ ਨੂੰ ਪ੍ਰਗਤੀਸ਼ੀਲ ਮੁੱਦਿਆਂ 'ਤੇ ਮਜ਼ਬੂਤੀ ਨਾਲ ਅੱਗੇ ਵਧਾਇਆ। ਉਸ ਦੀਆਂ ਪ੍ਰਾਪਤੀਆਂ, ਖਾਸ ਕਰਕੇ ਸਿਹਤ ਸੰਭਾਲ ਦੇ ਖੇਤਰ ਵਿੱਚ, ਨੂੰ ਇਤਿਹਾਸ ਵਿੱਚ ਯਾਦ ਰੱਖਿਆ ਜਾਵੇਗਾ।

ਕੈਨੇਡਾ ਦੇ ਘੱਟਗਿਣਤੀਆਂ ਵਿੱਚ ਜਗਮੀਤ ਸਿੰਘ ਨੂੰ ਇੱਕ ਅਜਿਹੇ ਆਗੂ ਵਜੋਂ ਯਾਦ ਕੀਤਾ ਜਾਵੇਗਾ, ਜਿਸ ਨੇ ਨਸਲੀ ਅਤੇ ਧਾਰਮਿਕ ਪੱਖਪਾਤ ਦੇ ਬਾਵਜੂਦ ਨਿਡਰਤਾ ਨਾਲ ਆਪਣੀ ਗੱਲ ਰੱਖੀ। ਉਸ ਦੀ ਸਿਆਸੀ ਵਿਰਾਸਤ ਨੇ ਨੌਜਵਾਨਾਂ, ਖਾਸ ਕਰਕੇ ਦੱਖਣੀ ਏਸ਼ੀਆਈ ਮੂਲ ਦੇ ਕੈਨੇਡੀਅਨਾਂ, ਲਈ ਸਿਆਸਤ ਵਿੱਚ ਹਿੱਸਾ ਲੈਣ ਦੇ ਨਵੇਂ ਰਾਹ ਖੋਲ੍ਹੇ ਹਨ।

ਜਗਮੀਤ ਸਿੰਘ ਕਨੇਡਾ ਦੇ ਇਤਿਹਾਸ 'ਚ ਪਹਿਲੇ ਸਿੱਖ ਨੇਤਾ ਸਨ, ਜੋ ਕਿਸੇ ਵੱਡੀ ਫੈਡਰਲ ਪਾਰਟੀ ਦੀ ਅਗਵਾਈ 'ਚ ਰਹੇ। ਉਹ ਓਨਟਾਰੀਓ ਵਿਚ ਵੀ ਪਹਿਲੇ ਪੱਗ ਵਾਲੇ ਸਿੱਖ ਵਿਧਾਇਕ ਰਹੇ ਹਨ।

ਜਗਮੀਤ ਸਿੰਘ ਦੀ ਅਗਵਾਈ ਹੇਠਾਂ ਐਨ.ਡੀ.ਪੀ. ਨੇ ਕਈ ਮੁੱਖ ਮਸਲਿਆਂ 'ਤੇ ਮਜ਼ਬੂਤ ਰੁਖ ਅਪਣਾਇਆ ਸੀ, ਜਿਸ ਵਿੱਚ ਮਹਿਲਾਵਾਂ ਦੇ ਹੱਕ, ਮਹਿਲਾ ਸੁਰੱਖਿਆ, ਆਬਾਦਕਾਰੀ, ਮਹਿਲਾ-ਸਿਹਤ, ਬੱਚਿਆਂ ਦੀ ਦੇਖਭਾਲ, ਆਦਿ ਸ਼ਾਮਲ ਹਨ।

ਉਨ੍ਹਾਂ ਨੇ ਆਪਣੀ ਸਪੀਚ ਦੌਰਾਨ ਕਿਹਾ, "ਐਨ.ਡੀ.ਪੀ. ਕੌਕਸ ਨੇ ਮੇਰੀ ਅਗਵਾਈ ਹੇਠ ਬਹੁਤ ਉੱਤਮ ਕੰਮ ਕੀਤੇ ਹਨ। ਕੋਈ ਵੀ ਚੋਣ ਨਤੀਜਾ ਇਹ ਨਹੀਂ ਮਿਟਾ ਸਕਦਾ।"

ਜਗਮੀਤ ਸਿੰਘ ਨੇ ਆਪਣੇ ਬਿਆਨ ਵਿਚ ਇਹ ਵੀ ਕਿਹਾ ਕਿ "ਅਸੀਂ ਸਾਰੇ ਟੀਮ ਕਨੇਡਾ ਦੇ ਹਿੱਸਾ ਹਾਂ।"

ਹੁਣ ਸਵਾਲ ਇਹ ਹੈ ਕਿ ਐਨ.ਡੀ.ਪੀ. ਪਾਰਟੀ ਦਾ ਅਗਲਾ ਨੇਤਾ ਕੌਣ ਹੋਵੇਗਾ। ਜਦੋਂ ਕਿ ਜਗਮੀਤ ਸਿੰਘ ਨੇ ਅਜੇ ਤੱਕ ਇਸ ਬਾਰੇ ਕੁਝ ਨਹੀਂ ਕਿਹਾ, ਪਰ ਪਾਰਟੀ ਵਿਚ ਅੰਦਰੂਨੀ ਚਰਚਾ ਤੇ ਨਵੇਂ ਆਗੂ ਲਈ ਰਸਾਕਸੀ ਜ਼ਰੂਰ ਹੋਵੇਗੀ।

Liberal

# THANK YOU!

GRATEFUL TO THE PEOPLE OF SURREY CENTRE FOR YOUR CONTINUED TRUST AND SUPPORT. HONOURED TO DELIVER FOR YOU AGAIN.



# RANDEEP SARAI

AUTHORIZED BY THE OFFICIAL AGENT OF RANDEEP SARAI

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Christine Dear**
christine@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Erin McNab**
erin@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

## 6878 King Gorge Blvd. Surrey

# ਸਿੱਖ ਵਿਰਾਸਤ ਮਹੀਨੇ ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ

## FIX'N GO auto service

Specialized European Cars

» Maintenance » Oil Change » Service & Repair

» Tire Service » AC/Heating » Transmission Repair

ਸਾਡੇ ਪਾਸ ਤਜ਼ਰਬੇਕਾਰ ਮਕੈਨਿਕ ਹਨ, ਗੱਡੀਆਂ ਦੀ ਤਸੱਲੀਬਖਸ਼ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ




## JAS SANDHU

# 604-825-4545
# 604-598-9111

**107-13302 76 AVE, SURREY**

ਸਾਡੀ ਦੂਜੀ ਲੋਕੇਸ਼ਨ **205-13395-76 Ave Surrey**



SABZI MANDI SUPERMARKET
Serving our Community since 2003
VICTORIA LOCATION
Opening To Serve You Soon!
HOT PRICE
FRESH GINGER
ਅੰਦਰਕ
1.49 /lb
HOT PRICE
FRESH CILANTRO
ਧਨੀਆਂ
Bunch
2 for 99¢
HOT PRICE
#1 YELLOW ONIONS
#1 ਪੀਲੇ ਗੰਢੇ
LIMIT 2, 50lb
9.99 ea
HOT PRICE
JUMBO CAULIFLOWER
ਗੋਭੀ
2.69 ea
ROSHNI BASMATI RICE
ਰੋਸ਼ਨੀ ਬਾਸਮਤੀ ਚਾਵਲ
8lb
8.99 ea
UNBEATABLE DEAL
PUNJABI BY NATURE ATTA COOKIES
ਪੰਜਾਬੀ ਬਾਈ ਨੇਚਰ ਆਟਾ ਕੁਕੀਆਂ
5lb
9.99 ea
FRESH TOMATOES
ਟਮਾਟਰ
99¢ /lb
ROYAL 6-COMPARTMENT PARTY TRAYS
ਰੋਯਲ ਪਾਰਟੀ ਪਲੇਟ
40 pack
7.99 ea
JUMBO CARROTS
ਵੱਡੀਆਂ ਗਾਜਰਾਂ
69¢ /lb
PUNJABI BY NATURE SOYA CHAAP
ਪੰਜਾਬੀ ਬਾਈ ਨੇਚਰ ਸੋਯਾ ਚਾਪ
850g
3.99 ea
CASE LOT SALE
FRESH GINGER
ਅੰਦਰਕ
30lb Case
$40 ea
JUMBO CARROT
ਗਾਜਰਾਂ
22lb Case
$14 ea
FRESH CILANTRO
ਧਨੀਆਂ
60 bunches, Case
$25 ea
PEELED GARLIC
ਲਸਣ
5lb Jar
11.99 ea
ALMOND OIL
ਬਦਾਮ ਤੇਲ
1L
11.99 ea
PUNJABI BY NATURE SUJI RUSK
ਪੰਜਾਬੀ ਬਾਈ ਨੇਚਰ ਸੂਜੀ ਰੱਸਕ
600g
3.99 ea
ROSHNI TAMARIND
ਰੋਸ਼ਨੀ ਇਮਲੀ
400g
2 for $5
AASHIRWAAD MULTIGRAIN FLOUR
ਆਸ਼ਿਰਵਾਦ ਮੌਲਟੀਗਰੇਨ ਆਟਾ
10lb
9.99 ea
INDIAN EGGPLANT
ਦੇਸੀ ਵਤਾਊਂ
1.39 /lb
RED LABEL TEA
ਰੈਡ ਲੇਬਲ ਚਾਹ
1.8kg
22.99 ea
RUSSET POTATOES
ਆਲੂ
10lb
3.99 ea
FRESH BROCCOLI
ਬਰੋਕੋਲੀ
1.29 /lb
INDIAN RED CARROTS
ਦੇਸੀ ਲਾਲ ਗਾਜਰਾਂ
1.99 /lb
FRESH ZUCCHINI
ਤੋਰੀ
79¢ /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. May 02, 2025 - Wed. May 07, 2025
MasterCard VISA American Express Interac
American Express accepted at three locations.
SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
You can also visit us online at www.sabzimandicanada.com
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
Prices in effect at the above listed store locations only.